ਸਿਰਜਣਾ



ਨਿਗਰਾਨ
ਰਘਬੀਰ ਸਿੰਘ

ਅਕਤੂਬਰ-ਦਸੰਬਰ 1968

ਮੁਲ
ਡੇਢ ਰੁਪਈਆ

ਸਿ ਰ ਜ ਣਾ

[ਸਾਹਿੱਤਕ ਤ੍ਰੈਮਾਸਕ]

ਜਲੰਧਰ

ਜਿਲਦ 4

ਅੰਕ 3,4

ਚੰਦਾ ਦੇਸ ਪੰਜ ਰੁਪਏ

ਪ੍ਰਦੇਸ : ਦਸ ਸ਼ਲਿੰਗ

ਨਿਗਰਾਨ : ਰਘਬੀਰ ਸਿਘ

ਇਕ ਕਾਪੀ : ਡੇਢ ਰੁਪਈਆ

SIRJANA is approved by DPI Punjab for all Schools Colleges and Social Education Centres vide his letter No 2/6 — 66B (EP) dated 26.9.1966

ਅਕਤੂਬਰ — ਦਸੰਬਰ 1968

ਇਸ ਅੰਕ ਵਿਚ

ਮੁਖ ਚਿੱਤਰ : ਹਮਦਮ

ਕ੍ਰਾਂਤੀਸ਼ੀਲ ਆਧੁਨਿਕਤਾ

ਪੰਜਾਬੀ ਸਾਹਿਤ ਵਿਚ, ਭਾਰਤ ਦੀਆਂ ਦੂਸਰੀਆਂ ਭਾਸ਼ਾਵਾਂ ਦੇ ਸਾਹਿਤ ਵਾਂਗ, ਪ੍ਰਗਤਿ-ਵਾਦੀ ਧਾਰਾ ਦਾ ਉਥਾਨ ਰਾਸ਼ਟਰੀ ਮੁਕਤੀ ਸੰਗਰਾਮ ਦੌਰਾਨ ਹੋਇਆ ਸੀ। ਉਸ ਸਮੇਂ ਪ੍ਰਚੰਡ ਰਾਜਨੀਤਕ, ਸਮਾਜਿਕ ਸੰਘਰਸ਼ ਦਾ ਇਕੋ ਹੀ ਨਿਸ਼ਾਨਾ ਸੀ ਰਾਸ਼ਟਰੀ ਸੁਤੰਤਰਤਾ ਦੀ ਪ੍ਰਾਪਤੀ। ਅਤੇ ਇਸ ਉਦੇਸ਼ ਵਿਚ ਦੇਸ਼ ਦੇ ਸਾਰੇ ਹੀ ਵਰਗ, ਸਮੇਤ ਰਾਸ਼ਟਰੀ ਪੂੰਜੀਪਤੀ ਵਰਗ ਦੇ ਇਕ ਸਨ। ਸਗੋਂ ਸੱਚ ਤਾਂ ਇਹ ਹੈ ਕਿ ਇਸ ਉਦੇਸ਼ ਲਈ ਹੋ ਰਹੇ ਸੰਘਰਸ਼ ਵਿਚ ਰਾਸ਼ਟਰੀ ਪੂੰਜੀਪਤੀ ਵਰਗ ਦੇ ਹੱਥ ਕਮਾਨ ਸੀ। ਦੇਸ਼ ਦੀ ਵਸੋਂ ਦੇ ਸਾਰੇ ਹੀ ਵਰਗ ਕਿਉਂਜੁ ਇਕੋ ਹੀ ਵਿਰੋਧੀ ਬਦੇਸ਼ੀ ਸਾਮਰਾਜੀ ਸ਼ਾਸਕ ਵਿਰੁਧ ਸੰਗਰਾਮਸ਼ੀਲ ਸਨ, ਇਸ ਲਈ ਵਰਗ ਸੰਘਰਸ਼ ਦੀ ਚੇਤਨਾ ਇਤਨੀ ਪ੍ਰਚੰਡ ਨਹੀਂ ਸੀ। ਤਦ ਵੀ ਸੋਵੀਅਤ ਕ੍ਰਾਂਤੀ ਅਤੇ ਮਾਰਕਸਵਾਦ ਦੇ ਵਿਚਾਰਾਂ ਦੇ ਪ੍ਰਭਾਵ ਸਦਕਾ ਕਿਰਤੀ ਵਰਗ ਨਾਲ ਸਹਾਨੁਭੂਤੀ ਅਤੇ ਨੰਗੇ ਚਿੱਟੇ ਹੋ ਕੇ ਸ਼ੋਸ਼ਨ ਕਰਨ ਵਾਲਿਆਂ ਅਤੇ ਪ੍ਰਤਿ-ਗਾਮੀਆਂ ਪ੍ਰਤੀ ਘਿਰਣਾ ਦਾ ਸੁਰ ਵੀ ਉੱਚਾ ਹੁੰਦਾ ਰਹਿੰਦਾ ਸੀ। ਮਾਰਕਸਵਾਦੀ ਵਿਚਾਰਾਂ ਤੋਂ ਉਪ੍ਰੰਤ ਵੀ ਸੁਧਾਰਕ—ਰਾਜਨੀਤਕ ਲਹਿਰਾਂ ਵਿਚ ਸਮੁੱਚੀ ਵਸੋਂ ਨੂੰ ਇਕ ਮੁੱਠ ਕਰਨ ਦੇ ਮੰਤਵ ਨਾਲ ਕਿਰਤੀ ਵਰਗ ਪ੍ਰਤੀ ਹਮਦਰਦੀ ਦੀ ਭਾਵਨਾ ਅਪਣਾ ਪ੍ਰਗਟਾਅ ਕਰਦੀ ਸੀ। ਸਵਾਏ ਕੁਝ ਕੁ ਵਿਅਕਤੀਆਂ ਦੇ, ਜਿਨ੍ਹਾਂ ਚੇਤੰਨ ਭਾਂਤ ਮਾਰਕਸਵਾਦ ਦੇ ਕ੍ਰਾਂਤੀਸ਼ੀਲ ਸੰਕਲਪ ਨੂੰ ਅਪਨਾਉਣ ਦਾ ਯਤਨ ਕੀਤਾ, ਬਹੁਤ ਸਾਰੇ ਪ੍ਰਗਤਿਵਾਦੀ ਲੇਖਕ, ਵਿਸ਼ੇਸ਼ ਕਰਕੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਉਹ ਸਨ ਜਿਨ੍ਹਾਂ ਵਿਚ ਸੁਹਿਰਦਤਾ ਸੀ ਅਤੇ ਕਿਰਤੀਆਂ ਪ੍ਰਤੀ ਭਾਵੁਕ ਜਿਹੀ ਹਮਦਰਦੀ ਵੀ। ਪਰ ਉਨ੍ਹਾਂ ਸਭਨਾਂ ਦਾ ਦਾਰਸ਼ਨਿਕ ਆਧਾਰ ਦਵੰਦਾਤਮਕ ਪਦਾਰਥਵਾਦ ਨਾ ਹੋ ਕੇ ਉਸੇ ਭਾਂਤ ਦਾ ਆਦਰਸ਼ਵਾਦ ਸੀ ਜਿਸ ਭਾਂਤ ਦਾ ਭਾਈ ਵੀਰ ਸਿੰਘ ਅਤੇ ਸਮਾਜ—ਸੁਧਾਰਕ ਲਹਿਰਾਂ ਦੇ ਪ੍ਰਭਾਵ ਅਧੀਨ ਰਚਨਾ ਕਰਨ ਵਾਲੇ ਹੋਰ ਲੇਖਕਾਂ ਦਾ।

ਸੁਤੰਤਰਤਾ ਪ੍ਰਾਪਤੀ ਉਪਰੰਤ, ਜਦੋਂ ਬਦੇਸ਼ੀ ਸ਼ਾਸਕ ਤੁਰਦਾ ਬਣਿਆ ਅਤੇ ਰਾਜਸੱਤਾ ਪੂੰਜੀਵਾਦੀ ਵਰਗ ਪਾਸ ਆ ਗਈ ਤਾਂ ਸੁਭਾਵਕ ਹੀ ਇਸ ਵਰਗ ਦੀ ਸਰਦਾਰੀ ਅਧੀਨ ਦੇਸ਼ ਨੇ ਪੂੰਜੀਵਾਦੀ ਲੀਹਾਂ ਉੱਪਰ ਵਿਕਾਸ ਅਰੰਭਿਆ। ਇਸ ਵਿਕਾਸ ਵਿਚ ਸਾਮੰਤਸ਼ਾਹੀ ਪ੍ਰਬੰਧ, ਜੋ ਬਦੇਸ਼ੀ

ਸ਼ਾਸਕਾਂ ਦੁਆਰਾ ਕਾਇਮ ਰੱਖਿਆ ਗਿਆ ਸੀ, ਬਾਧਕ ਬਣਦਾ ਸੀ। ਇਸ ਲਈ ਇਸ ਵਰਗ ਨੂੰ ਵੀ ਪੂੰਜੀਪਤੀ ਵਰਗ ਨੇ, ਆਪਣੇ ਜਿਹਾ ਬਣਾ ਕੇ, ਸਮਝੌਤੇ ਜਿਹੇ ਦੇ ਰੂਪ ਵਿਚ ਆਪਣੇ ਨਾਲ ਮਿਲਾ ਲਿਆ। ਇਸ ਰੂਪ ਵਿਚ ਪੂੰਜੀਪਤੀ ਵਰਗ ਦਾ ਸਾਡੇ ਦੇਸ਼ ਉੱਪਰ ਵਰਗ ਰਾਜ ਚਲਦਾ ਆ ਰਿਹਾ ਹੈ। ਆਪਣੇ ਵਿਕਾਸ ਦੀ ਖਾਤਰ ਅਧਿਕਾਰੀ ਵਰਗ ਦੇਸ਼ ਵਿਚ ਪੂੰਜੀਵਾਦ ਉਸਾਰਨ ਦੇ ਯਤਨਾਂ ਵਿਚ ਹੈ। ਬਹੁ ਪੱਖੀ ਆਰਥਕ ਵਿਕਾਸ ਦੀਆਂ ਯੋਜਨਾਵਾਂ, ਉਦਯੋਗਿਕ ਪਸਾਰ ਲਈ ਕੀਤੇ ਜਾ ਰਹੇ ਯਤਨ ਅਤੇ ਖੇਤੀ ਬਾੜੀ ਵਿਚ ਮਸ਼ੀਨੀਕਰਨ ਦਾ ਪ੍ਰਯੋਗ—ਇਸ ਪੂੰਜੀਵਾਦੀ ਪ੍ਰਗਤੀ ਦੇ ਸੂਚਕ ਹਨ।

ਇਹਨਾਂ ਬਦਲੀਆਂ ਪ੍ਰਸਥਿਤੀਆਂ ਵਿਚ ਸਾਹਿਤ ਦਾ ਸਰੂਪ ਵੀ ਉਹ ਕੁਝ ਨਹੀਂ ਰਹਿ ਸਕਦਾ ਜੋ ਕੁਝ ਪਹਿਲਾਂ ਸੀ। ਇਕ ਤਾਂ ਵੱਖ ਵੱਖ ਵਰਗਾਂ ਦਾ ਕਰਤੱਵ ਵੱਖਰਾ ਵੱਖਰਾ ਹੋ ਗਿਆ ਹੈ, ਦੂਸਰੇ ਪੂੰਜੀਵਾਦੀ ਪ੍ਰਬੰਧ ਦੇ ਵਿਕਾਸ ਅਥਵਾ ਮਸ਼ੀਨੀਕਰਨ ਦੇ ਵਿਸਤਾਰ ਨੇ ਮਨੁੱਖੀ ਰਿਸ਼ਤਿਆਂ ਨੂੰ ਵੀ ਬਦਲ ਦਿਤਾ ਹੈ। ਉਨ੍ਹਾਂ ਵਿਚ ਪਹਿਲਾਂ ਵਰਗੀ ਸਰਲਤਾ ਨਹੀਂ ਰਹੀ, ਜਟਿਲਤਾ ਆ ਗਈ ਹੈ। ਜਦੋਂ ਪੂੰਜੀਵਾਦੀ ਵਰਗ ਆਪਣੇ ਆਪ ਨੂੰ ਸਥਾਪਤ ਕਰਨ ਦੇ ਯਤਨਾਂ ਵਿਚ ਹੈ ਤਾਂ ਸੁਭਾਵਕ ਹੀ ਉਹ ਵਰਗ ਜਿਸ ਨੂੰ ਪੂੰਜੀਵਾਦੀ ਵਰਗ, ਮਾਰਕਸ ਦੇ ਸ਼ਬਦਾਂ ਵਿਚ, ਆਪਣੀ ਕਬਰ ਖੋਦਣ ਲਈ ਆਪਣੇ ਨਾਲ ਹੀ ਉਤਪੰਨ ਕਰਦਾ ਹੈ, ਕਰਮਸ਼ੀਲ ਹੋ ਰਿਹਾ ਹੈ। ਪੂੰਜੀਵਾਦੀ ਪ੍ਰਬੰਧ ਦਾ ਵਿਕਾਸ ਆਪਣੇ ਵਿਚ ਨਿਹਿਤ ਸੰਘਰਸ਼ ਨੂੰ ਅਵਸ਼ ਹੀ ਸਾਹਮਣੇ ਲਿਆਉਂਦਾ ਹੈ। ਅਤੇ ਇਸ ਸੰਘਰਸ਼ ਦਾ, ਇਸਦੇ ਸਾਰੇ ਰੂਪਾਂ ਸਹਿਤ, ਪ੍ਰਗਤਿਸ਼ੀਲ ਸਾਹਿਤਕਾਰਾਂ ਦੀ ਰਚਨਾ ਵਿਚ ਪ੍ਰਗਟ ਹੋਣਾ ਸੁਭਾਵਕ ਹੈ। ਇਸ ਲਈ ਉਸ ਪ੍ਰਕਾਰ ਦੇ ਵਰਗ ਸਮਝੌਤੇ ਦੀ ਅੱਜ ਦੇ ਸਾਹਿਤ ਵਿਚ ਗੁੰਜਾਇਸ਼ ਨਹੀਂ ਜੋ ਸੁਧਾਰਵਾਦੀ, ਅਤੇ ਆਦਰਸ਼ਵਾਦੀ ਭਾਂਤ ਦੇ ਪ੍ਰਗਤਿਵਾਦੀ ਸਾਹਿਤ ਵਿਚ ਵੀ, ਆਪਣਾ ਪ੍ਰਗਟਾਅ ਕਰਦਾ ਰਿਹਾ ਹੈ। ਇਸੇ ਤਰ੍ਹਾਂ ਹੀ ਮਸ਼ੀਨੀਕਰਨ ਦੇ ਪ੍ਰਭਾਵ ਸਦਕਾ ਨਵੇਂ ਸਮਾਜਿਕ ਰਿਸ਼ਤਿਆਂ ਦਾ ਉਥਾਨ ਵੀ ਇਹ ਮੰਗ ਕਰਦਾ ਹੈ ਕਿ ਵਿਅਕਤੀ ਨੂੰ ਸਤਈ ਜਿਹੇ ਰੂਪ ਵਿਚ ਹੀ ਨਾ ਚਿਤਰਿਆ ਜਾਵੇ, ਉਸ ਦੇ ਅੰਤਰਮੁੱਖੀ ਅਤੇ ਬਾਹਰ ਮੁੱਖੀ ਦੋਹਰੇ ਸਫ਼ਰ ਨੂੰ ਧਿਆਨ ਗੋਚਰੇ ਰੱਖਿਆ ਜਾਵੇ। ਇਸ ਦ੍ਰਿਸ਼ਟੀ ਅਨੁਸਾਰ ਇਹ ਬਿਨਾ ਸੰਕੋਚ ਕਿਹਾ ਜਾ ਸਕਦਾ ਹੈ ਕਿ ਸ਼ਬਦ ਦੇ ਪੁਰਾਣੇ ਅਰਥਾਂ ਵਿਚ ਪ੍ਰਗਤਿਵਾਦੀ ਧਾਰਾ ਦੀ ਕੋਈ ਆਵਸ਼ਕਤਾ ਨਹੀਂ। ਅਜੋਕੇ ਪ੍ਰਗਤਿਵਾਦੀ ਸਾਹਿਤਕਾਰ ਨੂੰ ਆਪਣੇ ਉਪਰੋਂ ਆਦਰਸ਼ਵਾਦੀ ਦਾਰਸ਼ਨਿਕ ਆਧਾਰ ਦੇ ਪ੍ਰਭਾਵ ਦੀ ਕੁੰਜ ਉਤਾਰਨੀ ਹੋਵੇਗੀ, ਦੇਸ਼ ਦੇ ਵਿਕਾਸ ਕਰ ਰਹੇ ਪੂੰਜੀਵਾਦੀ ਪ੍ਰਬੰਧ ਦੇ ਯਥਾਰਥ ਦਾ ਹਾਣੀ ਬਣਨਾ ਪਏਗਾ ਅਤੇ ਇਹ ਹਾਣ "ਬੌਧਕ ਕ੍ਰਾਂਤੀਸ਼ੀਲਤਾ" ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਕਥਿਤ ਆਧੁਨਿਕਤਾਵਾਦ ਦੇ ਅਨੁਆਈਂ ਪ੍ਰਗਤਿਵਾਦੀ ਧਾਰਾ ਵਿਚ ਵਿਦਮਾਨ ਉਨ੍ਹਾਂ ਤਰੁਟੀਆਂ ਵੱਲ ਸੰਕੇਤ ਕਰਕੇ, ਜਿਨ੍ਹਾਂ ਅਨੁਸਾਰ ਪ੍ਰਾਪਤ ਸਥਿਤੀ ਨੂੰ ਜੜ੍ਹ ਰੂਪ ਵਿਚ ਵੇਖਣ ਅਤੇ ਉਸ ਅਨੁਸਾਰ ਨੁਸਖਾਵਾਦੀ ਰਚਨਾ ਕਰਨ ਦੀ ਰੁਚੀ ਵਿਆਪਕ ਹੋ ਗਈ ਸੀ, ਵਾਸਤਵ ਵਿਚ, ਪ੍ਰਤਿਗਾਮੀ ਧਾਰਨਾਵਾਂ ਨੂੰ ਸਥਾਪਤ ਕਰਨ ਦਾ ਯਤਨ ਕਰਦੇ ਹਨ। ਸਵਾਲਾਂ ਦਾ ਸਵਾਲ ਇਹ ਨਹੀਂ ਕਿ ਆਧੁਨਿਕਤਾ ਦੇ ਪੱਖ ਵਿਚ ਖਲੋਣਾ ਹੈ ਜਾਂ ਵਿਰੋਧ ਵਿਚ। ਸਵਾਲ ਇਹ ਹੈ ਕਿ ਕਿਸ ਪ੍ਰਕਾਰ ਦੀ ਆਧੁਨਿਕਤਾ ਗ੍ਰਹਿਣ ਕਰਨ ਯੋਗ ਹੈ ਤੇ ਕਿਸ ਪ੍ਰਕਾਰ ਦੀ ਆਧੁਨਿਕਤਾ ਦਾ ਤਿਆਗ

ਕਰਨਾ ਹੈ । ਕਿਉਂਕਿ ਕੋਈ ਵੀ ਵਾਸਤਵਿਕ ਪ੍ਰਗਤਿਵਾਦੀ ਸਾਹਿਤਕਾਰ ਆਧੁਨਿਕਤਾ ਦਾ ਵਿਰੋਧੀ ਨਹੀਂ ਹੋ ਸਕਦਾ। ਇਹ ਦੁਰਭਾਗ ਦੀ ਗੱਲ ਹੈ ਕਿ ਪ੍ਰਗਤਿਵਾਦ ਦੇ ਨਾਮਲੇਵਾ ਕੁਝ ਅਜਿਹੇ ਸਾਹਿਤਕਾਰ ਵੀ ਹਨ ਜਿਨ੍ਹਾਂ ਅਜੇ ਤਕ ਅਬੋਧਕ ਬਿਰਤੀ ਦਾ ਤਿਆਗ ਨਹੀਂ ਕੀਤਾ ਅਤੇ ਸਮਾਜਿਕ ਪ੍ਰਤੀਵਰਤਣ ਨੂੰ ਵਿਕਾਸਸ਼ੀਲ ਰੂਪ ਵਿਚ ਦੇਖਕੇ ਉਹ ਕ੍ਰਾਂਤੀਕਾਰੀ ਦ੍ਰਿਸ਼ਟੀ ਅਪਣਾਉਣ ਤੋਂ ਅਸਮਰੱਥ ਰਹਿੰਦੇ ਹਨ ।

ਐਪਰ, ਜਿਸ ਪ੍ਰਕਾਰ ਦੀ ਆਧੁਨਿਕਤਾ ਦਾ ਨਾਅਰਾ ਪ੍ਰਯੋਗਸ਼ੀਲ ਧਾਰਾ ਦੇ ਸਾਬਕ ਪ੍ਰਵਕਤਿਆਂ ਵਲੋਂ ਅਤੇ ਉਨ੍ਹਾਂ ਦੇ ਨੇੜਲੇ ਕੁਝ ਹੋਰ ਗਰੋਹਾਂ ਵਲੋਂ ਪਿਟਿਆ ਜਾ ਰਿਹਾ ਹੈ, ਉਹ ਕਦਾਚਿਤ ਪ੍ਰਵਾਨ ਕਰਨ ਯੋਗ ਨਹੀਂ । ਸਗੋਂ ਅਜਿਹੀ ਆਧੁਨਿਕਤਾ ਦਾ ਤੀਖਣ ਰੂਪ ਵਿਚ ਖੰਡਨ ਕਰਨਾ ਅਵਸ਼ਕ ਹੈ। ਪੱਛਮ ਦੇ ਨਿਘਾਰ ਗ੍ਰਸਤ ਪੂੰਜੀਵਾਦੀ ਪ੍ਰਬੰਧ ਵਿਚੋਂ ਉਤਪੰਨ ਵਿਕਰਤੀਆਂ ਦੀ—ਭਾਵੇਂ ਉਹ ਬੀਟਨਕ ਵਿਵਹਾਰ ਹੋਵੇ, ਪੋਪ ਸੰਗੀਤ, ਅਮੂਰਤ ਚਿੱਤਰਕਲਾ ਜਾਂ ਨਾਕਾਰਾਤਮਕ ਸਾਹਿਤ-ਅੰਨ੍ਹੇਵਾਹ ਨਕਲ ਆਧੁਨਿਕਤਾ ਅਖਵਾਉਣ ਦੀ ਅਧਿਕਾਰੀ ਨਹੀਂ । ਅਤੇ ਐਨ ਇਹੀ ਕੁਝ ਹੈ ਜੋ ਪੰਜਾਬੀ ਸਾਹਿੱਤਕ ਖੇਤਰ ਦੇ ਆਧੁਨਿਕਤਾਵਾਦੀ ਕਰਦੇ ਹਨ। ਉਹ ਵਿਕਰਤ ਸਮਾਜਿਕ ਰਿਸ਼ਤਿਆਂ ਦਾ ਪਰਚਾਰ ਕਰਦੇ ਹਨ, ਲਿੰਗ ਉਲਾਰ ਤੇ ਅਜਿਹੀਆਂ ਹੋਰ ਕਈ ਅਸਵਸਥ ਰੁਚੀਆਂ ਦਾ ਪ੍ਰਤਪਾਦਨ ਕਰਦੇ ਹਨ । ਇਕ ਬੰਨੇ ਉਹ ਸਮੂਹਕ ਭਾਵਨਾਵਾਂ ਦੇ ਵਿਰੋਧ ਵਿਚ ਵਿਅਕਤੀ ਨੂੰ ਖੜਾ ਕਰਦੇ ਹਨ, ਦੂਸਰੇ ਬੰਨੇ ਵਿਅਕਤੀ ਨੂੰ ਹੀਣ ਰੂਪ ਵਿਚ ਪ੍ਰਸਤੁਤ ਕਰਦੇ ਹਨ । ਸਾਧਾਰਨ ਮਿਹਨਤਕਸ਼ ਲੋਕਾਂ ਦੇ ਸਮੂਹ ਨੂੰ ਉਨ੍ਹਾਂ ਵਲੋਂ ਭੀੜ ਕਹਿਕੇ ਤ੍ਰਿਸਕਾਰਿਆ ਜਾਂਦਾ ਹੈ, ਅਤੇ ਜਿਸ ਨੂੰ ਉਹ 'ਵਿਅਕਤੀ' ਆਖਦੇ ਹਨ ਉਹ ਵਿਸ਼ੇਸ਼ ਹਿੱਤਾਂ ਵਾਲੇ ਵਰਗ ਦੇ ਮਨੁੱਖਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਸ਼ੋਸ਼ਕ ਹੁੰਦਾ ਹੈ । ਉਨ੍ਹਾਂ ਦੁਆਰਾ ਵਿਅਕਤੀ ਦੇ ਅਸਤਿਤਵ ਦੀ ਸੁਰੱਖਿਆ ਦਾ ਨਾਅਰਾ ਬੁਲੰਦ ਕੀਤਾ ਜਾਂਦਾ ਹੈ ਪਰ ਅਸਤਿਤਵ ਦੀ ਇਹ ਸੁਰੱਖਿਆ ਉਹ ਹਰ ਪ੍ਰਕਾਰ ਦੇ ਸਵਸਥ ਨਿਯੰਤਰਨ ਦੀ ਅਣਹੋਂਦ ਵਿਚ ਹੀ ਸੰਭਵ ਸਮਝਦੇ ਹਨ। ਰੂਪਕ ਪੱਖ ਵਿਚ ਸਾਹਿਤ ਦੇ ਸਨਾਤਨੀ ਰੂਪਾਂ ਦੇ ਤਿਆਗ ਦੇ ਨਾਉਂ ਉੱਪਰ ਅਕਵਿਤਾ, ਵਿਕਥਾ ਅਤੇ ਊਲਜਲੂਲ ਦੀਆਂ ਰਚਨਾਵਾਂ ਦਾ ਉਹਨਾਂ ਵਲੋਂ ਆਧੁਨਿਕਤਾ ਦਾ ਨਾਉਂ ਦੇਕੇ ਪ੍ਰਸਾਰ ਕੀਤਾ ਜਾਂਦਾ ਹੈ । ਪ੍ਰਯੋਗਵਾਦ ਦੇ ਸਾਬਕ ਪ੍ਰਵਕਤਿਆਂ ਦੀਆਂ ਲਿਖਤਾਂ ਵਿਚੋਂ ਤਾਂ ਉਪਰਲੀ ਭਾਂਤ ਦੀ ਆਧੁਨਿਕਤਾ ਦੇ ਦਰਸ਼ਣ ਹੁੰਦੇ ਹੀ ਹਨ, ਪ੍ਰਯੋਗਵਾਦ ਦੇ ਸਹਾਇਕ ਗੁੱਟਾਂ ਦੇ ਕੁਝ ਅਬੋਧਕ ਵਿਅਕਤੀ (ਜਿਨ੍ਹਾਂ ਵਿਚ ਦਿੱਲੀ ਦਾ ਹਰਨਾਮ ਤੇ ਇਸ ਢਾਣੀ ਦੇ ਹੋਰ ਛੋਟੇ ਮੋਟੇ ਲੇਖਕ ਅਤੇ ਜਗਤਾਰ ਦੇ ਨਵੇਂ ਸ਼ਿਸ਼ ਵਧੇਰੇ ਉਘੜਵੇਂ ਹਨ) ਤਾਂ ਇਸ ਤੋਂ ਵੀ ਅਗਾਂਹ ਉਲਾਂਘ ਭਰਦੇ ਹਨ ।

ਇਸ ਪਰਕਾਰ ਦੀ ਆਧੁਨਿਕਤਾ ਆਪਣੇ ਤੱਤ ਵਜੋਂ ਪ੍ਰਤਿਗਾਮੀ ਹੈ। ਸਵਸਥ ਰੁਚੀਆਂ ਵਾਲਾ ਕੋਈ ਵੀ ਸਾਹਿਤਕਾਰ ਇਸਨੂੰ ਪਰਵਾਨ ਨਹੀਂ ਕਰ ਸਕਦਾ । ਅਜਿਹੀ ਆਧੁਨਿਕਤਾ ਨੂੰ ਉਨ੍ਹਾਂ ਪਛਮੀ ਦੇਸ਼ਾਂ ਵਿਚ ਵੀ ਪ੍ਰਵਾਨਗੀ ਨਹੀਂ ਮਿਲ ਰਹੀ ਜਿਥੋਂ ਇਹ ਉਤਪੰਨ ਹੁੰਦੀ ਹੈ । ਸਾਡੇ ਦੇਸ਼ ਵਿਚ, ਜਿਥੋਂ ਦਾ ਇਹ ਉਕਾ ਹੀ ਯਥਾਰਥ ਨਹੀਂ, ਇਹ ਪਰਵਾਨ ਚੜ੍ਹੇਗੀ ਇਹ ਕਲਪਣਾ ਕਰਨੀ ਵੀ ਫਜ਼ੂਲ ਹੈ ।

ਅਸੀਂ ਆਧੁਨਿਕਤਾ ਦੇ ਸਮਰਥਕ ਹਾਂ ਪਰ ਉਸ ਆਧੁਨਿਕਤਾ ਦੇ ਜੋ ਕ੍ਰਾਂਤੀਸ਼ੀਲ ਹੈ, ਉਸ

ਆਧੁਨਿਕਤਾ ਦੇ ਨਹੀਂ ਜੋ ਪ੍ਰਤਿਗਾਮੀ ਹੈ । ਕ੍ਰਾਂਤੀਸ਼ੀਲ ਆਧੁਨਿਕਤਾ ਦੇਸ਼ ਵਿਚ ਉਸਰ ਰਹੇ ਪੂੰਜੀ-ਵਾਦੀ ਪ੍ਰਬੰਧ ਦੇ ਯਥਾਰਥ ਨੂੰ ਗ੍ਰਹਿਣ ਕਰਦੀ ਹੈ । ਜੋ ਨਵਾਂ ਅਰਥਚਾਰਾ ਉਸਰ ਰਿਹਾ ਹੈ ਅਤੇ ਇਸਦੇ ਸਿੱਟੇ ਵਜੋਂ ਜੋ ਨਵੇਂ ਸਮਾਜਿਕ ਸੰਬੰਧ ਉਤਪੰਨ ਹੋ ਰਹੇ ਹਨ, ਵਿਅਕਤੀਗਤ ਤੇ ਸਮੂਹਕ ਜੀਵਨ ਵਿਚ ਜੋ ਜਟਿਲਤਾ ਆ ਰਹੀ ਹੈ—ਇਸ ਸਭ ਦਾ ਉਲੇਖ ਇਸ ਕ੍ਰਾਂਤੀਸ਼ੀਲ ਆਧੁਨਿਕਤਾ ਵਿਚ ਹੁੰਦਾ ਹੈ । ਅਤੇ ਸਭ ਤੋਂ ਵੱਧ ਇਹ ਪ੍ਰਾਪਤ ਯਥਾਰਥ ਦਾ ਵਿਗਿਆਨਕ ਦ੍ਰਿਸ਼ਟੀ ਤੋਂ ਵਿਸ਼-ਲੇਸ਼ਣ ਕਰਕੇ ਉਭਰ ਰਹੇ ਵਰਗਾਂ ਤੇ ਵਿਚਾਰਾਂ ਦਾ ਪ੍ਰਤਪਾਲਣ ਕਰਦੀ ਹੈ । ਹਾਰੇ ਹੋਏ, ਰੋਗੀ ਰੋਂਦੇ ਅਤੇ ਵਿਕਰਤੀਆਂ ਦੇ ਸ਼ਿਕਾਰ ਮਨੁੱਖ ਸਾਡੇ ਜੀਵਨ ਦੇ ਨਾਇਕ ਨਹੀਂ । ਯਥਾਰਥ ਵਿਚ ਵਿਚਰਦੇ, ਤਲਖ਼ੀਆਂ ਦਾ ਘੁੱਟ ਭਰਦੇ, ਪ੍ਰੀਵਰਤਣ ਲਈ ਸੰਘਰਸ਼ ਕਰਦੇ ਸਵਸਥ ਵਿਚਾਰਾਂ ਵਾਲੇ ਮਨੁੱਖ ਹੀ ਸਾਡੇ ਜੀਵਨ ਦੇ ਨਾਇਕ ਹਨ ਅਤੇ ਸਾਹਿਤ ਵਿਚ ਇਨ੍ਹਾਂ ਦਾ ਚਿਤਰਨ ਕਰਨਾ ਹੀ ਕ੍ਰਾਂਤੀਸ਼ੀਲ ਆਧੁਨਿਕਤਾ ਹੈ ।

ਰਘਬੀਰ ਸਿੰਘ

— — — —

ਸੁਰਿੰਦਰ ਗਿੱਲ

ਨੌਜੁਆਨ ਪੰਜਾਬੀ ਕਵੀ ਸੁਰਿੰਦਰ ਗਿੱਲ ਪਿਛਲੇ ਤਿੰਨ ਮਹੀਨੇ ਬੁਰੀ ਤਰ੍ਹਾਂ ਬੀਮਾਰ ਰਿਹਾ ਹੈ । ਉਸਨੂੰ ਸ਼ੁਰੂ ਵਿਚ ਬੁਖਾਰ ਹੋਇਆ ਸੀ ਤੇ ਸਥਾਨਕ ਡਾਕਟਰਾਂ ਵਲੋਂ ਟਾਈਫਾਈਡ ਸਮਝਕੇ ਉਸ ਦਾ ਇਲਾਜ ਕੀਤਾ ਗਿਆ । ਪਰ ਛੇਤੀ ਹੀ ਉਸ ਦੀ ਹਾਲਤ ਜ਼ਿਆਦਾ ਵਿਗੜ ਗਈ ਅਤੇ ਉਹ ਉਕਾ ਹੀ ਬੇਹੋਸ਼ ਹੋ ਗਿਆ । ਉਸ ਨੂੰ ਦਯਾਨੰਦ ਹਸਪਤਾਲ ਲਿਆਂਦਾ ਗਿਆ ਅਤੇ ਬੇਹੋਸ਼ੀ ਦੀ ਹਾਲਤ ਵਿਚ ਹੀ ਉਹ ਪੂਰਾ ਇਕ ਮਹੀਨਾ ਹਸਪਤਾਲ ਪਿਆ ਰਿਹਾ । ਹੋਸ਼ ਪਰਤਣ ਉਪਰੰਤ ਵੀ ਉਸ ਉੱਪਰ ਲਗਾਤਾਰ ਨੀਮ ਬੇਹੋਸ਼ੀ ਤਾਰੀ ਰਹੀ । ਉਸ ਦੀ ਯਾਦ ਸ਼ਕਤੀ ਚੋਖੀ ਜਾਂਦੀ ਰਹੀ ਤੇ ਦਿਮਾਗ ਕਮਜ਼ੋਰ ਪੈ ਗਿਆ । ਡਾਕਟਰਾਂ ਦੇ ਕਹਿਣ ਅਨੁਸਾਰ ਉਸ ਨੂੰ T.B. Mangitus ਹੈ ਜਿਸ ਨੂੰ ਸਾਧਾਰਨ ਜ਼ਬਾਨ ਵਿਚ ਸਰਸਾਮ ਆਖਿਆ ਜਾਂਦਾ ਹੈ ।

ਰੋਗ ਬੜਾ ਦੀਰਘ ਹੈ, ਪਰ ਉਸਦੀ ਹਾਲਤ ਵਿਚ ਹੁਣ ਚੋਖਾ ਫ਼ਰਕ ਪੈ ਰਿਹਾ ਹੈ । ਇਹਨੀਂ ਦਿਨੀਂ ਉਹ ਆਪਣੇ ਪਿੰਡ (ਰੂਮੀ, ਜ਼ਿਲਾ ਲੁਧਿਆਣਾ) ਵਿਚ ਬਾਕਾਇਦਾ ਡਾਕਟਰੀ ਇਲਾਜ ਅਤੇ ਮਾਪਿਆਂ ਦੀ ਦੇਖ ਭਾਲ ਅਧੀਨ ਹੈ । ਡਾਕਟਰਾਂ ਦਾ ਕਹਿਣਾ ਹੈ ਕਿ ਉਹ ਪੂਰੀ ਤਰ੍ਹਾਂ ਠੀਕ ਹੋ ਜਾਵੇਗਾ, ਪਰ ਇਸ ਲਈ ਕੁਝ ਸਮਾਂ ਲੱਗੇਗਾ ।

ਸੰਪਾਦਕ

ਫ਼ਾ
ਸ
ਲਾ

ਸ. ਸ. ਮੀਸ਼ਾ

ਨਾਅਰੇ ਲਾਉਂਦੀ
ਭੁੱਖੀ ਭੜਕੀ
ਭੀੜ ਬਜ਼ਾਰੋਂ ਲੰਘ ਰਹੀ ਹੈ
ਸਿਰਜਣਹਾਰੇ ਹੱਥਾਂ ਦਾ ਹੱਕ ਮੰਗ ਰਹੀ ਹੈ।
ਰੋਟੀ ਖਾਂਦਾ
ਮੈਂ ਢਾਬੇ ਦੀ ਚੂਲਾਂ ਢਿੱਲੀ ਬੈਂਚ ਦੇ ਉਤੇ ਖੜਾ ਹੋ ਗਿਆ
ਅੱਧ ਝੁਲਸਿਆ
ਢਿੱਡ ਏਥੇ ਹੈ ਦਿਲ ਓਥੇ ਹੈ
ਤੇ ਸ਼ਰਮਿੰਦੀਆਂ ਨਜ਼ਰਾਂ ਨਾਲ
ਖੜੋਤਾ
ਹੱਕੀ ਰੋਹ ਦਾ ਜਲਵਾ ਦੇਖ ਰਿਹਾ ਹਾਂ
ਨਾਲੇ ਸੋਚਾਂ
ਮੇਰੇ ਵਿਚ ਬਾਕੀ ਹਿੰਮਤ ਹੈ ਕਿੰਨੀ
ਏਸ ਬੈਂਚ ਤੋਂ ਓਸ ਭੀੜ ਤਕ
ਵਿੱਥ ਹੈ ਸਿਰਫ਼ ਨਮੋਸ਼ੀ ਜਿੰਨੀ।

— —

ਪੁਨਰ ਜਨਮ

ਸੁਹੇਲ ਸਿੰਘ

(ਸੁਰਿੰਦਰ ਗਿੱਲ ਦੇ ਨਾਂ)

ਉਦਾਸ ਹਨ ਮਹਿਫਲਾਂ
ਮਿੱਤਰ ਹਮ ਤੇਰੇ ਉਦਾਸ
ਤੂੰ ਕਿਤੇ ਵੀ ਰੜਕਦਾ ਨਹੀਂ
ਤੂੰ ਕਿਤੇ ਵੀ ਟਣਕਦਾ ਨਹੀਂ
ਮਿੱਤਰਾਂ ਨੂੰ ਤੇਰੀ ਲੋੜ
ਦੁਸ਼ਮਣਾਂ ਨੂੰ ਤੇਰੀ ਭਾਲ ।

ਦੁਸ਼ਮਣਾਂ ਦੇ ਸਵਰਗ ਦੀ
ਦੰਦੀ ਤੋਂ ਤੂੰ ਹੋ ਮੁੜਿਆ ਏਂ
ਵੇਖ ਲਿਆ ਹੈ ਉਹਨਾਂ ਦਾ ਤੂੰ
ਤਾਣਾ ਬਾਣਾ
ਕਿਵੇਂ ਉਹ ਧਰਤੀ ਉਤੇ ਬਹਿ ਕੇ
ਪਰੀ ਲੋਕ ਦੇ ਸੁਪਨੇ ਲੈਂਦੇ
ਅੰਧ ਵਿਸ਼ਵਾਸ਼ 'ਚ ਰਹਿੰਦੇ

ਸ਼ਾਇਦ ਹੁਣ ਤੂੰ
ਹੋਰ ਵੀ ਚੰਗੀ ਗੱਲ ਕਰੇਂਗਾ
ਪਰੀ ਦੇਸ਼ ਦੇ ਲੋਕਾਂ ਨੇ ਜੋ
ਉਧੜ ਧੁੰਮੀ ਪਾ ਰੱਖੀ ਹੈ
ਉਹਨਾਂ ਲਈ ਤੂੰ
ਜਮ ਬਣੇਂਗਾ ।

ਕਿੱਡੀ ਸੋਹਣੀ ਘੜੀ ਸ਼ਗਨ ਦੀ
ਕੇਹਾ ਅਚਰਜ ਸਫਰ ਤੇ ਸੂਰਜ
ਜਿਸ ਦਵਾਲੇ ਘੁੰਮਦਾ ਹੋਇਆ
ਤੂ ਮੌਤ ਦੀ ਦੰਦੀ ਉਤੋਂ
ਹੋ ਮੁੜਿਆ ਏਂ ।

ਕਾ
ਲਾ
ਰੰਗ

ਜੋਗਿੰਦਰ ਸ਼ਮਸ਼ੇਰ

ਮੇਰਾ ਹੈ ਰੰਗ ਕਾਲਾ,
ਤੇਰਾ ਹੈ ਰੰਗ ਗੋਰਾ,

ਰੰਗਾਂ ਦਾ ਜੋ ਵਿਖੇਵਾਂ,
ਸਾੜੇ 'ਚ ਪਾ ਰਿਹਾ ਹੈ।
ਉਸਦਾ ਹੈ ਰੰਗ ਇੱਕੋ,
ਯੂਰਪ ਜਾਂ ਏਸ਼ੀਆ 'ਚ,
ਘਾਨਾ ਜਾਂ ਟੋਕੀਓ 'ਚ,
ਮੈਨੂੰ ਵੀ ਲੁੱਟ ਰਿਹਾ ਹੈ,
ਤੈਨੂੰ ਵੀ ਖਾ ਰਿਹਾ ਹੈ।

ਗ਼ੁਲਾਮੀ ਦਾ ਨਾਗ ਕਾਲਾ,
ਭੁੱਖਾਂ ਦਾ ਨਾਗ ਕਾਲਾ,

ਜਿਸ ਨੂੰ ਇਹ ਡੱਸ ਲੈਂਦਾ।
ਕਿੱਨ੍ਹੀ ਇਹ ਬਦ ਨਸੀਬੀ.

ਉਸ ਦੇਸ ਦੀ ਖ਼ੁਸ਼ਹਾਲੀ.
ਤੁਸ ਦੇਸ਼ ਦੀ ਜੁਆਨੀ.
ਚਿਹਰੇ ਦੀ ਸਾਰੀ ਰੰਗਤ,
ਅੱਖਾਂ ਦੀ ਸਾਰੀ ਮਸਤੀ,

ਕੋਮਲ ਮਿਠਾਸ ਲੱਬ ਦੀ.
ਸਾਰੀ ਹੀ ਖਸ ਲੈਂਦਾ।

ਗ਼ੁਲਾਮੀ ਦਾ ਨਾਗ ਕਾਲਾ,
ਭੁਖਾਂ ਦਾ ਨਾਗ ਕਾਲਾ,
ਜਿਸ ਦੇਸ਼ ਨੂੰ ਵੀ ਆਪਣੀ,
ਜਕੜਾਂ 'ਚ ਕਸ ਲੈਂਦਾ,
ਉਸੇ ਦਾ ਰੰਗ ਕਾਲਾ।
ਮੇਰਾ ਨਾ ਰੰਗ ਕਾਲਾ।
ਤੇਰਾ ਨਾ ਰੰਗ ਗੋਰਾ।

ਰੰਗਾਂ ਦਾ ਜੋ ਵਿਖੇਵਾਂ,
ਸਾਡੇ 'ਚ ਪਾ ਰਿਹਾ ਹੈ।
ਉਸਦਾ ਹੈ ਰੰਗ ਇੱਕੋ,
ਚਿੱਲੀ ਅਲਜੇਰੀਆ 'ਚ
ਇਟਲੀ ਲਾਇਬੇਰੀਆ 'ਚ
ਮੈਨੂੰ ਵੀ ਲੁਟ ਰਿਹਾ ਹੈ,
ਤੈਨੂੰ ਵੀ ਖਾ ਰਿਹਾ ਹੈ।

ਉਂਝ ਤਾਂ ਮਨੁੱਖ ਇੱਕੋ,
ਸੋਚਣ ਦਾ ਢੰਗ ਇੱਕੋ।
ਟੇਮਜ਼ ਦੇ ਪਾਣੀਆਂ ਨੂੰ,
ਸਤਲੁਜ ਦੇ ਪਾਣੀਆਂ ਨੂੰ,
ਮੈਂ ਨੀਝ ਲਾਕੇ ਤਕਿਆ,
ਵਗਦੇ ਨਿਵਾਣ ਵੱਲ ਨੂੰ,
ਦੋਹਾਂ ਦਾ ਰੰਗ ਇੱਕੋ।

ਭਾਵੇਂ ਹੈ ਰੋਮ ਸਾਗਰ,
ਖਾੜੀ ਬੰਗਾਲ ਦੀ ਹੈ,
ਰਾਤਾਂ ਨੂੰ ਚਮਕਦੇ ਨੇ,
ਉਂਜ ਹੀ ਆਕਾਸ਼ ਤਾਰੇ।
ਪੂਰਬ ਦੀ ਕੁੱਖ ਵਿਚੋਂ
ਸੂਰਜ ਦਾ ਜਨਮ ਹੁੰਦਾ,
ਚਾਨਣ ਤੇ ਨਿੱਘ ਉਵੇਂ,
ਹਰ ਧਰਤ ਤੇ ਪਸਾਰੇ।

ਉਵੇਂ ਹੀ ਫੜਨ ਮੱਛੀ
ਕੁੰਡੀ ਨੂੰ ਮਾਸ ਲਾਕੇ

ਯਾਂਗ-ਸੀ ਦੇ ਕੰਢੇ
ਡੈਨੀਊਬ ਦੇ ਕਿਨਾਰੇ ।

ਕਾਂਗੋ ਦੇ ਜੰਗਲਾਂ 'ਚ
ਪੈਰਿਸ ਦੇ ਪਾਰਕਾਂ 'ਚ
ਬਾਗਾਂ ਦੇ ਫੁੱਲ ਉਵੇਂ,
ਫੁੱਲਾਂ ਦੀ ਮਹਿਕ ਉਵੇਂ,
ਬਿਰਛਾਂ ਦੀ ਟਾਹਣ ਉੱਤੇ,
ਪੰਛੀ ਵੀ ਚਹਿਕਦਾ ਹੈ।

ਮਹਿਬੂਬ ਦੀ ਜ਼ੁਲਫ਼ 'ਚ
ਸਾਰੇ ਗੁਆਚ ਜਾਂਦੇ,
ਕੀ ਨੀਲ ਦੀ ਹੈ ਵਾਦੀ,
ਸਿਡਨੀ ਦਾ ਜਾਂ ਸ਼ਹਿਰ ਹੈ,
ਇਸ਼ਕਾਂ ਦਾ ਰੰਗ ਉਹੀ
ਹਰ ਥਾਂ ਜੋ ਟਹਿਕਦਾ ਹੈ।

ਹਰ ਥਾਂ ਮਾਸੂਮ ਬੱਚਾ
ਮਾਂ ਬਾਪ ਵੱਲ ਨੂੰ ਦੌੜੇ,
ਮਾਂ ਬਾਪ ਹਰ ਜਗਾਹ ਤੇ
ਬੱਚੇ ਲਈ ਸੋਚਦਾ ਹੈ ।

ਗ਼ਮ ਮੌਤ ਤੇ ਦੁੱਖਾਂ ਤੋਂ
ਹਰ ਕੋਈ ਤਹਿਕਦਾ ਹੈ।
ਸਭ ਥਾਂ ਮਨੁੱਖ ਖ਼ੁਸ਼ੀ 'ਚ
ਜੀਣਾ ਹੀ ਲੋਚਦਾ ਹੈ।

ਸ਼ਾਮਾਂ ਨੂੰ ਥੱਕ ਥਕਾ ਕੇ
ਘਰ ਨੂੰ ਜਾਂ ਟਾਮ ਜਾਵੇ ।
ਰੋਜ਼ੀ ਬਾਹਾਂ 'ਚ ਲੈਕੇ,
ਖ਼ੁਸ਼ੀਆਂ 'ਚ ਨਾ ਸਮਾਵੇ ।
ਐਲਿਨ ਤੇ ਈਅਨ ਆਕੇ
ਲੱਤਾਂ ਨੂੰ ਲਿਪਟ ਜਾਵਣ
ਬੱਚੇ ਦੀ ਮੁਸਕਰਾਹਟ,
ਜੀਵਨ 'ਚ ਚਾ ਵਧਾਵੇ ।

ਅਕਰਮ ਦੇ ਘਰ 'ਚ ਏਦਾਂ
ਪ੍ਰਵੀਨ ਜੋ ਉਡੀਕੇ,

ਤੜਪੇ ਵਿਛੋੜਿਆ 'ਚ
ਲਿਖਦੀ ਹੈ ਰੋਜ਼ ਚਿੱਠੀ,
ਖ਼ਦਲਾਂ ਬਹਾਰ ਲਾਈ।

ਤੂੰ ਕਦ ਆਵਣਾ ਹੈ,
ਅੱਲਾ ਦੀ ਕਸਮ ਪਿਆਰੇ,
ਤੈਨੂੰ ਉਡੀਕਦੀ ਹਾਂ,
ਰਾਹਾਂ ਤੇ ਝਾਤ ਲਾਈ।

ਪੌਣਾਂ ਚ ਆਏ ਗਰਮੀ,
ਸਰਦੀ ਜਾਂ ਬਰਫ ਪੈਂਦੀ,
ਪਿਆਰਾਂ ਦੀ ਜੋ ਫਿਜ਼ਾ ਹੈ,
ਹਰ ਥਾਂ ਹੀ ਗਰਮ ਹੁੰਦੀ।
ਹਰ ਥਾਂ ਹੀ ਬੇ ਵਫਾ ਦੇ
ਮੱਥੇ ਤੇ ਝੁਰੜੀਆਂ ਨੇ,
ਲੀਜ਼ਾ ਜਾਂ ਲਾਜਵੰਤੀ
ਨਾਵਾਂ ਦਾ ਕੀ ਫਰਕ ਹੈ,
ਹਰ ਨਾਂ 'ਚ ਰੂਹ ਵਫਾ ਦੀ
ਕੋਮਲ ਤੇ ਨਰਮ ਹੁੰਦੀ।
ਵੀਰਾਂ ਦਾ ਪਿਆਰ ਹਰ ਥਾਂ,
ਭੈਣਾਂ ਦੀ ਸਿਕ ਹੋਵੇ,
ਹਰ ਥਾਂ ਜੁਆਨ ਧੀ ਦੀ
ਮਾਪੇ ਨੂੰ ਸ਼ਰਮ ਹੁੰਦੀ।

ਮੇਰਾ ਨਾ ਰੰਗ ਕਾਲਾ,
ਤੇਰਾ ਨਾ ਰੰਗ ਗੋਰਾ,

ਰੰਗਾਂ ਦਾ ਜੋ ਵਿਖੇਵਾਂ
ਸਾਡੇ 'ਚ ਪਾ ਰਿਹਾ ਹੈ।
ਉਸਦਾ ਹੈ ਰੰਗ ਇੱਕੋ,
ਲੰਕਾ ਜਾਂ ਜਰਮਨੀ 'ਚ
ਬਰਮਾ ਨਾ ਏਜੇਰੀਆ 'ਚ

ਮੈਨੂੰ ਵੀ ਲੁੱਟ ਰਿਹਾ ਹੈ।
ਤੈਨੂੰ ਵੀ ਖਾ ਰਿਹਾ ਹੈ।

ਤੂੰ ਵੀ ਤਾਂ ਵਾਂਗ ਮੇਰੇ,
ਮਜ਼ਦੂਰ ਏਂ ਭਰਾਵਾ।
ਜੀਵਨ ਦੀ ਲੋੜ ਹੱਥੋਂ।
ਮਜਬੂਰ ਏਂ ਭਰਾਵਾ।

ਮੈਂ ਤੇਰੇ ਦੇਸ਼ ਅੰਦਰ
ਭਿਖਿਆ ਨਹੀਂ ਲੈਣ ਆਇਆ।
ਨਾ ਹੀ ਤਾਂ ਰਾਜ ਸਾਂਭਣ
ਦਾ ਭੂਤ ਹੈ ਸਮਾਇਆ।
ਜਿਸ ਫੈਕਟਰੀ ਦੇ ਅੰਦਰ,
ਮਿਹਨਤ ਨੂੰ ਵੇਚਦਾ ਤੂੰ,
ਉਸ ਫੈਕਟਰੀ ਦੇ ਅੰਦਰ
ਮਿਹਨਤ ਨੂੰ ਵੇਚਦਾ ਮੈਂ।
ਆਪਾਂ ਤਾਂ ਦੋਵੇਂ ਇਕੋ,
ਹੱਡਾਂ ਨੂੰ ਗਾਲਦੇ ਹਾਂ,
ਸਾਹਾਂ ਦੀ ਉਮਰ ਖ਼ਾਤਰ,
ਸਿੱਕੇ ਨੂੰ ਭਾਲਦੇ ਹਾਂ,

ਤੇਰਾ ਵੀ ਰੰਗ ਕਾਲਾ
ਮੇਰਾ ਵੀ ਰੰਗ ਕਾਲਾ
ਮਿਹਨਤ ਦਾ ਰੰਗ ਕਾਲਾ।
ਵਿਹਲੜ ਦਾ ਰੰਗ ਗੋਰਾ।

ਤੇਰੇ ਵੀ ਦੇਸ਼ ਅੰਦਰ,
ਮੇਰੇ ਵੀ ਦੇਸ਼ ਅੰਦਰ,
ਜਿੱਥੇ ਵੀ ਵੱਸ ਚੱਲੇ,
ਬਿਰਲਾ ਜਾਂ ਰਾਕੈਫਲਰ,
ਟਾਟਾ ਜਾਂ ਸ਼ੇਖ ਕਵਾਇਤ,
ਘਿਰਣਾਂ ਦਾ ਬੀ ਖਿਲਾਰੇ,
ਜ਼ਹਿਰੀ ਜੋ ਸਪ ਨਵੇ ਦਾ,
ਦੋਹਾਂ ਨੂੰ ਡੰਗ ਮਾਰੇ।
ਤੇਰਾ ਨਾ ਰੰਗ ਗੋਰਾ।

ਮੇਰਾ ਨਾ ਰੰਗ ਕਾਲਾ ।

ਰੰਗਾਂ ਦਾ ਜੋ ਵਿਖੇਵਾਂ
ਸਾਡੇ 'ਚ ਪਾ ਰਿਹਾ ਹੈ।
ਉਸਦਾ ਹੈ ਰੰਗ ਇੱਕੋ,
ਯੂਰਪ ਜਾਂ ਏਸ਼ੀਆ 'ਚ
ਘਾਨਾ ਜਾਂ ਟੋਕੀਓ 'ਚ

ਮੈਨੂੰ ਵੀ ਲੁੱਟ ਰਿਹਾ ਹੈ।
ਤੈਨੂੰ ਵੀ ਖਾ ਰਿਹਾ ਹੈ ।

ਤੇਰਾ ਵੀ ਰੰਗ ਉਹੀ ।
ਮੇਰਾ ਵੀ ਰੰਗ ਉਹੀ ।

(233, ਪਾਰਕ ਐਵਨਿਊ, ਸਾਊਥਾਲ, ਮਿਡਲਸੈਕਸ ਯੂ. ਕੇ.)

ਕੇਸੂ ਦੇ ਫੁੱਲ

ਸੰਤ ਸਿੰਘ ਸੇਖੋਂ

ਜਿਨ੍ਹਾਂ ਨੂੰ ਮਾਵਾਂ ਬਹੁਤ ਪਿਆਰੀਆਂ ਹੁੰਦੀਆਂ ਹਨ, ਉਹ ਆਪਣੇ ਪਿਆਰ ਵਿਚ ਨਾਨਕਿਆਂ ਨੂੰ ਵੀ ਭਾਗੀ ਬਣਾ ਲਿਆ ਕਰਦੇ ਹਨ ਤੇ ਖਾਸ ਕਰਕੇ ਜਦੋਂ ਮਾਂ ਆਪਣੇ ਪੇਕਿਆਂ ਨੂੰ ਬਹੁਤ ਪਿਆਰ ਕਰਦੀ ਹੋਵੇ।

ਉਦੇ ਸਿੰਘ ਪੰਜਾਹ ਵਰ੍ਹੇ ਤੋਂ ਲੰਘ ਗਿਆ ਸੀ, ਤੇ ਹਾਲੇ ਵੀ ਉਸ ਨੂੰ ਆਪਣੇ ਨਾਨਕੇ ਉਤਨੇ ਹੀ ਪਿਆਰੇ ਸਨ ਜਿਤਨੇ ਬਚਪਨ ਵਿਚ। ਜਾਂ ਸ਼ਾਇਦ ਉਸ ਤੋਂ ਵੀ ਵੱਧ ਪਿਆਰੇ, ਕਿਉਂਕਿ ਉਦੋਂ ਜਦੋਂ ਉਸ ਦੀ ਮਾਂ ਜੀਉਂਦੀ ਸੀ, ਉਸ ਦਾ ਨਾਨਕਿਆਂ ਦਾ ਪਿਆਰ ਮਾਂ ਦੀ ਸਮੇਂ ਸਮੇਂ ਦੀਆਂ ਮਨੋਵਸਥਾਂ ਅਨੁਸਾਰ ਸ਼ਾਇਦ ਬਦਲਦਾ ਰਹਿੰਦਾ ਸੀ। ਪਰ ਹੁਣ ਮਾਂ ਦਾ ਪਿਆਰ ਵੀ ਉਸ ਨੇ ਨਾਨਕਿਆਂ ਨੂੰ ਹੀ ਦਿਤਾ ਹੋਇਆ ਸੀ।

ਤੇ ਫਿਰ ਨਾਨਕਿਆਂ ਵਿਚ ਵੀ ਕਿਤਨੇ ਕੁ ਮਾਮੇ ਮਾਸੀਆਂ ਤੇ ਮਮੇਰ ਮਸੇਰ ਉਸ ਦਾ ਪਿਆਰ ਵੰਡਾਣ ਲਈ ਰਹਿ ਗਏ ਹੋਏ ਸਨ। ਉਸ ਦੀ ਮਾਂ ਤੇ ਮਾਮਾ ਇਕੱਲੇ ਭੈਣ ਭਰਾ ਸਨ। ਮਾਮਾ ਮਾਂ ਤੋਂ ਕੋਈ ਸੱਤ ਅੱਠ ਸਾਲ ਜਾਂ ਸ਼ਾਇਦ ਇਸ ਤੋਂ ਵੀ ਵੱਧ ਵੱਡਾ ਸੀ। ਮਾਮੇ ਦਾ ਪਹਿਲਾ ਵਿਆਹ ਸੋਲ੍ਹਾਂ ਸਾਲ ਦੀ ਉਮਰ ਤੋਂ ਪਹਿਲਾਂ ਹੋ ਗਿਆ ਸੀ। ਪਰ ਵਿਆਹੁਤਾ ਮੁਕਲਾਵੇ ਆਉਣ ਤੋਂ ਪਹਿਲਾਂ ਹੀ ਮਰ ਗਈ ਸੀ। ਫਿਰ ਮਾਮੇ ਦੀ ਮਾਤਾ ਦਾ ਵੀ ਦੇਹਾਂਤ ਹੋ ਗਿਆ ਸੀ ਤੇ ਉਨ੍ਹਾਂ ਕਾਰਣਾਂ ਅਧੀਨ, ਜੋ ਕਿਰਸਾਣੀ ਦੇ ਜੀਵਨ ਦੀਆਂ ਕੋਈ ਅਲੌਕਿਕ ਘਟਨਾਵਾਂ ਨਹੀਂ ਹੁੰਦੀਆਂ, ਘਰ ਵਿਚ ਇਤਨੀ ਗਰੀਬੀ ਆ ਗਈ ਸੀ ਕਿ ਮਾਮੇ ਨੂੰ ਰੁਜ਼ਗਾਰ ਦੀ ਤਲਾਸ਼ ਵਿਚ ਪਰਦੇਸ ਜਾਣਾ ਪੈ ਗਿਆ ਸੀ।

ਨਿਰਸੰਦੇਹ ਇਹ ਇਕ ਵੱਡਾ ਕਾਰਣ ਉਦੇ ਸਿੰਘ ਦੀ ਮਾਂ ਦੇ ਮਾਪਿਆਂ ਵੱਲ ਸਾਧਾਰਨ ਤੋਂ ਵਧੇਰੇ ਪਿਆਰ ਦਾ ਸੀ।

ਕਈ ਵਰ੍ਹੇ ਪਿਛੋਂ ਜਦੋਂ ਤੌਫ਼ੀਕ ਹੋਈ ਤਾਂ ਮਾਮੇ ਨੇ ਦੂਜੀ ਵਾਰੀ ਵਿਆਹ ਕਰਵਾ ਲਿਆ ਸੀ। ਇਹ ਮਾਮੀ ਇਕ ਵਾਰ ਆਪਣੀ ਨਣਾਨ ਨੂੰ ਮਿਲਣ ਤੇ, ਇਕ ਪ੍ਰਕਾਰ ਸਾਕ ਸੈਣ ਵਿਚ ਪਰਿਚਿਤ ਹੋਣ ਲਈ ਉਨ੍ਹਾਂ ਦੇ ਪਿੰਡ, ਘਰ ਵਿਚ ਆਈ ਸੀ। ਉਸ ਦੀ ਸ਼ਹਿਰੀ ਰਹਿਣੀ ਬਹਿਣੀ, ਪਹਰਨ ਤੇ ਬੋਲਣ ਕਾਰਣ ਸਾਰਿਆਂ ਨੇ ਉਸ ਦਾ ਨਾਮ ਲਾਲੀ ਪਾ ਦਿਤਾ ਸੀ। ਉਦੇ ਸਿੰਘ ਉਸ ਵੇਲੇ ਸੱਤ ਅੱਠ ਸਾਲ ਦੀ ਉਮਰ ਦਾ, ਉਸ ਨਾਲ ਬਹੁਤ ਲੜਦਾ ਝਗੜਦਾ ਸੀ। ਸ਼ਾਇਦ ਮਾਮੀ ਵੱਲ ਗੁਸਤਾਖੀ ਕਰਨ ਦਾ ਆਪਣਾ ਅਧਿਕਾਰ ਸਮਝ ਕੇ ਜਾਂ ਆਪਣੀ ਮਾਂ ਦੇ ਮਨ

ਵਿਚ ਭਰਜਾਈ ਵੱਲ ਕਿਸੇ ਅਸੰਤੁਲਣ ਭਾਵ ਹੀ ਹੋਵੇ ਮਹਿਸੂਸ ਕਰਦੇ। ਉਦੇ ਸਿੰਘ ਦੀ ਮਾ ਵਿਧਾਤਾ ਨੂੰ, ਉਸ ਦੀ ਪਹਿਲੀ ਭਰਜਾਈ ਨੂੰ ਬਿਨ ਮੁਕਲਾਈ ਚੁਕ ਲੈਣ ਉਤੇ ਕਦੀ ਮੁਆਫ਼ ਨਹੀਂ ਕਰ ਸਕੀ ਸੀ ਤੇ ਨਵੀਂ ਭਰਜਾਈ ਲਾਲੀ ਉਤੇ ਵੀ ਉਹਦਾ ਇਹ ਰੋਸ ਇਕ ਪ੍ਰਵਾਹ ਵਾਂ ਕੁ ਪਿਛੋਂ ਡੁਲ੍ਹ ਕੇ ਵਗ ਗਿਆ ਹੋਇਆ ਸੀ।

ਲਾਲੀ ਦੇ ਇਕ ਪੁੱਤਰ ਹੋਇਆ ਜੋ ਮਾਮੇ ਦੀ ਚਿੱਠੀ ਅਨੁਸਾਰ 'ਤੇ ਲਾਲੀ ਦੀ ਸ਼ਕਲ ਤੋਂ ਅਨੁਮਾਨ ਅਨੁਸਾਰ ਬਹੁਤ ਸੋਹਣਾ ਸੀ। ਪਰ ਅਗਲੇ ਵਰ੍ਹੇ ਹੀ ਉਹ ਤੇ ਲਾਲੀ ਦੋਵੇਂ 1919 ਦੇ ਇਨਫਲੂਐਂਜ਼ੇ ਬੁਖ਼ਾਰ ਦੀ ਭੇਟ ਚੜ੍ਹ ਗਏ ਸਨ। ਤੇ ਉਦੇ ਸਿੰਘ ਦਾ ਨਾਨਕਾ ਘਰ ਫਿਰ ਵੀਰਾਨ ਹੋ ਗਿਆ ਸੀ।

ਪੰਜ ਸੱਤ ਸਾਲ ਪਿਛੋਂ ਮਾਮੇ ਨੇ ਫਿਰ ਤੀਜਾ ਵਿਆਹ ਕਰਾ ਲਿਆ। ਭਾਵੇਂ ਉਦੇ ਸਿੰਘ ਦੀ ਮਾਂ ਇਸ ਭਰਜਾਈ ਨੂੰ ਵੀ ਮੁਹੱਬਤ ਨਹੀਂ ਕਰ ਸਕਦੀ ਸੀ, ਉਸ ਨੂੰ ਸ਼ਾਂਤੀ ਹੋਈ ਕਿ ਉਸ ਦੇ ਪੇਕੇ ਘਰ ਵਿਚ ਫਿਰ ਵਸੋਂ ਦਾ ਮੁੱਢ ਬੱਝ ਗਿਆ ਸੀ। ਇਸ ਮਾਮੀ ਤੋਂ ਦੋ ਪੁੱਤਰ ਹੋਏ, ਜਿਹਨਾਂ ਵਿਚ ਕੋਈ ਬਾਰ੍ਹਾਂ ਤੇਰ੍ਹਾਂ ਵਰ੍ਹੇ ਦਾ ਫ਼ਰਕ ਸੀ।

ਇਤਨੇ ਚਿਰ ਨੂੰ ਉਦੇ ਸਿੰਘ ਦਾ ਮਾਮਾ ਆਪਣੇ ਪਿਛੇ ਇਹ ਦੋ ਪੁੱਤਰ ਤੇ ਮਾਮੀ ਨੂੰ ਵਿਧਵਾ ਛੱਡ ਕੇ ਗੁਜ਼ਰ ਗਿਆ। ਇਹ ਦੋ ਪੁੱਤਰ ਕਰਮਵਾਰ ਚੌਦਾਂ ਤੇ ਇਕ ਸਾਲ ਦੀ ਉਮਰ ਦੇ ਸਨ। ਪਰ ਦੂਜੇ ਤੀਜੇ ਸਾਲ ਹੀ ਵੱਡਾ ਪੁੱਤਰ ਵੀ ਮਰ ਗਿਆ ਤੇ ਉਦੇ ਸਿੰਘ ਦੇ ਨਾਨਕਿਆਂ ਦੀ ਨਿਸ਼ਾਨੀ ਇਕ ਦੋ ਤਿੰਨ ਸਾਲ ਦਾ ਬਾਲ ਹੀ ਰਹਿ ਗਿਆ।

ਸਾਲ ਖੰਡ ਹੋਰ ਇਹਨਾਂ ਮਾਨਸਿਕ ਪੀੜਾਂ ਨੂੰ ਸਹਿਣ ਕਰਦੀ ਉਦੇ ਸਿੰਘ ਦੀ ਮਾਂ ਵੀ ਚਲ ਵਸੀ ਸੀ। ਉਦੇ ਸਿੰਘ ਦਾ ਆਪਣੇ ਨਾਨਕਿਆਂ ਨਾਲ ਸੰਪਰਕ ਬਹੁਤ ਪਤਲਾ ਜਿਹਾ ਹੋ ਗਿਆ ਸੀ ਤਾਂ ਵੀ ਜਦੋਂ ਕਦੀ ਉਦੇ ਸਿੰਘ ਨੂੰ ਮੌਕਾ ਮਿਲਦਾ ਉਹ ਨਾਨਕੇ ਜਾ ਹੋ ਆਇਆ ਕਰਦਾ ਸੀ।

ਚੇਤਰ ਮਹੀਨੇ ਦੇ ਇਕ ਦਿਨ ਅੱਜ ਉਦੇ ਸਿੰਘ ਪਟਿਆਲੇ ਤੋਂ ਨਾਭੇ ਆਪਣੇ ਮੰਮੇਰ ਦੇ ਪੁੱਤਰ ਦੇ ਚੌਥੇ ਜਨਮ ਦਿਨ ਦੀ ਮਿਲਣੀ ਉਤੇ ਜਾ ਰਿਹਾ ਸੀ, ਤੇ ਉਸ ਦਾ ਮਨ ਇਹਨਾਂ ਸਾਰੇ ਪਿਛਲੇ ਵਰ੍ਹਿਆਂ ਵਿਚ ਆਏ ਉਤਾਰਾਂ ਚੜ੍ਹਾਵਾਂ ਨੂੰ ਅਨੁਭਵ ਕਰਕੇ ਕਿਸੇ ਸਾਗਰ ਹਿੱਕ ਦੀ ਲਹਿਰ ਵਾਕਰ ਜਵਾਰ ਭਾਟੇ ਵਿਚ ਸੀ। ਪਟਿਆਲੇ ਤੋਂ ਨਾਭੇ ਦੀ ਪੱਕੀ ਸੜਕ ਉਤੇ ਹੁਣ ਟਾਹਲੀ ਆਦਿ ਬਹੁਤ ਰੁਖ ਲੱਗ ਗਏ ਸਨ, ਜਿਹੜੇ ਬੱਸ ਉਤੇ ਸਫਰ ਕਰ ਰਹੇ ਪਾਂਧੀ ਨੂੰ ਬਹੁਤ ਸੁਹਾਣੇ ਲੱਗ ਰਹੇ ਸਨ। ਪਟਿਆਲੇ ਤੋਂ ਕੁਝ ਦੂਰ ਲੰਘ ਕੇ ਇਕ ਦਮ ਪਲਾਹ ਦੇ ਦਰੱਖਤ ਇਹਨਾਂ ਟਾਹਲੀਆਂ ਵਿਚੋਂ ਲੰਘ ਕੇ ਜਾਣੋ ਮੁਸਾਫਰ ਨੂੰ ਆਪਣੀ ਹੋਂਦ ਦਾ ਗਿਆਨ ਕਰਵਾਣ ਲਈ ਸੁਨਹਿਰੀ ਲਾਲ ਅੱਗ ਵਾਕਰ ਦਗਦੇ ਕੇਸੂ ਦੇ ਫੁੱਲਾਂ ਦੇ ਛੱਤਰ ਉਠਾਈ ਉਤਾਵਲੇ ਤੁਰੇ ਆਉਂਦੇ ਜਾਪੇ। ਕੇਸੂ ਦੀ ਇਹ ਸੁਨਹਿਰੀ ਲਾਲ ਅੱਗ, ਇਕ ਨਿੱਘੀ ਸ਼ਰਾਬ ਵਾਕਰ, ਉਦੇ ਸਿੰਘ ਦੇ ਅੰਦਰ ਭੜਕ ਉਠੀ। ਇਹ ਭੜਕਣ, ਦੁਖ ਭਰੀ ਨਹੀਂ ਸੀ, ਲੋਰ ਭਰੀ, ਇਕ ਨਸ਼ੇ ਵਾਕਰ ਮਸਤ ਕਰ ਦੇਣ ਵਾਲੀ ਸੀ। ਉਦੇ ਸਿੰਘ ਨੂੰ ਯਾਦ ਆਇਆ ਕਿਵੇਂ ਕੁਝ ਵਰ੍ਹੇ ਪਹਿਲਾਂ ਇਸ ਸੜਕ ਉਤੇ ਇਹਨਾਂ ਦੋ ਮਹੀਨਿਆਂ, ਫੱਗਣ ਚੇਤਰ, ਵਿਚ ਇਸ ਕੇਸੂ ਦਾ ਹੀ ਅਟੰਕ ਰਾਜ ਹੁੰਦਾ ਸੀ। ਹੁਣ ਉਹ ਰਾਜ ਤਾਂ ਟਾਹਲੀ ਤੇ ਹਰ ਕੁਝ ਰੁੱਖਾਂ ਨੇ ਲੈ ਲਿਆ ਸੀ, ਪਰ ਅੰਗਰੇਜ਼ੀ ਸਾਮਰਾਜ ਸਮੇਂ ਦੀਆਂ ਦੇਸੀ ਰਿਆਸਤ

ਵਾਕਰ ਇਹ ਪਲਾਹ ਦੇ ਬਿਰਛ ਕੇਸੂਆਂ ਨਾਲ ਲੱਦੇ ਆਪਣੀ ਸ਼ਾਨ ਵਿਖਾਈ ਜਾਂਦੇ ਸਨ।

ਉਦੇ ਸਿੰਘ ਇਤਨਾ ਭਾਵਕ ਤਾਂ ਨਹੀਂ ਸੀ ਕਿ ਉਹ ਕਸੂਆਂ ਦੇ ਪਿਆਰ ਵਿਚ ਟਾਹਲੀਆਂ ਦਾ ਬੁਰਾ ਤਕਾਣ ਲਈ ਜਾਂਦਾ ਜਾਂ ਉਹਨਾਂ ਵੱਲ ਕਿਸੇ ਦਵੈਤ ਭਾਵ ਨਾਲ ਵੇਖਦਾ, ਜਿਵੇਂ ਉਸ ਦੀ ਮਾਂ ਆਪਣੀਆਂ ਦੂਜੀਆਂ ਭਰਜਾਈਆਂ ਵੱਲ, ਉਸ ਨੂੰ ਖਿਆਲ ਆਇਆ, ਵੇਖਿਆ ਕਰਦੀ ਸੀ। ਕਿਉਂਕਿ ਇਹਨਾਂ ਟਾਹਲੀਆਂ ਨੇ ਉਸ ਦੀ ਦੂਜੀ ਮਾਮੀ ਨਹੀਂ ਤਾਂ ਤੀਜੀ ਮਾਮੀ ਦੇ ਉਸ ਦਾ ਨਾਨਕਾ ਘਰ ਵਸਾ ਦੇਣ ਵਾਕਰ ਇਸ ਦੇਸ਼ ਨੂੰ ਵਸਾ ਹੀ ਤਾਂ ਦਿਤਾ ਸੀ। ਪਰ ਫਿਰ ਵੀ ਇਹ ਕੇਸੂ ਦੇ ਫੁੱਲ ਉਸ ਨੂੰ ਉਸ ਦੀ ਬਿਨ ਮੁਕਲਾਈ ਮਰ ਗਈ ਮਾਮੀ ਵਾਕਰ ਦਿਸ ਰਹੇ ਸਨ, ਜਿਵੇਂ ਉਹ ਮਾਮੀ ਉਸ ਦੇ ਬਚਪਨ ਵਿਚ ਉਸ ਨੂੰ ਇਹਨਾ ਕੇਸੂ ਦੇ ਫੁੱਲਾਂ ਵਾਕਰ ਦਿਸਦੀ ਹੁੰਦੀ ਸੀ।

ਥੋੜੇ ਸਾਲ ਪਹਿਲਾਂ ਹੀ ਉਦੇ ਸਿੰਘ ਤੇ ਉਹਨਾਂ ਦੇ ਭਰਾ ਨੇ ਆਪਣੇ ਪਿੰਡ ਵਿਚ ਕੇਸੂ ਦੇ ਫੁੱਲਾਂ ਨਾਲ ਇਸ ਪ੍ਰਕਾਰ ਦਾ ਹੀ ਵਰਤਾਵਾ ਕੀਤਾ ਸੀ। ਮੁਰੱਬੇਬੰਦੀ ਹੋਈ ਤਾਂ ਉਹਨਾਂ ਨੇ ਆਪਣੀ ਜ਼ਮੀਨ ਇਕੋ ਥਾਂ ਕਰਕੇ ਢੱਕ ਵਿਚ ਲੈ ਆਂਦੀ ਸੀ। ਇਥੇ 25 ਕੁ ਘੁਮਾਉਂ ਵਿਚੋਂ ਉਨ੍ਹਾਂ ਨੇ ਢਕ ਤੇ ਪਲਾਹ ਦੇ ਬਿਰਛ ਚੁਣ ਚੁਣ ਕੇ ਮਾਰ ਦਿਤੇ ਸਨ। ਅੱਜ ਉਹਨਾਂ ਦੇ ਖੇਤ ਵਿਚ ਵੀ ਫੱਗਣ ਚੇਤਰ ਦੀ ਰੁੱਤ ਕੇਸੂ ਦੇ ਅੱਗ ਵਾਕਰ ਭੜਕਦੇ ਫੁੱਲਾਂ ਦੀ ਰੌਣਕ ਤੋਂ ਬਿਨਾਂ ਹੀ ਲੰਘ ਜਾਂਦੀ ਸੀ। ਹੁਣ ਉਨ੍ਹਾਂ ਖੇਤਾਂ ਵਿਚ ਵੀ ਜੇ ਕੋਈ ਰੁੱਖ ਉਗੇ ਸਨ ਤਾਂ ਟਾਹਲੀ ਤੇ ਤੂਤ ਸਨ। ਉਸ ਦੇ ਮਨ ਵਿਚ ਆਇਆ ਕਿ ਭਰਾ ਨੂੰ ਆਖੇ ਬਈ ਜੇ ਅੱਗੋਂ ਕੋਈ ਪਲਾਹ ਖੇਤ ਵਿਚ ਉਗੇ ਤਾਂ ਉਸ ਨੂੰ ਪੁੱਟੇ ਨਾ, ਰਹਿਣ ਦੇਵੇ, ਵੱਧ ਲੈਣ ਦੇਵੇ। ਇਸ ਤਰ੍ਹਾਂ ਕੁਝ ਕੁ ਪਲਾਹ ਫਿਰ ਹੋ ਜਾਣਗੇ ਤਾਂ ਉਨ੍ਹਾਂ ਦੇ ਖੇਤ ਵਿਚ ਫਿਰ ਫੱਗਣ ਚੇਤਰ ਵਿਚ ਰੰਗ ਦੀ ਹੋਲੀ ਹੋ ਜਾਇਆ ਕਰੇਗੀ। ਪਰ ਫਿਰ ਉਸ ਦੇ ਮਨ ਵਿਚ ਆਈ ਇਹ ਪਲਾਹ ਤੇ ਇਹ ਕੇਸੂ ਦੇ ਫੁੱਲ ਕਿਸੇ ਬੀਤ ਗਏ ਸਮੇਂ ਦੇ ਰੰਗ ਸਨ। ਇਨ੍ਹਾਂ ਵਿਚ ਭੜਕਾਹਟ ਕਿਤਨੀ ਸੀ! ਪਰ ਉਨ੍ਹਾਂ ਬੀਤ ਗਏ ਸਮਿਆਂ ਵਿਚ ਵੀ ਉਨ੍ਹਾਂ ਦੇ ਬਜ਼ੁਰਗ ਇਸ ਕੇਸੂ ਦੇ ਰੰਗ ਨੂੰ ਝੂਠਾ ਹੀ ਆਖਿਆ ਕਰਦੇ ਸਨ। ਤੇ ਫਿਰ ਇਸ ਪਲਾਹ ਦੇ ਰੁੱਖ ਦਾ ਟਾਹਲੀ, ਤੂਤ ਆਦਿ ਹੋਰ ਰੁੱਖਾਂ ਦੇ ਮੁਕਾਬਲੇ ਵਿਚ ਕੀ ਮੁੱਲ ਸੀ?

ਰੰਗਾਂ ਲਈ ਵੀ ਚੰਡੀਗੜ੍ਹ ਦੇ ਬਣਨ ਨਾਲ ਨਵੇਂ ਫੁੱਲਦਾਰ ਬਿਰਛ ਪ੍ਰਚਲਿਤ ਹੋ ਗਏ ਸਨ, ਜੋ ਕੇਸੂ ਨਾਲੋਂ ਵੀ ਸੁਹਣੇ ਤੇ ਸੋਹਜਵੰਤ ਫੁੱਲ ਦੇਂਦੇ ਸਨ। ਇਹ ਬਿਰਛ ਹੁਣ ਸਭ ਥਾਉਂ ਬਾਗਾਂ, ਕੋਠੀਆਂ ਦੇ ਲਾਨ੍ਹਾਂ ਤੇ ਸੜਕਾਂ ਆਦਿ ਤਕ ਉਤੇ ਉਗ ਰਹੇ ਸਨ। ਨਹੀਂ, ਉਸ ਦਾ ਦੇਸ਼ ਹੁਣ ਕੇਸੂ ਦੇ ਭੜਕੀਲੇ ਸੁਨਹਿਰੀ ਲਾਲ ਰੰਗ ਨੂੰ ਤਿਆਗ ਚੁਕਾ ਸੀ ਤੇ ਹੋਰ ਵਧੇਰੇ ਸੁੰਦਰ ਫੁੱਲਾਂ ਨਾਲ ਪਰਿਚਿਤ ਹੋ ਚੁਕਾ ਸੀ। ਪਰ ਫਿਰ ਵੀ ਇਹ ਕੇਸੂ ਦੇ ਫੁੱਲ ਮੂਲੋਂ ਹੀ ਇਸ ਤਰ੍ਹਾਂ ਤਿਆਗ ਦੇਣ ਜੋਗੇ ਨਹੀਂ ਸਨ, ਉਸ ਨੇ ਸੋਚਿਆ। ਪੁਰਾਣੇ ਤੇ ਨਵੇਂ ਵਿਚ ਇਕ ਵਧੇਰੇ ਸੁਹਿਰਦ ਸੰਬੰਧ ਬਣਾਉਣਾ ਯੋਗ ਸੀ।

ਬਹੁਤ ਵਾਰੀ ਇਕ ਪੀੜ੍ਹੀ ਤੋਂ ਬਾਅਦ ਨਾਨਕਾ ਸਾਕ ਭੁੱਲ ਜਾਇਆ ਕਰਦਾ ਹੈ। ਉਸ ਨੂੰ ਆਪ ਨੂੰ ਆਪਣੇ ਪਿਤਾ ਦੇ ਨਾਨਕੇ ਪਿੰਡ ਨਾਲ ਕੋਈ ਲਗਾਉ ਨਹੀਂ ਸੀ। ਭਾਵੇਂ ਉਹ ਪਿੰਡ ਉਸ ਦੇ ਪਿੰਡ ਤੋਂ ਤਿੰਨ ਚਾਰ ਮੀਲ ਦੀ ਵਿੱਥ ਉਤੇ ਹੀ ਸੀ। ਪਰ ਇਹ ਸ਼ਾਇਦ ਇਸ

ਲਈ ਕਿ ਉਸ ਦੇ ਪਿਤਾ ਦੇ ਨਾਨਕੇ ਪਰਿਵਾਰ ਵਿਚ ਕੋਈ ਰਹਿ ਨਹੀਂ ਸੀ ਗਿਆ। ਫਿਰ ਉਸ ਨੇ ਆਪਣੇ ਸੱਜੇ ਖੱਬੇ ਹੋਰ ਪਰਿਵਾਰਾਂ ਦੇ ਇਨ੍ਹਾਂ ਸੰਬੰਧਾਂ ਉਤੇ ਸਰਸਰੀ ਜੇਹੀ ਝਾਤ ਪਾਈ। ਬਹੁਤ ਲੋਕ ਮਾਮਿਆਂ ਦੀ ਮੌਤ ਤੋਂ ਪਿਛੋਂ ਤੇ ਕਈ ਵਾਰੀ ਉਨ੍ਹਾਂ ਦੇ ਜੀਵਨ ਵਿਚ ਹੀ ਨਾਨਕਿਆਂ ਨੂੰ ਭੁਲਾ ਦੇਂਦੇ ਹਨ ਜਦੋਂ ਸਹੁਰਿਆਂ, ਅਗਲੀ ਪੀੜ੍ਹੀ ਦੇ ਨਾਨਕਿਆਂ ਨਾਲ ਸਾਂਝ ਪੈ ਜਾਂਦੀ ਹੈ। ਕੀ ਉਸ ਦੇ ਆਪਣੇ ਪੁੱਤਰ ਧੀਆਂ ਵੀ ਉਸ ਵਾਕਰ ਹੀ ਨਾਨਕਿਆਂ ਨੂੰ ਪਿਆਰ ਕਰਦੇ ਰਹਿਣਗੇ ? ਉਸ ਨੇ ਸੋਚਿਆ।

ਨਹੀਂ, ਉਨ੍ਹਾਂ ਨੂੰ ਆਪਣੇ ਨਾਨਕਿਆਂ ਦਾ ਇਸ ਤਰ੍ਹਾਂ ਦਾ ਪਿਆਰ ਨਹੀਂ, ਉਸ ਨੇ ਨਿਰਣਾ ਕੀਤਾ। ਉਨ੍ਹਾਂ ਦੇ ਸੰਬੰਧ ਕਾਇਮ ਰਹਿਣਗੇ ਪਰ ਉਨ੍ਹਾਂ ਸੰਬੰਧਾਂ ਵਿਚ ਕੇਸੂ ਦਾ ਰੰਗ ਨਹੀਂ ਹੋਵੇਗਾ। ਉਨ੍ਹਾਂ ਨੂੰ ਕੇਸੂ ਦੇ ਫੁੱਲਾਂ ਦੀ ਸੋਝੀ ਨਹੀਂ ਸੀ। ਉਨ੍ਹਾਂ ਦਾ ਨਾਨਕਾ ਘਰ ਟਾਹਲੀਆਂ ਤੂਤਾਂ ਤੇ ਇਨ੍ਹਾਂ ਤੋਂ ਪਕੇਰੇ ਰੁੱਖਾਂ ਦਾ ਬਾਗ ਸੀ। ਤੇ ਉਸ ਦੇ ਨਾਨਕੇ ਘਰ ਨੂੰ ਇਸ ਇਕ ਬੂਟੇ ਨੇ ਉਜਾੜ ਬਣ ਜਾਣ ਤੋਂ ਬਚਾ ਲਿਆ ਸੀ, ਜਿਸ ਦੀ ਇਕ ਸ਼ਾਮ ਦੀ ਬਹਾਰ ਦੀ ਨਵੀਂ ਹਰਿਆਵਲ ਨੂੰ ਵੇਖਣ ਉਹ ਅੱਜ ਜਾ ਰਿਹਾ ਸੀ।

ਪਟਿਆਲੇ ਤੋਂ ਨਾਭੇ ਜਾਂਦੀ ਇਸ ਸੜਕ ਉਤੇ ਉਸ ਨੂੰ ਬੀਤੇ, ਅੱਜ ਦੇ ਤੇ ਆਉਣ ਵਾਲੇ ਸਮੇਂ ਦੇ ਕੀ ਕੀ ਰੰਗ ਉਘੜਦੇ ਨਜ਼ਰ ਆ ਰਹੇ ਸਨ। ਉਸ ਨੂੰ ਆਪਣੀ ਮਾਂ ਯਾਦ ਆਈ, ਉਸ ਮਾਂ ਦੀ ਜਵਾਨੀ ਯਾਦ ਆਈ ਜਿਸ ਦੀ ਉਸ ਨੂੰ ਕੁਝ ਕੁਝ ਸੋਝੀ ਸੀ, ਤੇ ਉਸ ਮਾਂ ਦਾ ਬਚਪਨ ਯਾਦ ਆਇਆ ਜਿਸ ਬਾਰੇ ਉਹ ਨਿੱਤ ਦਿਹਾੜੀ ਉਸ ਪਾਸੋਂ ਕਥ ਕਹਾਣੀ ਸੁਣਿਆ ਕਰਦਾ ਸੀ।

ਕੀ ਉਸ ਦਾ ਆਪਣਾ ਜੀਵਨ, ਉਸ ਦੀ ਜਵਾਨੀ ਤੇ ਉਸ ਦੇ ਬਚਪਨ ਬਾਰੇ ਵੀ ਉਸ ਦੀ ਸੰਤਾਨ ਉਸ ਜਿਤਨੀ ਹੀ ਉਤਸਕ ਸੀ ? ਇਸ ਦਾ ਉਤਰ ਵੀ ਉਸ ਨੂੰ ਨਹੀਂ ਵਿਚ ਮਿਲਦਾ ਜਾਪਿਆ।

ਤੇ ਜੇ ਉਹ ਸਮਾਂ, ਉਹ ਜਵਾਨੀ, ਉਹ ਬਚਪਨ ਜਿਹਨਾਂ ਨੂੰ ਉਸ ਨੇ ਇਤਨਾ ਰੱਜ ਕੇ ਪਿਆਰ ਕੀਤਾ ਸੀ, ਹੁਣ ਬੀਤ ਗਏ ਸਨ ਤੇ ਪਟਿਆਲੇ ਨਾਭੇ ਦੀ ਸੜਕ ਦੇ ਕੰਢੇ ਖਿੜੇ ਕੇਸੂਆਂ ਵਾਕਰ ਹੀ ਰੰਗਲੀਆਂ ਪਰ ਥੋੜ ਚਿਰੀਆਂ ਯਾਦਾਂ ਛੱਡ ਗਏ ਸਨ, ਤਾਂ ਉਸ ਦਾ ਸਮਾਂ, ਉਸ ਦੀ ਜਵਾਨੀ, ਉਸ ਦਾ ਬਚਪਨ ਉਸ ਦੀ ਸੰਤਾਨ ਦੀ ਸਿਮਰਤੀ ਵਿਚ ਕਿਤਨੇ ਕੁ ਬਚੇ ਰਹਿ ਸਕਣਗੇ ? ਇਸ ਜਵਾਨੀ ਤੇ ਬਚਪਨ ਦੇ ਕਿਹੜੇ ਕੇਸੂ ਸਨ ਜੋ ਉਸ ਦੀ ਸੰਤਾਨ ਨੂੰ ਕਿਸੇ ਫੱਗਣ ਚੇਤਰ ਦੀ ਰੁੱਤ ਵਿਚ ਇਸ ਤਰ੍ਹਾਂ ਦੇ ਭਾਵਕ ਛਿਨ ਪ੍ਰਦਾਨ ਕਰਿਆ ਕਰਨਗੇ ?

ਮ
ਲੰ
ਗ

ਸੰਤੋਖ ਸਿੰਘ ਧੀਰ

ਸਹਿਜ ਸੁਭਾ ਅੱਡੇ ਵਿਚੋਂ ਬੱਸ ਸਟਾਰਟ ਹੋਈ ਤੇ ਰਾਹੇ ਰਾਹ ਚੱਲਣ ਲੱਗੀ। ਇਹ ਖਿਆਲ ਹੀ ਨਹੀਂ ਸੀ ਕਿ ਅੱਗੇ ਜਾ ਕੇ ਸੌ ਤਰ੍ਹਾਂ ਦੀ ਥੱਲ ਪੱਥਲ ਹੋ ਜਾਵੇਗੀ।

ਬੜੀ ਹੀ ਸੁਹਣੀ ਸੜਕ ਸੀ। ਬੱਸ, ਸੜਕ ਉਤੇ ਨਹੀਂ ਰੇਸ਼ਮ ਉਤੇ ਤੁਰਦੀ ਸੀ। ਆਪਣੇ ਆਪ, ਨੀਲੀ ਸੜਕ, ਧਰਤੀ ਦੀ ਗਰੀਬੀ ਵਾਂਗ, ਪੈਰਾਂ ਹੇਠ ਆਉਂਦੀ ਤੇ ਆਪਣੇ ਆਪ, ਉਸੇ ਤਰ੍ਹਾਂ, ਪਿੱਛੇ ਵੱਲ ਨੂੰ ਚਲੀ ਜਾਂਦੀ। ਆਲੇ ਦੁਆਲੇ, ਦੋਵੇਂ ਪਾਸੇ, ਬਿਰਛ ਬੂਟੇ ਖੜੇ ਸਨ ਜੋ ਪਿੱਛੇ ਵਲ ਨੂੰ ਜਾਂਦੇ ਤੇ ਬੱਸ ਦੇ ਅੱਗੇ ਵਧਣ ਦੀ ਗਵਾਹੀ ਦੇਂਦੇ ਜਾਪਦੇ। ਬੱਝੀ ਹੋਈ ਮਰਿਆਦਾ ਵਿੱਚ ਇਹ ਸਾਰਾ ਕੁਝ ਹੋ ਰਿਹਾ ਸੀ। ਕੋਈ ਵੀ ਵਿਘਨ ਨਹੀਂ ਸੀ।

ਰੁੱਤ ਵੀ ਬਹੁਤ ਸੁਹਣੀ ਸੀ। ਉਜਲਾ ਉਜਲਾ ਅੰਬਰ ਤੇ ਪੀਲੀ ਪੀਲੀ ਧੁੱਪ ਸੀ। ਬੱਸ ਏਕਣ ਜਾਂਦੀ ਸੀ ਜਿਵੇਂ ਸੁਨਹਿਰੀ ਸਾਗਰ ਵਿਚ ਚਾਂਦੀ ਦੀ ਕੋਈ ਵੱਡੀ ਮੱਛੀ ਸਹਿਜ ਸੁਭਾ ਤਰਦੀ ਹੋਵੇ। ਪੂਰਾ ਪੂਰਾ ਅਮਨ ਸੀ। ਜਿਵੇਂ ਸਵਰਗ ਹੁੰਦਾ ਹੈ।

ਸਵਰਗ ਵਿਚ ਤੇ ਨਰਕ ਵਿਚ ਕੋਈ ਬਹੁਤਾ ਫਰਕ ਨਹੀਂ ਹੈ, ਬਹੁਤ ਹੀ ਥੋੜਾ ਫਰਕ ਹੈ। ਦੋਵੇਂ ਕੋਲ ਹੀ ਕੋਲ ਹਨ ਤੇ ਇਕ ਦੂਜੇ ਦੇ ਸਾਥੀ ਹਨ। ਰਾਖਸ਼ ਅਤੇ ਦੇਵਤੇ ਵੀ ਕੋਲ ਹੀ ਕੋਲ ਰਹਿੰਦੇ ਹਨ। ਸਗੋਂ ਇਹ ਵੀ ਸੱਚ ਹੈ ਕਿ ਰਾਖਸ਼ ਅਤੇ ਦੇਵਤੇ ਆਕਾਸ਼ੋਂ ਨਹੀਂ ਉਤਰਦੇ, ਸਾਡੇ ਵਿਚ ਹੀ ਰਹਿੰਦੇ ਹਨ ਤੇ ਸਾਡੇ ਵਿਚ ਹੀ, ਦੋਵੇਂ ਆਪਣਾ ਜੀਵਨ ਬਸਰ ਕਰਦੇ ਹਨ। ਕਦੇ ਅਸੀਂ ਦੇਵਤੇ ਤੇ ਕਦੇ ਰਾਖਸ਼ ਹੁੰਦੇ ਹਾਂ।

ਨਰਕ ਅਤੇ ਸਵਰਗ ਵੀ ਆਕਾਸ਼ਾਂ ਉਤੇ ਨਹੀਂ ਹਨ, ਇਹ ਵੀ ਸਾਡੇ ਵਿਚ ਹੀ ਹਨ। ਇਹ ਸਾਡੇ ਮਨ ਦੀ ਹਾਲਤ ਹੈ ਜੋ ਕਦੇ ਨਰਕ ਹੁੰਦੀ ਤੇ ਕਦੇ ਸਵਰਗ ਬਣ ਜਾਂਦੀ ਹੈ। ਏਨੀ ਗੱਲ ਜ਼ਰੂਰ ਹੈ ਕਿ ਨਰਕ ਜਾਂ ਸਵਰਗ ਪਿਛੇ ਕਾਰਨ ਵੀ ਕੋਈ ਹੁੰਦਾ ਹੈ। ਬਿਨਾ ਕਾਰਨ ਕੁਝ ਵੀ ਨਹੀਂ। ਦੇਵਤੇ ਤੇ ਰਾਖਸ਼ ਵੀ ਅਕਾਰਨ ਪੈਦਾ ਨਹੀਂ ਹੁੰਦੇ।

ਵੱਧ ਤੋਂ ਵੱਧ ਇਕ ਮੀਲ ਹੀ ਬੱਸ ਆਈ ਹੋਵੇਗੀ ਕਿ ਉਸੇ ਸਮੇਂ, ਪਿਛੋਂ, ਇਕ ਹੋਰ ਬੱਸ ਆਈ ਤੇ ਉਸ ਤੋਂ ਰਾਹ ਮੰਗਣ ਲਗੀ। ਪਹਿਲੀ ਬੱਸ ਉਸ ਬੱਸ ਨੂੰ ਸ਼ੀਸ਼ੇ ਵਿਚ ਤੱਕ ਰਹੀ ਸੀ। ਹਾਰਨ ਵੀ ਸੁਣ ਰਿਹਾ ਸੀ।

ਪਹਿਲੀ ਬੱਸ ਦੂਜੀ ਬੱਸ ਨੂੰ ਰਾਹ ਨਹੀਂ ਸੀ ਦੇਣਾ ਚਾਹੁੰਦੀ। ਇਸ ਵਿਚ ਵੀ ਭੇਤ ਸੀ। ਮੁਫ਼ਾਦ ਦਾ ਟਕਰਾਓ ਸੀ। ਬੱਸਾਂ ਕੌਮੀ ਨਹੀਂ ਸਨ, ਪ੍ਰਾਈਵੇਟ ਮਲਕੀਅਤ ਸਨ। ਪਹਿਲੀ ਬੱਸ

ਚਾਹੁੰਦੀ ਸੀ ਕਿ ਉਹ ਪਹਿਲਾਂ ਜਾਵੇ ਤੇ ਪਹਿਲਾਂ ਜਾ ਕੇ ਅੱਡੇ ਵਿਚੋਂ ਸਭ ਸਵਾਰੀਆਂ ਚੁੱਕ ਲਵੇ ; ਦੂਜੀ ਬੱਸ ਚਾਹੁੰਦੀ ਸੀ ਕਿ ਇਹ ਸਵਾਰੀਆਂ ਉਹ ਚੁੱਕੇ । ਦੋਹਾਂ ਵਿਚ ਮੁਕਾਬਲਾ ਜਾਂ ਹਲਕਾ ਹਲਕਾ ਘੋਲ ਸੀ ਤੇ ਦੋਹਾਂ ਨੂੰ ਹੀ ਆਪੋ ਆਪਣਾ ਆਰਥਕ ਲਾਭ ਪਿਆਰਾ ਸੀ ।

ਆਮ ਕਰਕੇ ਡਰਾਈਵਰ ਜਾਂ ਕੰਡਕਟਰ ਨੌਕਰ ਹੁੰਦੇ ਹਨ । ਪਰ, ਪਰਾਈਵੇਟ ਕੰਪਨੀਆਂ ਵਿਚ, ਨੌਕਰ ਹੁੰਦੇ ਹੋਏ ਵੀ, ਉਹ ਮਾਲਿਕਾਂ ਵਾਂਗ ਹੀ ਹੁੰਦੇ ਹਨ ਤੇ ਲੋਕਾਂ ਨਾਲ ਉਹ ਮਾਲਿਕਾਂ ਵਾਂਗ ਹੀ ਕਾਰ ਵਿਹਾਰ ਕਰਦੇ ਹਨ। ਅੱਧ ਪਚੱਧ ਹੁੰਦੇ ਵੀ ਉਹ ਰਿਸ਼ਤੇਦਾਰ ਜਾਂ ਮਾਲਿਕ ਹਨ। ਜੇ ਇਹ ਨਾ ਵੀ ਹੋਣ ਤਾਂ ਸੋਚ ਜ਼ਰੂਰ ਇਹ ਹੁੰਦੀ ਹੈ ।

ਮਾਲਿਕ ਵੀ ਇਹ ਚਾਹੁੰਦੇ ਹਨ ਕਿ ਉਹਨਾਂ ਦੇ ਨੌਕਰ ਆਪਣੇ ਆਪ ਨੂੰ ਨੌਕਰ ਹੀ ਨਹੀਂ, ਮਾਲਿਕ ਸਮਝਣ । ਖਾਸ ਕਰ ਜਦੋਂ ਹਾਣ-ਲਾਭ ਜਾਂ ਕੰਮ ਕਰਨ ਦਾ ਪ੍ਰਸ਼ਨ ਹੋਵੇ । ਆਪਣੀ ਜਾਨ ਹਲੂਣ ਤੇ ਮਾਲਿਕ ਲਈ ਵੱਧ ਤੋਂ ਵੱਧ ਵਫ਼ਾਦਾਰੀ ਨਾਲ ਕੰਮ ਕਰਨ । ਇਹੋ ਉਹਨਾਂ ਦੇ ਚੰਗੇ ਜਾਂ ਭੈੜੇ ਹੋਣ ਦੀ ਪਰਖ ਹੈ ।

ਥੋੜੀ ਜਿਹੀ ਮਨੁੱਖ ਵਿਚ ਖਹਿ ਬਾਜ਼ੀ ਵੀ ਹੁੰਦੀ ਹੈ ਜਿਸ ਦਾ ਕਾਰਨ, ਬਹੁਤ ਕਰਕੇ, ਬੱਚਿਆਂ ਵਾਲੀ ਸਮਝ ਹੈ : 'ਜੇ ਕੋਈ ਅੱਗੇ ਜਾਂਦਾ ਹੈ ਤਾਂ ਇਸ ਵਿਚ ਮੇਰੀ ਹੱਤਕ ਹੈ ।' ਬੱਸਾਂ ਹੋਣ, ਤਾਂਗੇ ਹੋਣ, ਸਾਈਕਲ ਹੋਣ, ਸਕੂਟਰ ਹੋਣ, ਕਈ ਵਾਰ ਉਹ ਇਸ "ਹੱਤਕ" ਦੀ ਬਹੁਤ ਚੋਭ ਮੰਨਦੇ ਹਨ । ਫੇਰ ਜਿਵੇਂ ਯਕਾ ਯਕ ਕੋਈ ਲਿਲ ਉਠ ਖਲੋਂਦੀ ਹੈ, ਇਉਂ ਦੌੜਨ ਲਗਦੇ ਹਨ ਜਿਵੇਂ ਉਹਨਾਂ ਵਿਚ ਸਿਰ ਤੇ ਧੜ ਦੀ ਬਾਜ਼ੀ ਲਗੀ ਹੁੰਦੀ ਹੈ । ਮੁਕਾਬਲਾ, ਜੋ ਕਿਤੇ ਕਿਤੇ ਬਹੁਤ ਹੀ ਚੰਗੀ ਚੀਜ਼ ਹੈ—ਵਿੱਦਿਆ ਵਿਚ, ਸਾਹਿਤ ਵਿਚ, ਕਲਾ ਵਿਚ, ਚੰਗਿਆਈ ਵਿਚ—ਉਹ ਕਹਿੰਦੇ ਹਨ ਕਿ ਜੇ ਕੋਈ ਹੈ ਤਾਂ ਸਿਰਫ ਇਹੋ ਹੁੰਦਾ ਹੈ । ਜੇ ਉਹ ਇਥੇ ਹਾਰ ਗਏ ਤਾਂ ਸਮਝੋ ਹਰ ਥਾਂ ਹਾਰ ਹੈ ।

ਪਤਾ ਨਹੀਂ ਕੀ ਕਾਰਨ ਸੀ—ਇਹ ਸੀ ਜਾਂ ਉਹ ਸੀ—ਕਿ ਚੰਗੀਆਂ ਭਲੀਆ ਬਸਾਂ ਵਿਖ ਮੁਕਾਬਲਾ ਸ਼ੁਰੂ ਹੋ ਗਿਆ, ਤੇ ਇਹ ਮੁਕਾਬਲਾ, ਇਕ ਪਲ ਲਈ, ਐਸਾ ਰੂਪ ਧਾਰ ਗਿਆ ਕਿ ਮੌਤ ਤੇ ਜ਼ਿੰਦਗੀ ਵਿਚ ਕੋਈ ਵਿੱਥ ਹੀ ਨਹੀਂ ਸੀ । ਮੌਤ ਅਤੇ ਜ਼ਿੰਦਗੀ, ਦੋਵੇਂ, ਆਹਮੋ ਸਾਹਮਣੇ ਖੜੀਆਂ ਸਨ ਤੇ ਇਕ ਦੂਜੀ ਨੂੰ ਤੱਕਦੀਆਂ ਤੇ ਨੋਕ ਝੋਕ ਕਰ ਰਹੀਆਂ ਸਨ । ਜ਼ਿੰਦਗੀ ਆਖ ਰਹੀ ਸੀ : "ਸੁਣਾ ਫੇਰ, ਕੀ ਹਾਲ ਐ ?" ਮੌਤ ਆਖ ਰਹੀ ਸੀ : "ਬਹੁਤ ਚੰਗਾ ਹਾਲ ਐ !"

ਜ਼ਿੰਦਗੀ ਅਤੇ ਮੌਤ ਜਦੋਂ ਆਹਮੋ ਸਾਹਮਣੇ ਗੱਲਾਂ ਕਰਨ ਤਾਂ ਪਤਾ ਹੈ, ਮਨੁੱਖ ਦੀ ਉਦੋਂ ਕੈਸੀ ਹਾਲਤ ਹੁੰਦੀ ਹੈ ? ਭੈਭੀਤ ਤੇ ਨਿਰਜਿੰਦ । ਲਹੂ, ਲਹੂ ਨਹੀਂ ਰਹਿੰਦਾ, ਪਾਣੀ ਬਣਿਆ ਹੁੰਦਾ ਹੈ । ਮਨੁੱਖ ਆਪਣੇ ਆਪ ਨੂੰ ਇਕ ਇਹੋ ਜਿਹੀ ਤੰਗ ਗਲੀ ਵਿਚ ਫਸਿਆ ਅਨੁਭਵ ਕਰਦਾ ਹੈ ਜੋ ਨਰਕਾਂ ਵਲ ਨੂੰ ਜਾਂਦੀ ਹੈ ਤੇ ਅਤੀ ਹਨੇਰੀ ਹੁੰਦੀ ਹੈ । ਮਨੁੱਖ ਉਦੋਂ ਹੁੰਦਾ ਹੀ ਨਹੀਂ । ਮਰਿਆ ਹੋਇਆ ਹੁੰਦਾ ਹੈ ।

ਪਹਿਲੀ ਬੱਸ ਦੂਜੀ ਬੱਸ ਨੂੰ ਰਾਹ ਨਹੀਂ ਦੇ ਰਹੀ ਸੀ ਤੇ ਦੂਜੀ ਬੱਸ ਚਾਹੁੰਦੀ ਸੀ ਕਿ ਉਸ ਨੂੰ ਰਾਹ ਦਿਤਾ ਜਾਵੇ । ਸਾਫ਼ ਹੈ, ਇਹ ਵਿਰੋਧੀ ਆਰਜ਼ੂਆਂ ਦੀ ਟੱਕਰ ਸੀ ਜੋ ਬਾਹਰ, ਦਿਸਦੀ ਦੁਨੀਆਂ ਵਿਚ, ਸੜਕ ਉਤੇ ਦੋ ਬੱਸਾਂ ਦੀ ਟੱਕਰ ਬਣਨ ਵਾਲੀ ਸੀ । ਅਸਲ ਵਿਚ ਇਹ ਦੋਵੇਂ ਬੱਸਾਂ, ਠੀਕ, ਵਿਰੋਧੀ ਨਹੀਂ ਸਨ, ਇਕ ਦੂਜੇ ਦੀਆਂ ਹਿਤੂ ਸਨ, ਤੇ ਇਕ ਦੂਜੇ ਦੇ ਹਿਤ ਵਿਚ ਹੀ

ਇਹਨਾਂ ਦੋਹਾਂ ਦਾ ਭਲਾ ਸੀ । ਪਰ, ਕੁਝ ਇਕ ਰੁਚੀਆਂ ਹੁੰਦੀਆਂ ਹਨ ਜੋ ਪੂਰੀਆਂ ਦੋ ਦੁਨੀਆਵਾਂ ਵਿਚ ਵੀ ਟੱਕਰ ਦੇਖਣਾ ਚਾਹੁੰਦੀਆਂ ਹਨ । ਚੂਰ ਚੂਰ ਦੁਨੀਆਂ ਹੀ, ਉਹ ਕਹਿੰਦੇ ਹਨ, ਦਰੁਸਤ ਹੈ । ਦੁਨੀਆਂ ਦੀ ਤਬਾਹੀ ਵਿਚ ਹੀ ਉਹਨਾਂ ਨੂੰ ਲਾਭ ਦਿਸਦਾ ਹੈ ।

ਬਹੁਤ ਹੀ ਉੱਚੀ ਸਮਝ ਨੇ ਇਕ ਸੁੰਦਰ ਰਾਹ ਅਪਣਾਇਆ ਹੈ ਜਿਸਦਾ ਨਾਂ, ਸਿਆਸਤ ਵਿਚ, "ਪੁਰ ਅਮਨ ਸਹਿਹੋਂਦ" ਹੈ । ਕੁਝ ਇਕ ਲੋਕ ਐਸੇ ਹਨ ਜੋ ਇਸ ਰਾਹ ਦੀ ਉੱਤਮਤਾ ਨੂੰ ਠੀਕ ਮਹਿਸੂਸ ਕਰਦੇ ਹਨ ਤੇ ਸੱਚੇ ਦਿਲੋਂ ਇਸ ਰਾਹ ਨੂੰ ਗ੍ਰਹਿਣ ਕਰਨਾ ਚਾਹੁੰਦੇ ਹਨ । ਪਰ ਕੁੱਝ ਇਕ ਲੋਕ ਐਸੇ ਹਨ ਜੋ ਇਸ ਨੂੰ ਉੱਕਾ ਚਾਹੁੰਦੇ ਨਹੀਂ । ਉਹ ਸੜਕ ਉਤੇ ਦੋ ਬੱਸਾਂ ਦੀ ਟੱਕਰ ਦੇਖਣਾ ਚਾਹੁੰਦੇ ਹਨ ।

ਇਹ ਅਤਿ ਦੀ ਮੂੜ੍ਹਮੱਤ ਹੈ ਜੋ ਸੜਕ ਉਤੇ ਦੋ ਬੱਸਾਂ ਦੀ ਟੱਕਰ ਦੇਖਣਾ ਚਾਹੁੰਦੀ ਹੈ ।

ਬੱਸਾਂ ਵਿਚ, ਜ਼ਾਹਿਰ ਹੈ, ਸਵਾਰੀਆਂ ਬੈਠੀਆਂ ਹੋਈਆਂ ਸਨ ਜੋ ਆਪਣੀ ਆਪਣੀ ਮੰਜ਼ਲ ਉਤੇ ਛੇਤੀ ਪਹੁੰਚਣਾ ਚਾਹੁੰਦੀਆਂ ਸਨ । ਕੱਛੂ ਅਤੇ ਸਹੇ ਦੀ ਕਹਾਣੀ ਸੁਣੀ ਹੋਵੇਗੀ ? ਇਹ ਕਹਾਣੀ ਦੱਸਦੀ ਹੈ ਕਿ ਇਕਸਾਰਤਾ ਸਫਲ ਜੀਵਨ ਦੀ ਸਭ ਤੋਂ ਚੰਗੀ ਕੁੰਜੀ ਹੈ । ਛੜਪੇ ਮਾਰਨਾ ਗ਼ਲਤ ਹੈ । ਛੇਤੀ ਦਾ ਇਹ ਮਤਲਬ ਨਹੀਂ ਕਿ ਸਿਰਫ਼ ਛੜੱਪੇ ਮਾਰੇ ਜਾਣ । ਇਕਸਾਰ ਤੇ ਸਹਿਜੇ ਸਹਿਜੇ, ਬੱਝੀ ਹੋਈ ਮਰਿਆਦਾ ਵਿਚ, ਜੀਵਨ ਤੁਰਦਾ ਜਾਵੇ ਤਾਂ ਇਸਦਾ ਨਾਂ ਹੀ "ਛੇਤੀ" ਹੈ । ਕੰਮ ਬਹੁਤਾ ਮੁਕਦਾ ਤੇ ਤਾਕਤ ਘਟ ਲਗਦੀ ਹੈ । ਪਰ, ਆਮ ਕਰਕੇ, ਮੂੜ੍ਹਮੱਤ ਨੂੰ ਇਹ ਵੀ ਗੱਲ ਪਸੰਦ ਨਹੀਂ । ਉਹ ਪਤਾ ਨਹੀਂ ਕੀ ਚਾਹੁੰਦੀ ਹੈ ? ਜੀਵਨ ਵਿਚ ਰਵਾਨੀ ਜਾਂ ਕਾਵਿ ਦੀ ਉਹ ਵੈਰੀ ਹੈ ।

ਹਾਂ, ਇਹ ਮੂੜ੍ਹਮੱਤ ਹੈ ਜੋ ਬਹੁਤ ਕਰਕੇ ਸਾਡੇ ਦੁੱਖਾਂ ਦਾ ਕਾਰਨ ਬਣੀ ਹੁੰਦੀ ਹੈ ।

ਪਹਿਲੀ ਬੱਸ ਤੇ ਦੂਜੀ ਬੱਸ ਵਿਚ ਕਸ਼ਮਕਸ਼ ਹੋ ਰਹੀ ਸਨ । ਪਹਿਲੀ ਬੱਸ ਇਕ ਇੰਚ ਵੀ ਪਰੇ ਨਹੀਂ ਹੋ ਰਹੀ ਸੀ, ਤੇ ਦੂਜੀ ਬੱਸ ਚਾਹੁੰਦੀ ਸੀ ਕਿ ਉਸ ਤੋਂ ਅੱਗੇ ਨਿਕਲ ਜਾਵੇ । ਦੋਹਾਂ ਵਿਚ ਖਿਚਾਓ ਸੀ, ਤੇ ਇਹ ਖਿਚਾਓ ਧਰਤੀ ਉਤੇ ਧੂੜਾਂ ਪੁੱਟਦਾ ਜਾਂਦਾ ਸੀ । ਜਾਪਦਾ ਸੀ, ਦੋ ਦੈਂਤ, ਕਹਿਰ-ਭਰੀਆਂ ਨਜ਼ਰਾਂ ਨਾਲ, ਮੁਕਾਬਲੇ ਵਿਚ ਰੁੱਝੇ ਸਨ ਤੇ ਦੁਨੀਆਂ ਦੀ ਜਾਂ ਮਾਨਵਤਾ ਦੀ ਸੁੱਖ ਨਹੀਂ ਚਾਹ ਰਹੇ ਸਨ । ਉਹਨਾਂ ਦੀ ਸ਼ਕਲ ਐਸੀ ਸੀ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵੀ ਛਿੱਥੇ ਪੈਂਦੇ ਸਨ । ਭਿਆਨਕਤਾ ਡਰ ਰਹੀ ਸੀ ।

ਦੂਜੀ ਬੱਸ ਪਹਿਲੀ ਬੱਸ ਦੇ ਕਾਫ਼ੀ ਨੇੜੇ ਪਹੁੰਚ ਗਈ ਤੇ ਨਾਲੇ ਹਾਰਨ ਦੇਣ ਲੱਗੀ । "ਚੀਂ...ਚੀਂ..." ਇਹ ਹਾਰਨ ਗੂੰਜ ਰਿਹਾ ਸੀ । ਦੂਜੀ ਬੱਸ ਇਸ ਹਾਰਨ ਨੂੰ ਬਰਛੇ ਵਾਂਗੂ ਸੇਧਦੀ ਤੇ ਪਹਿਲੀ ਬੱਸ ਦੇ ਸੀਨੇ ਵਿਚੋਂ ਆਰ ਪਾਰ ਕਰਦੀ ਜਾਂਦੀ । ਆਖ਼ਿਰ ਇਕ ਲੜਾਈ ਸੀ ? ਤੇ ਬਰਛਾ ਜਾ ਗੰਡਾਸਾ ਤਾਂ ਲੜਾਈ ਵਿਚ ਜ਼ਰੂਰੀ ਸੀ ?

ਪਹਿਲੀ ਬੱਸ ਦੂਜੀ ਬੱਸ ਨੂੰ ਮੌਤ ਖ਼ਿਆਲ ਕਰਦੀ ਸੀ ਜੋ ਚੀਖ਼ਦੀ, ਚੰਘਿਆੜਦੀ ਤੇ ਅੱਗੇ ਲੰਘਣਾ ਚਾਹੁੰਦੀ ਸੀ । ਦੂਜੀ ਬੱਸ ਵੀ ਪਹਿਲੀ ਬੱਸ ਨੂੰ ਮੌਤ ਹੀ ਗਿਣਦੀ ਹੋਵੇਗੀ ? ਜ਼ਿੰਦਗੀ ਵਿਚ ਇਕ ਸਿਫ਼ਤ ਹੈ : ਮੌਤ ਨਾਲ ਉਹ ਪੂਰਾ ਪੂਰਾ ਆਹਡਾ ਲੈਣਾ ਚਾਹੁੰਦੀ ਹੈ । ਮੌਤ ਰਾਹ

ਮੰਗਦੀ ਹੈ, ਜ਼ਿੰਦਗੀ ਰਾਹ ਰੋਕਦੀ ਤੇ ਉਸ ਨਾਲ ਟੱਕਰ ਲੈਂਦੀ ਹੈ। ਜਿਥੇ ਮੌਤ ਹੁੰਦੀ ਹੈ, ਉਥੇ ਜ਼ਿੰਦਗੀ ਆਉਂਦੀ ਤੇ ਉਸ ਤੋਂ ਥਾਂ ਮੰਗਦੀ ਹੈ। ਦੋਹਾਂ ਵਿਚ ਲੜਾਈ ਹੈ। ਹੋਂਦ ਦੀ ਲੜਾਈ ਮੁਫਾਦ ਦੀ ਲੜਾਈ।

ਇਹ ਲੜਾਈ, ਨਿਰਸੰਦੇਹ, ਬਹੁਤ ਪਵਿੱਤਰ ਹੁੰਦੀ ਹੈ, ਜੇ ਇਹ ਸਹੀ ਹੁੰਦੀ ਹੈ। ਜੇ ਇਹ ਸਿਰਫ਼ ਸ਼ੌਕ ਲਈ ਹੀ ਸ਼ੁਰੂ ਕੀਤੀ ਜਾਂਦੀ ਹੈ, ਤਦ ਇਹ ਬੁਰੀ ਹੁੰਦੀ ਹੈ। ਮੂਰਖਤਾ ਦੀ ਉਪਜ।

ਇਹ ਲੜਾਈ ਸਹੀ ਸੀ ਜਾਂ ਮੂਰਖਤਾ ਦੀ ਉਪਜ ਸੀ ? ਅਜੇ ਜਵਾਬ ਮੁਸ਼ਕਿਲ ਹੈ। ਸ਼ਾਇਦ ਅੰਤ ਦੱਸੇ ਕਿ ਇਹ ਲੜਾਈ ਸਹੀ ਨਹੀਂ, ਮੂਰਖਤਾ ਦੀ ਉਪਜ ਸੀ। ਨਿੱਕੀ ਨਿੱਕੀ ਗੱਲ ਪਿਛੇ ਖਹਿਣਾ ਸ਼ੁਰੂ ਕਰਨਾ ਤੇ ਜ਼ਿੰਦਗੀ ਵਿਚ ਤੇ ਮੌਤ ਵਿਚ ਕੋਈ ਫ਼ਰਕ ਹੀ ਨਾ ਸਮਝਣਾ ਕੋਈ ਅਕਲਮੰਦੀ ਨਹੀਂ ਹੈ, ਡੰਗਰਾਂ ਵਾਲੀ ਸਮਝ ਹੈ। ਪਰ ਡੰਗਰਾਂ ਵਾਲੀ ਸਮਝ ਨੂੰ—ਇਹ ਦੁਨੀਆਂ ਦਾ ਦੁਖਾਂਤ ਹੈ–ਬਹਾਦਰੀ ਮੰਨਿਆ ਜਾਂਦਾ ਹੈ। ਹਾਲਾਂਕਿ ਬਹਾਦਰੀ ਵਿਚ ਸਮਝ ਦੀ ਪੂਰੀ ਲੋੜ ਹੈ।

ਠੀਕ ਹੈ, ਸਵਾਰੀਆਂ ਦੀ ਦੋਹਾਂ ਨੂੰ ਹੀ ਲੋੜ ਸੀ। ਪਰ ਜਾਨਾਂ ਦੀ ਵੀ,ਨਿਰਸੰਦੇਹ, ਦੋਹਾਂ ਨੂੰ ਹੀ ਲੋੜ ਸੀ। ਡਰਾਈਵਰਾਂ ਨੂੰ ਨਹੀਂ ਤਾਂ ਸਵਾਰੀਆਂ ਨੂੰ ਲੋੜ ਸੀ। ਕੀ, ਕਦੇ, ਇਕ ਸਵਾਰੀ, ਇਕ ਮਨੁੱਖ ਦੀ ਜਾਨ ਨਾਲੋਂ ਵਧ ਕੀਮਤੀ ਹੁੰਦੀ ਹੈ ? ਪਰ ਇਹ ਯੁਗ ਹੀ ਐਸਾ ਹੈ ਕਿ ਇਥੇ ਸਵਾਰੀ ਦੀ, ਜਾਂ ਪੈਸੇ ਦੀ ਕੋਈ ਕੀਮਤ ਹੈ, ਮਨੁੱਖ ਦੀ ਕੋਈ ਕੀਮਤ ਨਹੀਂ। ਮਨੁੱਖ, ਇਸ ਸਮਾਜ ਵਿਚ, ਸਭ ਤੋਂ ਸਸਤੀ ਚੀਜ਼ ਹੈ।

ਸੜਕਾਂ ਉਤੇ, ਕਿਤੇ ਕਿਤੇ, ਬੋਰਡ ਲਿਖੇ ਹੁੰਦੇ ਹਨ ਕਿ ਕਦੇ ਵੀ ਨਾ ਪਹੁੰਚਣ ਨਾਲੋਂ, ਲੇਟ ਪਹੁੰਚਣਾ ਚੰਗਾ ਹੈ। ਜੀਵਨ ਬਹੁਤ ਅਮੁੱਲ ਹੈ। ਬਚਾਓ ਪਹਿਲੀ ਚੀਜ਼ ਹੈ। ਪਰ ਇਹਨਾਂ ਵਿਚਾਰੇ ਬੋਰਡਾਂ ਦੀ ਸੁਣਦਾ ਕੌਣ ਭੜੂਆ ਹੈ ? ਫ਼ੇਰ, ਅਜੇ ਵੀ ਇਹ ਬੋਰਡ ਅੰਗ੍ਰੇਜ਼ਾਂ ਲਈ ਲਿਖੇ ਹਨ। ਜੇ ਪੰਜਾਬ ਦੀ ਧਰਤੀ ਹੈ ਤਾਂ ਬੋਰਡ ਅੰਗ੍ਰੇਜ਼ੀ ਵਿਚ ਹਨ। ਕੀ ਪੰਜਾਬ ਦੇ ਬੱਸਾਂ ਜਾਂ ਟਰੱਕਾਂ ਦੇ ਡਰਾਈਵਰ ਅੰਗ੍ਰੇਜ਼ੀ ਬੋਰਡ ਪੜ੍ਹਨਗੇ ਤੇ ਉਹਨਾਂ ਦੀ ਰੂਹ ਨੂੰ ਸਮਝਣਗੇ ? ਪੰਜਾਬੀ ਵੀ ਉਹ ਪੜ੍ਹ ਲੈਣ ਤਾਂ ਬਹੁਤ ਹੀ ਚੰਗੀ ਗੱਲ ਹੈ।

ਫੇਰ, ਸਿਰਫ ਪੜ੍ਹਨ ਨਾਲ ਹੀ ਕੰਮ ਨਹੀਂ ਨਾ ਸੌਰ ਜਾਂਦਾ। ਅਮਲ, ਜਿਹੜਾ ਹੁੰਦਾ ਹੈ, ਉਸਦਾ ਸਭ ਨੂੰ ਪਤਾ ਹੈ।

ਦੁਨੀਆ ਬੜੀ ਕਸੂਤੀ ਹੈ। ਛੇਤੀ ਛੇਤੀ ਕਿਸੇ ਨੂੰ ਇਹ ਰਸਤਾ ਨਹੀਂ ਦੇਣਾ ਚਾਹੁੰਦੀ। ਦੂਜੀ ਬੱਸ ਕਿੰਨੇ ਚਿਰ ਤੋਂ ਹਾਰਨ ਦਿੰਦੀ ਆਉਂਦੀ ਤੇ ਰਸਤਾ ਮੰਗਦੀ ਆਉਂਦੀ ਸੀ। ਪਰ ਪਹਿਲੀ ਬੱਸ ਦੇ ਕੰਨਾਂ ਉਤੋਂ ਜੂੰ ਨਹੀਂ ਸੀ ਸਰਕਦੀ। ਬੜੀ ਹੀ ਭੈੜੀ ਬੱਸ ਸੀ। ਜੇ ਉਹ ਤੇਜ਼ ਹੁੰਦੀ ਤਾਂ ਉਹ ਵੀ ਤੇਜ਼ ਹੋ ਜਾਂਦੀ ਸੀ ਤੇ ਦੂਜੀ ਬੱਸ ਤੋਂ ਹਰ ਹਾਲਤ ਵਿਚ ਅੱਗੇ ਰਹਿਣਾ ਚਾਹੁੰਦੀ ਸੀ। ਪਹਿਲੀ ਬੱਸ, ਦੂਜੀ ਬੱਸ ਨੂੰ ਬਹੁਤ ਹੀ ਬੁਰੀ ਲਗਦੀ ਸੀ। ਜਿਵੇਂ ਦੁਸ਼ਮਣ ਹੁੰਦੀ ਹੈ।

ਦੁਸ਼ਮਣ ਉਤੇ ਹਰ ਕੋਈ ਆਪਣੀ ਜਿੱਤ ਦੇਖਣੀ ਚਾਹੁੰਦਾ ਹੈ। ਦੁਸ਼ਮਣ ਚੀਜ਼ ਹੀ ਐਸੀ ਹੈ ਕਿ ਦੇਖਦਿਆਂ ਹੀ ਸੀਨੇ ਵਿਚ ਇਕ ਅੱਗ ਜਿਹੀ ਭੜਕਣ ਲਗਦੀ ਹੈ। ਬੰਦਾ ਆਮ ਹੀ ਹੁੰਦਾ ਹੈ, ਪਰ ਜਦ ਉਹ ਦੁਸ਼ਮਣ ਹੁੰਦਾ ਹੈ ਤਾਂ ਖ਼ਾਸ ਜਿਹਾ ਜਣ ਜਾਂਦਾ ਹੈ। ਇਹ ਵੀ ਬਹੁਤ ਠੀਕ ਹੈ ਕਿ ਦੁਸ਼ਮਣ ਸਾਡੀ ਸ਼ਕਤੀ ਦਾ ਇਕ ਛੁਪਿਆ ਭੇਤ ਵੀ ਹੁੰਦਾ ਹੈ। ਸੱਪ ਜਾਂ ਸ਼ੀਂਹ ਦੇਖਦਿਆਂ ਹੀ

ਪਹਿਲਾਂ ਬੰਦਾ ਡਰਦਾ ਹੈ । ਫੇਰ ਇਹ ਡਰ, ਅਚਾਨਕ, ਐਸੀ ਨਿਡੱਰਤਾ ਬਣ ਜਾਂਦਾ ਹੈ ਕਿ ਬੰਦਾ ਜੂਝਣ ਲਗਦਾ ਹੈ । ਸੱਪ ਜਾਂ ਸ਼ੀਂਹ, ਬੰਦੇ ਸਾਹਮਣੇ, ਨਿਰਜਿੰਦ ਹੋ ਜਾਂਦੇ ਹਨ । ਜਾਂ ਫੇਰ ਇਤਨੀ ਤੇਜ਼ੀ ਨਾਲ ਬੰਦਾ ਦੌੜਨ ਲਗਦਾ ਹੈ ਕਿ ਸੱਪ ਜਾਂ ਸ਼ੀਂਹ ਦੇ ਮਾਰੂ ਹਮਲੇ ਉਸ ਤੋਂ ਦੂਰ ਰਹਿ ਜਾਂਦੇ ਹਨ । ਮਤਲਬ ਹੈ,ਦੁਸ਼ਮਣ ਸਾਨੂੰ ਤਾਕਤਵਾਰ ਵੀ ਕਰਦਾ ਹੈ,ਤੇ ਜੂਝਣ ਲਈ ਉਤਸ਼ਾਹਤ ਵੀ।

ਦੂਜੀ ਬੱਸ ਵਿਚ ਤਾਕਤ ਤੇ ਉਤਸ਼ਾਹ ਦੀ ਲਾਟ ਜਗੀ ਤੇ ਨਾਲੇ ਧੜਕਣ ਤਿੱਖੀ ਹੋਈ । ਗੁੱਸਾ ਵੀ ਇਸ ਤਾਕਤ ਤੇ ਉਤਸ਼ਾਹ ਵਿਚ ਰਲਿਆ ਹੋਇਆ ਸੀ ।

ਗੁੱਸਾ, ਸਾੜਾ, ਵੈਰ, ਕਦੂਰਤ, ਬਹੁਤ ਹੀ ਤਕੜੇ ਜਜ਼ਬੇ ਹਨ ਜੋ ਹਸਦੀ ਵਸਦੀ ਦੁਨੀਆਂ ਨੂੰ ਫਨਾਹ ਤਕ ਕਰ ਜਾਂਦੇ ਹਨ । ਜਦ ਇਹ ਜਜ਼ਬੇ ਸੂਖ਼ਮ ਤੋਂ ਅਸਥੂਲ ਰੂਪ ਵਿਚ ਆਉਂਦੇ ਹਨ ਤਾਂ ਮੁੱਕੀਆਂ ਵੱਟੀਆਂ ਜਾਂਦੀਆਂ ਤੇ ਦੰਦ ਕਰੀਚੇ ਜਾਂਦੇ ਹਨ । ਛਵੀ ਤਿੱਖੀ ਹੁੰਦੀ ਤੇ ਲਹੂ ਲਹੂ ਕੁਰਲਾਂਦੀ ਹੈ । ਐਟਮ ਬੰਬ ਜਾਂ ਹਾਈਡਰੋਜਨ ਬੰਬ ਵੀ ਇਵੇਂ ਹੀ ਬਣਦੇ ਹਨ। ਫੇਰ ਦੁਨੀਆਂ ਹੀਰੋਸ਼ੀਮਾ ਜਾਂ ਨਾਗਾਸਾਕੀ ਬਣ ਜਾਂਦੀ ਹੈ ਤੇ ਕਹਿੰਦੀ ਹੈ ਕਿ ਦੁਨੀਆਂ ਵਿਚੋਂ ਉਹ ਤਜ਼ਾਦ ਮੁਕਾਓ ਜੋ ਐਟਮ ਬੰਬ ਜਾਂ ਹਾਈਡਰੋਜਨ ਬੰਬ ਨੂੰ ਜਨਮ ਦਿੰਦੇ ਹਨ । ਛਵੀ, ਜੋ ਲਹੂ ਮੰਗਦੀ ਹੈ, ਖੇਤਾਂ ਵਿਚ ਪਹੁੰਚਾਓ ਤੇ ਉਸ ਨਾਲ ਪੈਦਾਵਾਰ ਵਧਾਓ। ਮੁੱਕੀਆਂ ਜਾਂ ਦੰਦ-ਕਰੀਚਾਂ ਜੰਗਲ ਦੀ ਤਹਿਜ਼ੀਬ ਹੈ । ਆਓ, ਜੰਗਲ ਕੱਟੀਏ ਤੇ ਸੁਹਣੇ ਸੁਹਣੇ ਖੇਤ ਉਗਾਈਏ ! ਪਰ ਇਹ ਸੁਣਦਾ ਕੌਣ ਹੈ ? ਦੁਨੀਆਂ ਉਵੇਂ ਦੀ ਉਵੇਂ ਹੈ ।

ਦੂਜੀ ਬੱਸ, ਰੋਹ ਦੀ ਭਰੀ,ਏਨੀ ਧਾਹ ਕੇ ਆਈ ਕਿ ਪਹਿਲੀ ਬੱਸ ਦੇ,ਮੱਲੋ ਮੱਲੀ, ਐਨ ਬਰਾਬਰ ਪਹੁੰਚ ਗਈ ਤੇ ਐਨ ਬਰਾਬਰ ਚੱਲਣ ਲਗੀ । ਪਹਿਲੀ ਬੱਸ ਵੀ ਬੁਰੀ ਸੀ । ਦੂਜੀ ਬੱਸ ਜਦ ਮੱਲੋ ਮੱਲੀ ਅਗੇ ਲੰਘਣ ਲਗੀ ਤਾਂ ਉਹ ਵੀ ਤੇਜ਼ ਹੋ ਗਈ ਤੇ ਉਹ ਵੀ ਅੱਗੇ ਲੰਘਣ ਲੱਗੀ । ਹੁਣ ਮੁਕਾਬਲਾ ਸ਼ੁਰੂ ਸੀ । ਦੋਹਾਂ ਵਿਚ ਹੁਣ ਮਰ-ਮਿਟਣ ਦੀ ਬਾਜ਼ੀ ਲੱਗੀ ਹੋਈ ਸੀ ।

ਦੋਵੇਂ ਬੱਸਾਂ, ਨਾਲੋ ਨਾਲ, ਬਰਾਬਰ ਜਾ ਰਹੀਆਂ ਸਨ । ਬਹੁਤ ਹੀ ਥੋੜਾ ਫ਼ਰਕ ਸੀ । ਦੋਹਾਂ ਦੀਆਂ ਸਵਾਰੀਆਂ ਵੀ ਇਕ ਦੂਜੀ ਨੂੰ ਤਕੱਦੀਆਂ ਤੇ ਅੰਦਰ ਝਾਤੀ ਮਾਰਦੀਆਂ । ਜਾਪਦਾ ਸੀ, ਦੋਵੇਂ ਬੱਸਾਂ ਨਾਲੋਂ ਨਾਲ ਹੀ ਖੜੀਆਂ ਸਨ । ਪਰ ਧਰਤੀ ਨੂੰ ਹੀ ਪਤਾ ਸੀ ਕਿ ਅਸਲੀ ਹਾਲਤ ਕੀ ਸੀ । ਜਾਂ ਪਹੀਆਂ ਨੂੰ ਤੇ ਹੋਰ ਮਸ਼ੀਨੀ ਪੁਰਜ਼ਿਆਂ ਨੂੰ ਪਤਾ ਸੀ । ਬਿਰਛ, ਬੂਟੇ, ਛੇਤੀ ਛੇਤੀ, ਏਕਣ ਨੱਸੇ ਜਾਂਦੇ ਸਨ ਜਿਵੇਂ ਤੂਫ਼ਾਨ ਵਗਦਾ ਜਾਂ ਤੇਜ਼ ਹਨੇਰੀ ਝੁਲਦੀ ਹੋਵੇ । ਦੈਂਤਾਂ ਦੀਆਂ ਚਿਘਾੜਾਂ ਵਾਂਗ ਹਾਰਨ ਚੀਖ਼ ਰਹੇ ਸਨ । ਬਿਲਾ ਸ਼ੱਕ, ਹਰ ਤਰ੍ਹਾਂ, ਇਹ ਬਹੁਤ ਹੀ ਭੈੜਾ ਸਮਾਂ ਸੀ । ਰਾਖਸ਼-ਮੱਤ ਪ੍ਰਧਾਨ ਸੀ ।

ਧਰਤੀ ਪੁਟਦੀਆਂ ਜਾਂਦੀਆਂ ਬੱਸਾਂ ਬਹੁਤ ਹੀ ਨੇੜੇ ਨੇੜੇ ਸਨ । ਸਿਰਫ਼ ਫੁਟ ਜਾਂ ਸਵਾ ਫੁਟ ਹੀ ਦੋਹਾਂ ਵਿਚਕਾਰ ਫ਼ਰਕ ਸੀ । ਪਰ ਇਕ ਸਮਾਂ ਆਇਆ ਕਿ ਇਹ ਫਰਕ ਵੀ ਘਟ ਕੇ ਥੋੜਾ ਹੋ ਗਿਆ । ਇਕ ਫੁਟ ਤੋਂ ਅੱਧ ਫੁੱਟ ਤੇ ਫੇਰ ਤਿੰਨ ਜਾਂ ਚਾਰ ਇੰਚ । ਕਦੇ ਤਿੰਨ,ਕਦੇ ਚਾਰ, ਇਕ ਸਮੇਂ ਤਾਂ ਲਗਾ ਕਿ ਸਿਰਫ਼ ਇਕ ਹੀ ਇੰਚਹੈ । ਥੋੜਾ ਵਧ ਵੀ ਹੁੰਦਾ ਤਾਂ ਕਿਹੜਾ ਵੱਡਾ ਫ਼ਰਕ ਸੀ ? ਹੁਣੇ ਬੱਸਾਂ ਛੁਹੀਆਂ ਤੇ ਹੁਣੇ ਫੱਟੀ ਫੱਟੀ ਹੋਈਆਂ ।

ਸਵਾਰੀਆਂ, ਜੋ ਸ਼ੁਰੂ ਸ਼ੁਰੂ ਵਿਚ ਹਾਸੀ ਸਮਝ ਰਹੀਆਂ ਸਨ, ਹੁਣ ਗੰਭੀਰ ਹੋਈਆਂ ਤੇ

ਤ੍ਰਲੀ ਤ੍ਰਲੀ ਹੋਣ ਲਗੀਆਂ। ਆਖ਼ਿਰ ਹੋ ਕੀ ਰਿਹਾ ਸੀ ? ਦੋ ਉੱਕਾ ਮੂੜ੍ਹ ਡਰਾਈਵਰ, ਆਪਣਾ ਮਨ ਪਰਚਾਉਂਦੇ ਤੇ ਏਨੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਹੋਲੀ ਖੇਡਣਾ ਚਾਹੁੰਦੇ ਸਨ। ਉਹ ਬੰਦੇ ਸਨ ਜਾਂ ਭੂਤਨੇ ? ਦੋਹਾਂ ਵਿਚੋਂ ਕਿਸੇ ਵਿਚ ਵੀ ਆਦਮੀਅਤ ਨਹੀਂ ਸੀ। ਉੱਕਾ ਹੀ ਹੈਵਾਨ ਸਨ।

ਆਖ਼ਿਰ ਕੁਝ ਸਵਾਰੀਆਂ ਨੇ ਸ਼ੋਰ ਮਚਾਉਣਾ ਸ਼ੁਰੂ ਕੀਤਾ :

"ਓ—ਡਰਾਈਵਰ !"

"ਹੌਲੀ ਕਰੋ ਹੌਲੀ ਬੱਸ !"

"ਐਕਸੀਡੈਂਟ ਕਰਨਾ ਹੈ...?"

"ਆਦਮੀਅਤ ਹੈ ਕਿ ਨਹੀਂ ? ਮਾਰਨਾ ਹੈ ਸਾਨੂੰ...?"

ਕੰਡਕਟਰ ਨੇ ਵੀ ਆਖਿਆ :

"ਓਏ ਦੇਖਿਓ ਓਏ ਦੇਖਿਓ !"

ਡਰਾਈਵਰ ਕਿਥੇ ਸੁਣਦੇ ਸਨ ? ਉਹ ਆਪਣੇ ਆਪਣੇ ਵੀਲ੍ਹਾਂ ਉਤੇ ਏਕਣ ਤਣੇ ਬੈਠੇ ਸਨ ਜਿਵੇਂ ਭੇੜੀਏ ਹੁੰਦੇ ਹਨ। ਭੇੜੀਆਂ ਵਾਂਗ ਹੀ ਇਕ ਦੂਜੇ ਵਲ ਕੌੜਾ ਕੌੜਾ ਝਾਕਦੇ।

ਦੋ ਮੀਲ ਕਿ ਤਿੰਨ ਮੀਲ ਇਹ ਦੌੜ ਲਗੀ ਆਈ ਸੀ। ਤਾਂਗਾ, ਸਾਈਕਲ, ਗੱਡਾ, ਪੈਦਲ, ਕਿਸੇ ਨਹੀਂ ਸੀ ਦੇਖਿਆ। ਪਤਾ ਨਹੀਂ ਉਹ ਆਪਣੇ ਆਪ ਹੀ ਕਿਵੇਂ ਬਚਦੇ ਰਹੇ ਸਨ। ਪਿਛਲੇ ਅੱਡਿਓਂ ਅਗਲਾ ਅੱਡਾ ਲਗ ਭਗ ਪੰਜ ਕੁ ਮੀਲ ਸੀ। ਮੀਲ ਕੁ ਸਫਰ ਰਿਹਾ ਤਾਂ ਸ਼ਹਿਰ ਕਰਕੇ, ਦੋਵੇਂ ਬੱਸਾਂ, ਥੋੜਾ ਹੌਲੀ ਹੋਈਆਂ ਤੇ ਫੇਰ ਆਪਣੇ ਆਪ ਹੀ ਉਹ ਅੱਗੇ ਪਿੱਛੇ ਚੱਲਣ ਲਗੀਆਂ। ਕਿਹੜੀ ਬੱਸ ਅੱਗੇ ਸੀ ? ਹੁਣ ਇਸਦੀ ਚਿੰਤਾ ਨਹੀਂ ਸੀ। ਦੋਹਾਂ ਨੇ ਹੀ ਇਕੋ ਸਮੇਂ ਹੁਣ ਅੱਡੇ ਵਿਚ ਜਾ ਰਹਿਣਾ ਸੀ ਤੇ ਥੋੜੀ ਧੂੜ ਉਡਾਉਣੀ ਤੇ ਫੇਰ ਖੜੇ ਹੋ ਜਾਣਾ ਸੀ। ਸਵਾਰੀਆਂ ਨੇ ਦੋਹਾਂ ਵਿਚ ਹੀ ਥੋੜਾ ਥੋੜਾ ਬਹਿ ਜਾਣਾ ਸੀ। ਕਿਸੇ ਉਧਰ ਭੱਜਣਾ ਤੇ ਕਿਸੇ ਨੇ ਉਧਰ ਜਾਣਾ ਸੀ।

ਅੱਗੜ ਪਿੱਛੜ ਦੋਵੇਂ ਬੱਸਾਂ ਅੱਡੇ ਵਿਚ ਜਦ ਆਈਆਂ ਤਾਂ ਕੁਝ ਸਵਾਰੀਆਂ ਦੋਹਾਂ ਦੇ ਡਰਾਈਵਰਾਂ ਨੂੰ ਆਖਣ ਲਗੀਆਂ :

"ਆਖਿਰ ਮਤਲਬ ਕੀ ਸੀ ਇਹ ? ਬਹੁਤ ਹੀ ਭੈੜੀ ਗੱਲ ਸੀ ਇਹ......?"

ਡਰਾਈਵਰ ਸੁਣਦੇ ਨਹੀਂ ਸਨ। ਬੱਸਾਂ ਵਿਚੋਂ ਲਹਿਕੇ ਉਹ ਹੱਸਣ ਲਗੇ ਤੇ ਫੇਰ ਇਕੱਠੇ ਜਾ ਖਲੋਏ। ਇਕ ਸਵਾਰੀ ਨੇ ਆਖਿਆ :

"ਆਖਿਰ ਕੀਤਾ ਕੀ ਹੈ ਤੁਸੀਂ ?"

ਇਕ ਕੰਡਕਟਰ ਬੋਲਿਆ :

"ਕੀ ਗੱਲ ਐ ਮਹਾਰਾਜ ?"

"ਇਹ ਰਸਤੇ ਵਿਚ ਕੀ ਕਰਦੇ ਸਉ ? ਐਕਸੀਡੈਂਟ ਕਰਨਾ ਸੀ ?"

"ਐਕਸੀਡੈਂਟ ਨਾ ਹੋਰ ਕੁਝ।"

"ਏਨੀ ਗੈਰ-ਜ਼ੁਮੇਵਾਰੀ......?"

ਡਰਾਈਵਰ ਮੁਸਕਰਾਏ ਤੇ ਉਤਾਂਹ ਵਲ ਨੂੰ ਦੇਖਣ ਲਗੇ। ਸਵਾਰੀ, ਉਹਨਾਂ ਦੀਆਂ ਨਜ਼ਰਾਂ ਵਿਚ, ਇਕ ਹਕੀਰ ਕੀੜਾ ਸੀ ਜਿਸ ਨੂੰ ਪਤਾ ਹੀ ਨਹੀਂ ਸੀ ਕੁਝ। ਆਖਿਰ ਉਹ ਡਰਾਈਵਰ ਸਨ ? ਉਹਨਾਂ ਨੂੰ ਸਭ ਹੀ ਪਤਾ ਸੀ ਕਿ ਐਕਸੀਡੈਂਟ ਕੀ ਹੁੰਦਾ ਹੈ। ਸਵਾਰੀਆਂ ਨੂੰ ਕੀ ਪਤਾ ਹੈ ?

ਦੋਵੇਂ, ਜਿਹੜੇ ਇਕ ਦੂਜੇ ਨੂੰ ਭੇੜੀਆਂ ਵਾਂਗੂ ਤੱਕਦੇ ਤੇ ਦੁਸ਼ਮਣ ਸਮਝ ਰਹੇ ਸਨ, ਹੁਣ ਕੋਲੋ ਕੋਲ ਖਲੋਤੇ ਤੇ ਰਲਕੇ ਚਾਹ ਪੀ ਰਹੇ ਸਨ। ਉਹਨਾਂ ਨੂੰ ਯਾਦ ਹੀ ਨਹੀਂ ਸੀ ਕਿ ਪਿਛੇ ਕੀ ਕੁਝ ਹੋਇਆ ਸੀ।

— — — —

ਪਾਰ
ਦਰ
ਸ਼ੀ

ਜਸਵੰਤ ਸਿੰਘ ਵਿਰਦੀ

ਮੈਨੂੰ ਬਹੁਤ ਹੀ ਪਰੇਸ਼ਾਨ ਵੇਖ ਕੇ ਚਾਹ ਦੇ ਖੋਖੇ ਵਾਲੇ ਨੇ ਪੁਛਿਆ ਕਿ ਮੇਰਾ ਬੈਗ ਤਾਂ ਨਹੀਂ ਗੁਆਚ ਗਿਆ ?...ਮੇਰਾ ਉੱਤਰ ਹਾਂ ਵਿਚ ਸੁਣ ਕੇ ਉਹਨੇ ਕਿਹਾ ਕਿ ਬੈਗ ਇਕ ਕੁੜੀ ਚੁੱਕ ਕੇ ਲੈ ਗਈ ਹੈ। ਬੈਗ ਘੰਟਾ ਕੁ ਪਹਿਲਾਂ ਗੁਆਚਾ ਸੀ। ਇਹ ਗੱਲ ਸੁਣ ਕੇ ਉਹਨੇ ਫੇਰ ਕਿਹਾ—"ਬਸ ਉਦੋਂ ਹੀ ਉਹ ਲੰਘੀ ਸੀ...। ਕਈ ਵਾਰ ਏਧਰ ਦੀ ਲੰਘਦੀ ਹੈ। ਸਾਂਵਲੀ ਜਿਹੀ ਉੱਚੀ ਲੰਮੀ, ਪਤਲੀ ਜਿਹੀ ਕੁੜੀ......।"

ਮੈਂ ਉਹਦਾ ਆਖਰੀ ਵਾਕ ਪੂਰੀ ਤਰ੍ਹਾਂ ਨਹੀਂ ਸੁਣਿਆ ਤੇ ਝੱਟ ਦੇ ਕੇ ਸਾਈਕਲ ਕੀਰਤੀ ਨਗਰ ਵੱਲ ਠੇਲ੍ਹ ਲਈ।......ਪਲਾਂ ਵਿਚ ਹੀ ਮੈਂ ਕੀਰਤੀ ਨਗਰ ਦੀਆਂ ਵੀਰਾਨ ਸੜਕਾਂ ਗਾਹ ਮਾਰੀਆਂ ਮਤੇ ਉਹ ਫੋਲ ਫਾਲ ਕੇ ਬੈਗ ਵੀਰਾਨ ਥਾਵੇਂ ਸੁੱਟ ਗਈ ਹੋਵੇ। ਪਰ ਉਹਨਾਂ ਸੜਕਾਂ ਤੇ ਥਾਂ-ਕੁ-ਥਾਂ ਗੰਦੇ ਚੀਥੜੇ, ਫਟੇ ਹੋਏ ਗੁਬਾਰੇ ਅਤੇ ਬੇਕਾਰ ਕੱਚ ਦੇ ਟੋਟੇ ਤਾਂ ਪਏ ਸਨ ਪਰ ਬੈਗ ਕਿਤੇ ਨਹੀਂ ਸੀ। ਉਸ ਵੇਲੇ ਮੈਨੂੰ ਬੈਗ ਵਿਚ ਪਏ ਬਹੁਤ ਸਾਰੇ ਜ਼ਰੂਰੀ ਕਾਗਜ਼ਾਂ ਦਾ ਖਿਆਲ ਆਇਆ ਜਿਹਨਾਂ ਨੂੰ ਮੈਂ ਕਈ ਦਿਨਾਂ ਦੀ ਮਿਹਨਤ ਨਾਲ ਤਿਆਰ ਕੀਤਾ ਸੀ। ਜੇ ਕਰ ਉਹ ਕਿਸੇ ਸ਼ਰਾਰਤੀ ਬੰਦੇ ਦੇ ਹੱਥ ਆ ਜਾਣ ਤਾਂ ਮੇਰੀ ਨੌਕਰੀ ਵੀ ਜਾ ਸਕਦੀ ਸੀ।

ਦੁਪਹਿਰਾਂ ਢੱਲ ਰਹੀਆਂ ਸਨ ਤੇ ਧਰਤੀ ਚੋਂ ਸੇਕ ਨਿਕਲ ਰਿਹਾ ਸੀ। ਮੇਰਾ ਸੰਘ ਸੁੱਕ ਗਿਆ ਸੀ ਤੇ ਸਾਹ ਉਖੜ ਰਿਹਾ ਸੀ। ਦੂਜੇ ਪਲ ਮੈਂ ਸੋਚ ਰਿਹਾ ਸਾਂ ਕਿ ਕੀਰਤੀ ਨਗਰ ਦੇ ਇਕ ਇਕ ਘਰ ਨੂੰ ਸੁੰਘਾਂ ਤੇ ਬੈਗ ਦੀ ਸੂਹ ਕੱਢਾਂ।

ਇੰਜ ਸੋਚਦਿਆਂ ਹੋਇਆਂ ਮੈਂ ਕੀਰਤੀ ਨਗਰ ਦੀ ਮੇਨ ਸੜਕ ਤੇ ਆ ਗਿਆ ਸਾਂ। ਮਨ 'ਚ ਆਇਆ ਕਿ ਕਿਸੇ ਦੁਕਾਨ ਤੋਂ ਕੋਕਾ ਕੋਲਾ ਪੀਵਾਂ। ਫੇਰ ਖਿਆਲ ਆਇਆ ਕਿ ਮੈਂ ਕਿਹੜਾ ਜੰਗ ਜਿੱਤ ਕੇ ਆਇਆ ਹਾਂ। ਮੈਨੂੰ ਤਾਂ ਅੱਜ ਖਾਰਾ ਸੋਢਾ ਵੀ ਨਹੀਂ ਪੀਣਾ ਚਾਹੀਦਾ।

ਹਾਲੇ ਤਕ ਮੈਂ ਪੀਣ ਤੇ ਨਾ ਪੀਣ ਦੇ ਇਸ ਕਰਾਈਸਿਸ (ਦੁਬਿਧਾ) ਵਿਚ ਹੀ ਸਾਂ ਜਦੋਂ ਮੇਰੀਆਂ ਰੌਸ਼ਨ ਅੱਖਾਂ ਨੇ ਵੇਖਿਆ ਕਿ ਮੇਰੇ ਬਰਾਬਰ ਦੋ ਕੁੜੀਆਂ ਤੁਰੀਆਂ ਜਾ ਰਹੀਆਂ ਸਨ। ਕੁੜੀਆਂ ਦਾ ਸੜਕ ਤੇ ਤੁਰੇ ਜਾਣਾ ਸਾਧਾਰਨ ਗੱਲ ਸੀ ਪਰ ਉਹਨਾਂ ਦੋਵਾਂ ਚੋਂ ਇਕ ਕੁੜੀ ਨੇ ਅਖ਼ਬਾਰ ਦੇ ਪੁਰਾਣੇ ਪੀਲੇ ਕਾਗਜ਼ ਵਿਚ ਇਕ ਬੈਗ ਲਪੇਟਿਆ ਹੋਇਆ ਸੀ। ਉਹ ਕੁੜੀ ਸਾਂਵਲੀ ਵੀ ਸੀ ਤੇ ਹੋ ਸਕਦਾ ਹੈ ਉੱਚੀ ਲੰਮੀ ਵੀ ਹੋਵੇ......(ਕਹਿ ਨਹੀਂ ਸਕਦਾ!) ਬੈਗ ਦੀ ਤਣੀ

ਕਾਗਜ਼ ਚੋਂ ਬਾਹਰ ਪੂਛ ਵਾਂਗ ਥਿਰਕ ਰਹੀ ਸੀ ਤੇ ਉਸ ਦਾ ਰੰਗ ਭੂਰਾ ਸੀ। ਦੁਕਾਨਦਾਰ ਦੀਆਂ ਕੁੜੀ ਬਾਰੇ ਦੱਸੀਆਂ ਹੋਈਆਂ ਨਿਸ਼ਾਨੀਆਂ ਠੀਕ ਸਨ। ਮੈਂ ਉਹਨਾਂ ਦੇ ਪਿਛੇ ਪਿਛੇ ਚਲਣ ਲੱਗ ਪਿਆ। ਕਿਸੇ ਪਲ ਬਰਾਬਰ ਵੀ ਹੋ ਜਾਂਦਾ। ਮੇਰੀ ਖਾਹਿਸ਼ ਸੀ ਕਿ ਸਾਈਕਲ ਤੇ ਚੜ੍ਹਕੇ ਉਪਰੋਂ ਅਖ਼ਬਾਰ ਦੇ ਕਾਗਜ਼ ਅੰਦਰ ਝਾਤੀ ਮਾਰਾਂ—ਪਰ ਉਸ ਕੁੜੀ ਨੇ ਬਨਾਰਸੀ ਸਾੜ੍ਹੀ ਦੇ ਨਾਲ ਲੂਜ਼ ਜਿਹਾ ਬਲਾਊਜ਼ ਪਹਿਨ ਰੱਖਿਆ ਸੀ ਤੇ ਜੇ ਕਰ ਮੈਂ ਬੈਗ ਨੂੰ ਝਾਤੀ ਮਾਰ ਕੇ ਵੇਖਦਾ ਤਾਂ ਸੁਤੇ ਸਿੱਧ ਹੀ ਮੇਰੀ ਨਜ਼ਰ ਉਹਦੇ ਲੂਜ਼ ਬਲਾਊਜ਼ ਅੰਦਰ ਚਲੀ ਜਾਣੀ ਸੀ ਤੇ ਇੰਜ ਕਰਨਾ ਕਾਫ਼ੀ ਖਤਰਨਾਕ ਸਾਬਤ ਹੋ ਸਕਦਾ ਸੀ।

ਤੁਰਦੀਆਂ ਜਾਂਦੀਆਂ ਉਹ ਕੁੜੀਆਂ ਇੰਡਸਟਰੀਅਲ ਏਰੀਏ ਵਾਲੀ ਸੜਕੇ ਹੀ ਚਲ ਪਈਆਂ ਤੇ ਪਿਛੇ ਪਿਛੇ ਮੈਂ ਵੀ। ਸੋਚਦਾ ਸਾਂ ਕਿ ਜਦੋਂ ਚਾਹ ਦੇ ਖੋਖੇ ਕੋਲ ਦੀ ਲੰਘਣਗੀਆਂ ਤਾਂ ਦੁਕਾਨਦਾਰ ਨੂੰ ਸ਼ਨਾਖਤ ਕਰਨ ਲਈ ਕਹਾਂਗਾ। ਪਰ ਦੁਕਾਨਦਾਰ ਖੋਖੇ ਵਿਚ ਨਹੀਂ ਸੀ ਤੇ ਇਹ ਮੌਕਾ ਵੀ ਖੁੰਝ ਗਿਆ। ਹੋਰ ਦੋ ਘੜੀਆਂ 'ਚ ਉਹਨਾਂ ਨੇ ਲਾਈਨਾਂ ਟੱਪ ਕੇ ਸ਼ਾਦੀਪੁਰ ਡਿਪੋ ਤੋਂ ਬੱਸ ਫੜ ਲੈਣੀ ਸੀ। (ਮੈਂ ਸੋਚਿਆ) ਤੇ ਕਾਹਲੀ ਨਾਲ ਲਾਈਨਾਂ ਕੋਲ ਪੁਜ ਕੇ ਉਹਨਾਂ ਨੂੰ ਘੇਰ ਲਿਆ।

ਮੈਂ ਉਹਨਾਂ ਨੂੰ ਸਾਈਕਲ ਨਾਲ ਘੇਰਿਆ ਸੀ ਪਰ ਉਹਨਾਂ ਨੇ ਮੈਨੂੰ ਗਾਲ੍ਹਾਂ ਨਾਲ ਘੇਰ ਲਿਆ। ਬਸ ਉਹੋ ਹੀ ਰਵਾਇਤੀ ਗਾਲਾਂ— ਤੇਰੀ ਘਰ ਭੈਣ ਨਹੀਂ ! ਮਾਂ ਨਹੀਂ !......ਤੂੰ ਬੜੀ ਦੇਰ ਦਾ ਸਾਡਾ ਪਿਛਾ ਕਰ ਰਿਹਾ ਏਂ...ਬੇਸ਼ਰਮ !' (ਵਿਚਾਰੀਆਂ ਕੁੜੀਆਂ !)

ਦੋ ਪਲਾਂ ਵਿਚ ਹੀ ਉਹਨਾਂ ਦਾ ਗਾਲ੍ਹਾਂ ਦਾ ਸਟਾਕ ਵੀ ਖਤਮ ਹੋ ਗਿਆ ਤੇ ਬਹੁਤ ਸਾਰੇ ਲੋਕ ਵੀ ਇਕੱਠੇ ਹੋ ਗਏ। ਮੈਂ ਸਭ ਨੂੰ ਸੁਣਾ ਕੇ ਜ਼ੋਰ ਨਾਲ ਕਿਹਾ "ਹੁਣੇ ਹੀ ਘੰਟਾ ਪਹਿਲਾਂ ਮੇਰਾ ਬੈਗ ਖੋ ਗਿਆ ਹੈ। ਉਸ ਵਿਚ ਬਹੁਤ ਜ਼ਰੂਰੀ ਕਾਗਜ਼ ਸਨ......ਚਾਹ ਵਾਲੇ ਨੇ ਦੱਸਿਆ ਕਿ ਇਕ ਸਾਂਵਲੀ ਕੁੜੀ ਚੁੱਕ ਕੇ ਲੈ ਗਈ ਹੈ।"

ਉਸ ਕੁੜੀ ਦੇ ਮੱਥੇ ਤੇ ਤੇਹਰੀਆਂ ਤਿਉੜੀਆਂ ਚੜ੍ਹ ਗਈਆਂ। ਇਕ ਵਾਰ ਉਹਨੂੰ ਸਾਂਵਲੀ ਕਹਿਣ ਲਈ। ਦੂਸਰੀ ਵਾਰ ਉਹਨੂੰ ਚੋਰ ਸਮਝਣ ਲਈ ਤੇ ਤੀਸਰੀ ਵਾਰ ਉਹਨੂੰ ਰਾਹ 'ਚ ਰੋਕਣ ਲਈ—ਪਰ ਮੈਂ ਉਹਦੀਆਂ ਤਿਉੜੀਆਂ ਦੀ ਪ੍ਰਵਾਹ ਕੀਤੇ ਬਿਨਾਂ ਕਿਹਾ—"ਕਿਉਂਕਿ ਇਸ ਕੁੜੀ ਨੇ ਅਖਬਾਰ ਵਿਚ ਬੈਗ ਲੁਕਾ ਰੱਖਿਆ ਹੈ ਇਸ ਲਈ ਮੈਨੂੰ ਸ਼ਕ ਪਿਆ। ਬੈਗ ਭੂਰਾ ਵੀ ਹੈ।" ਕੁੜੀ ਦੇ ਮੱਥੇ ਦੀਆਂ ਤਿਉੜੀਆਂ ਤਾਂ ਖਤਮ ਨਾ ਹੋਈਆ ਪਰ ਉਹਨੇ ਦੋ ਕਦਮ ਪਿਛੇ ਹਟ ਕੇ ਅਖਬਾਰ 'ਚੋਂ ਬੈਗ ਕੱਢ ਕੇ ਵਿਖਾ ਦਿਤਾ। ਇਹ ਲੇਡੀ ਬੈਗ ਸੀ ਵੱਡਾ। ਮੈਨੂੰ ਫੇਰ ਸ਼ੱਕ ਪਿਆ ਕਿ ਕਿਤੇ ਉਹਦੇ ਅੰਦਰ ਮੇਰਾ ਬੈਗ ਨਾ ਹੋਵੇ—ਮੇਰੀ ਇਸ ਗੱਲ ਨੂੰ ਤਾੜ ਕੇ ਭੀੜ 'ਚੋਂ ਇਕ ਬੰਦਾ ਬੋਲਿਆ—"ਸ਼ਾਇਦ ਇਹਦੇ ਵਿਚ ਹੀ ਹੋਰ ਬੈਗ ਹੋਵੇ।"

"ਇਹ ਬੈਗ ਤਾਂ ਮੈਂ ਖੋਲ੍ਹ ਕੇ ਨਹੀਂ ਵਿਖਾਂਦੀ !" ਕੁੜੀ ਨੇ ਪਰੇਸ਼ਾਨ ਹੋ ਕੇ ਕਿਹਾ ਕਿਉਂਕਿ ਭੀੜ ਦਾ ਰੁੱਖ ਮੇਰੇ ਵੱਲ ਸੀ।...ਮੈਂ ਸੋਚਿਆ, ਸ਼ਾਇਦ ਉਸ ਬੈਗ ਵਿਚ ਕੁੜੀ ਦੇ ਜ਼ਰੂਰੀ ਕਾਗਜ਼ ਹੋਣ। ਮਸਲਨ ਭਾਵੁਕ ਪਰੇਮ ਪੱਤਰ, ਫ਼ਿਲਮੀ ਰਸਾਲੇ, ਗੁਬਾਰੇ, ਜਜ਼ਬਾਤੀ ਖੁਦਕਸ਼ੀ ਦੇ ਨੁਸਖੇ ਅਤੇ ਕੰਘੀ ਸ਼ੀਸ਼ਾ ਆਦਿ।...ਪਰ ਇਹ ਚੀਜ਼ਾਂ ਤਾਂ ਹਰ ਅਮੀਰ ਕੁੜੀ ਦੇ ਬੈਗ ਵਿਚ ਹੁੰਦੀਆਂ ਹਨ। ਇਹ ਬੈਗ ਖੋਲ੍ਹਣਾ ਕਿਉਂ ਨਹੀਂ ਚਾਹੁੰਦੀ ?

"ਤੁਸੀਂ ਥਾਨੇ ਰੀਪੋਰਟ ਕਰ ਦਿਓ !" ਭੀੜ 'ਚੋਂ ਆਵਾਜ਼ ਉਭਰੀ । "ਮੈਂ ਤਾਂ ਆਪ ਸੀ. ਆਈ. ਡੀ. ਇਨਸਪੈਕਟਰ ਹਾਂ ।...ਬੈਗ ਵਿਚ ਮੇਰੇ ਜ਼ਰੂਰੀ ਕਾਗਜ਼ ਸਨ । ਮੈਂ ਕਈ ਦਿਨ ਲਾ ਕੇ ਇਨਵੈਸਟੀਗੇਸ਼ਨ ਦੇ ਕੁਝ ਕੇਸ ਤਿਆਰ ਕੀਤੇ ਸਨ...ਤੇ ਹੁਣ ਸਭ ਕੁਝ ਮਿੱਟੀ ਹੋ ਗਿਆ ।" ਮੇਰੇ ਚਿਹਰੇ ਤੇ ਗੁੱਸੇ ਨਾਲੋਂ ਪਰੇਸ਼ਾਨੀ ਬਹੁਤੀ ਹੋਵੇਗੀ । (ਮੈਂ ਮਹਿਸੂਸ ਕੀਤਾ ।) ਮੈਨੂੰ ਸੀ. ਆਈ. ਡੀ. ਇੰਨਸਪੈਕਟਰ ਜਾਣ ਕੇ ਭੀੜ ਦੇ ਸਾਰੇ ਹੀ ਬੰਦੇ ਕੰਨ ਲਪੇਟ ਕੇ ਤੁਰਦੇ ਹੋਏ ਮਤੇ ਮੈਂ ਉਹਨਾਂ ਨੂੰ ਸੁੰਘਕੇ ਉਹਨਾਂ ਦੀ ਰਿਪੋਰਟ ਵੀ ਨਾ ਲਿਖ ਲਵਾਂ ।

ਭੀੜ ਦੇ ਨਾਲ ਨਾਲ ਕੁੜੀਆਂ ਵੀ ਤੁਰ ਪਈਆਂ ਤੇ ਮੈਂ ਉਥੇ ਹੀ ਚੁਪਚਾਪ ਖਲੋਤਾ ਰਿਹਾ ਜਿਵੇਂ ਕੁਝ ਹੋਇਆ ਹੀ ਨਾ ਹੋਵੇ । ਕੁਝ ਕਦਮ ਚਲਕੇ ਕੁੜੀ ਨੇ ਬੈਗ ਫੇਰ ਕਾਗਜ਼ ਵਿਚ ਲਪੇਟ ਲਿਆ । ਉਹ ਵਾਰ ਵਾਰ ਪਿਛਾਂਹ ਮੁੜਕੇ ਵੇਖ ਰਹੀ ਸੀ । ਇਕ ਪਲ ਲਈ ਮਨ 'ਚ ਆਇਆ ਕਿ ਝੱਟ ਹੁਣੇ ਥਾਨੇ ਜਾ ਕੇ ਰਿਪੋਰਟ ਕਰ ਦੇਵਾਂ । ਫੇਰ ਖਿਆਲ ਆਇਆ ਕਿ ਜਦੋਂ ਉਹਨਾਂ ਨੂੰ ਮੇਰੇ ਕੇਸ ਦਾ ਪਤਾ ਲਗੇਗਾ ਤਾਂ ਪਹਿਲਾਂ ਉਹ ਜ਼ੋਰ ਨਾਲ ਹੱਸਣਗੇ ਕਿ ਲੋਕਾਂ ਦੀ ਸੂਹ ਕੱਢਦਾ ਕੱਢਦਾ ਅੱਜ ਮੈ ਆਪ ਵੀ ਕਾਬੂ ਆ ਗਿਆ ਹਾਂ—ਫੇਰ, ਰਿਪੋਰਟ ਮੇਰੇ ਦਫ਼ਤਰ ਤਕ ਵੀ ਪੁੱਜ ਜਾਵੇਗੀ ।

ਕਿਸੇ ਗੱਡੀ ਦੇ ਆਉਣ ਦਾ ਸਮਾਂ ਸੀ । ਗੇਟ ਕੀਪਰ ਨੇ ਝੱਟ ਦੇ ਕੇ ਫ਼ਾਟਕ ਬੰਦ ਕੀਤਾ ਤਾਂ ਮੈਨੂੰ ਖਿਆਲ ਆਇਆ ਕਿ ਮੈਂ ਉਥੇ ਬੈਗ ਲੱਭਣ ਲਈ ਖਲੋਤਾ ਸਾਂ, ਖੁਦਕਸ਼ੀ ਕਰਨ ਲਈ ਨਹੀਂ ।

ਚਾਹ ਦੇ ਖੋਖੇ ਵੱਲ ਵਾਪਸ ਜਾਂਦਾ ਹੋਇਆ ਮੈਂ ਉਹਨਾਂ ਕਾਗਜ਼ਾਂ ਬਾਰੇ ਸੋਚ ਰਿਹਾ ਸਾਂ ਜਿਹਨਾਂ ਨੂੰ ਮੈਂ ਅੱਜ ਦਫਤਰ ਵਿਚ ਪੇਸ਼ ਕਰਨਾ ਸੀ ।

ਉਹਨਾਂ ਵਿਚੋਂ ਦੋ ਕੇਸ ਤਾਂ ਪਾਸਪੋਰਟ ਵਾਲਿਆਂ ਦੀ ਸ਼ਨਾਖਤ ਦੇ ਹੀ ਸਨ । ਪਰ ਇਕ ਦੋ ਕੇਸ ਬਹੁਤ ਸੀਰੀਅਸ ਸਨ ।...ਇਕ ਸਰਕਾਰੀ ਅਫਸਰ ਦੀ ਪੜਤਾਲ ਕਰਨ ਦੀ ਮੇਰੀ ਡੀਊਟੀ ਲੱਗੀ ਸੀ ਤੇ ਉਹਦੇ ਬਾਰੇ ਮੈਂ ਬਹੁਤ ਸਾਰੀ ਖੋਜ ਖਬਰ ਕਰਕੇ ਕੇਸ ਤਿਆਰ ਕੀਤਾ ਸੀ । ਉਹ ਅਫਸਰ ਹਰ ਰੋਜ਼ ਹੀ ਮੈਨੂੰ ਵਧੀਆ ਖਾਣਾ ਖੁਆਂਦਾ । ਸ਼ਾਨਦਾਰ ਚਾਹ ਤਿਆਰ ਕਰਵਾਂਦਾ ਤੇ ਉਸ ਦੀ ਪਤਲੋ ਜਿਹੀ ਖੂਬਸੂਰਤ ਬੀਵੀ ਹਰ ਵੇਲੇ ਮੇਰੇ ਦੁਆਲੇ ਮਟਕਦੀ ਰਹਿੰਦੀ । ਉਹਦੇ ਘਰ ਬੈਠ ਕੇ 'ਕੇਸ' ਤਿਆਰ ਕਰਦਾ ਹੋਇਆ ਜਦੋਂ ਮੈਂ ਕਿਸੇ ਸਬੂਤ ਦੀ ਮੰਗ ਕਰਦਾ ਤਾਂ ਉਹ ਅਫਸਰ ਆਪਣੀ ਬੀਵੀ ਦੇ ਹੱਥ ਦਸਤਾਵੇਜ਼ ਭੇਜਦਾ । ਕਈ ਵਾਰ ਤਾਂ ਉਹ ਮੈਨੂੰ ਘਰ ਬਿਠਾ ਕੇ ਆਪ ਪਤਾ ਨਹੀਂ ਕਿਥੇ ਖਿਸਕ ਜਾਂਦਾ ਤੇ ਸ਼ਾਮ ਤਕ ਨਾ ਪਰਤਦਾ । ਉਸ ਦਿਨ ਮੈਂ ਬਹੁਤ ਥੱਕਾ ਹਾਰਿਆ ਘਰ ਮੁੜਦਾ...। ਇੰਜ ਹੀ ਕਈ ਦਿਨਾਂ ਦੀ ਜਾਨ ਤੋੜ ਮਿਹਨਤ ਨਾਲ ਉਸ ਦੇ ਹੱਕ ਵਿਚ ਕੇਸ ਤਿਆਰ ਕਰ ਸਕਿਆ ਸਾਂ...।...ਇਕ ਹੋਰ ਕੇਸ ਸੀ ਸਮਗਲਰਾਂ ਦੀ ਯੂਨੀਅਨ ਦਾ । ਉਹ ਇਕ ਚਾਹ ਦੇ ਖੋਖੇ ਤੇ ਇਕੱਠੇ ਹੁੰਦੇ ਸਨ । ਸਾਰਾ ਦਿਨ ਉਥੇ ਹਰ ਤਰ੍ਹਾਂ ਦਾ ਨਾਜਾਇਜ਼ ਮਾਲ ਆਉਂਦਾ ਰਹਿੰਦਾ ਤੇ ਫੇਰ ਮਾਰਕੀਟ ਵਿਚ ਜਾਂਦਾ ਰਹਿੰਦਾ । ਮੈਂ ਕਈ ਦਿਨ ਉਸ ਦੁਕਾਨ ਤੇ ਬਹਿਕੇ 'ਵਾਚ' ਕੀਤਾ ਤੇ ਕਈ ਦਿਨਾਂ ਬਾਅਦ ਉਥੇ ਆਉਣ ਵਾਲੇ ਬਹੁਤ ਸਾਰੇ

ਪੁਲੀਸ ਅਧਿਕਾਰੀਆਂ ਨੇ ਮੈਨੂੰ ਪਛਾਣ ਲਿਆ। ਉਹਨਾਂ ਦਾ ਖਿਆਲ ਸੀ ਕਿ ਮੈਂ ਵੀ ਖੋਖੇ ਵਾਲਿਆਂ ਨਾਲ ਹਾਂ। ਪਰ ਜਦੋਂ ਉਹਨਾਂ ਨੂੰ ਪਤਾ ਲਗਾ ਕਿ ਮੈਂ ਇਨਵੈਸਟੀਗੇਸ਼ਨ ਕਰ ਰਿਹਾ ਹਾਂ ਤਾਂ ਉਹਨਾਂ ਦੀਆਂ ਮੁੱਛਾਂ ਡਾਊਨ ਹੋ ਗਈਆਂ। ਅਗਲੇ ਦਿਨ ਥਾਣੇ 'ਚ ਬੁਲਾਕੇ ਉਹਨਾਂ ਨੇ ਮੈਨੂੰ ਸਿਰੋਪਾ ਦਿਤਾ ਤੇ ਗੱਲ ਠੱਪ ਦੇਣ ਲਈ ਕਿਹਾ।...ਉਹ ਵਾਰ ਵਾਰ ਕਹਿੰਦੇ ਸਨ ਕਿ ਖੋਖੇ ਵਿਚ ਆਉਣ ਵਾਲੇ ਮਾਲ ਵਿਚ ਸਰਕਾਰੀ ਅਫਸਰਾਂ, ਵਜ਼ੀਰਾਂ ਤੇ ਸ਼ਹਿਜ਼ਾਦਿਆਂ ਦੇ ਪੁੱਤਰ, ਪੋਤਰੇ ਤੇ ਧੀਆਂ ਭੈਣਾਂ 'ਇਨਵਾਲਵ' ਨੇ, ਇਸ ਲਈ ਮੇਰੀ ਇਨਵੈਸਟੀਗੇਸ਼ਨ ਕੁਝ ਨਹੀਂ ਕਰ ਸਕਦੀ। ਉਹ ਵੀ ਸੁਖ ਦੀ ਰੋਟੀ ਖਾਂਦੇ ਨੇ ਤੇ ਮੈਂ ਵੀ ਸੁਖ ਵੀ ਰੋਟੀ ਖਾਵਾਂ। ਸਰਕਾਰੀ ਨੌਕਰੀ ਵਿਚ ਬਹੁਤਾ ਖੱਪਣ ਦਾ ਕੀ ਕੰਮ ?

ਮੈਂ ਉਨ੍ਹਾਂ ਖੋਖੇ ਵਾਲਿਆਂ ਦਾ 'ਕੇਸ' ਵੀ ਬੜੀ ਮਿਹਨਤ ਨਾਲ ਤਿਆਰ ਕੀਤਾ ਸੀ ਤੇ ਅੱਜ ਕੱਲ੍ਹ ਮੇਰੇ ਘਰ ਸੁਖਦੀ ਰੋਟੀ ਪੱਕਦੀ ਸੀ।...ਸਮਗਲਰ ਲੋਕ ਮੈਨੂੰ ਇਹ ਵੀ ਕਹਿੰਦੇ ਸਨ ਕਿ ਮੈਂ ਉਹਨਾਂ ਦੀ ਯੂਨੀਅਨ ਨੂੰ ਰਜਿਸਟਰਡ ਕਰਵਾ ਕੇ ਸਰਕਾਰ ਵਲੋਂ 'ਰੈਕਗਨਾਈਜ਼' ਕਰਵਾਣ ਵਿਚ ਵੀ ਮਦਦ ਕਰਾਂ। ਪਰ ਹਾਲੇ ਤਕ ਮੈਂ ਟਪਲਾ ਲਾਈ ਜਾ ਰਿਹਾ ਸਾਂ।...ਹੁਣ ਮੈਨੂੰ ਉਹਨਾਂ ਦੇ 'ਕੇਸ' ਤੇ ਵੀ ਮੁੜ ਤੋਂ ਕੰਮ ਕਰਨਾ ਪਵੇਗਾ। (ਉਹ ਲੋਕ ਜ਼ਰੂਰ ਦੁੱਖੀ ਹੋਣਗੇ।) ਅਤੇ ਖੁਸ਼ੀ ਕਿਸ ਨੂੰ ਹੋਵੇਗੀ ?

ਖੁਸ਼ੀ ਹੋਵੇਗੀ ਉਸ ਸਰਕਾਰੀ ਹਸਪਤਾਲ ਦੇ ਡਾਕਟਰ ਦੀ ਅਨ-ਟਰੇਂਡ, ਅਖੌਤੀ ਡਾਕਟਰ ਸਮਝੀ ਜਾਂਦੀ ਬੀਵੀ ਨੂੰ, ਜਿਹੜੀ ਅਮੀਰ ਘਰਾਂ ਦੀਆਂ ਸੁਬਕ ਸਰੀਰੀਆਂ ਛੋਕਰੀਆਂ ਦੇ ਗਰਭ ਪਾਤ ਕਰਦੀ ਹੈ ਤੇ ਆਪਣੇ ਘਰ ਨੂੰ ਉਸ ਨੇ ਬਾਕਾਇਦਾ ਹਸਪਤਾਲ ਬਣਾ ਰੱਖਿਆ ਹੈ। ਉਸ ਦਾ ਮੋਟੋ ਹੈ—'ਕੁਆਰੀ ਕੰਜਕ ਦੀ ਅਬਾਰਸ਼ਨ ਦੀ ਫੀਸ ਇਕ ਹਜ਼ਾਰ ਰੁਪਿਆ। ਇਕ ਹਫਤੇ 'ਚ ਕੁੜੀ ਨੌਂ-ਬਰ-ਨੌਂ !'

ਪਰ ਮੇਰਾ ਇਕ ਰਿਸ਼ਤੇਦਾਰ ਆਪਣੀ ਮਹਿਬੂਬਾ ਨੂੰ ਉਹਦੇ ਕੋਲ ਲੈ ਕੇ ਗਿਆ ਤਾਂ ਉਸ ਨੇ ਐਡਵਾਂਸ ਪੈਸੇ ਲਏ ਬਿਨਾਂ 'ਕੇਸ' ਕਰਨ ਤੋਂ ਇਨਕਾਰ ਕਰ ਦਿਤਾ ਤੇ ਕੁੜੀ ਵਿਚਾਰੀ ਖੁਦਕਸ਼ੀ ਕਰ ਗਈ। ਮੈਂ ਉਸ ਸਰਕਾਰੀ ਡਾਕਟਰ ਦੀ ਰੰਨ ਨੂੰ ਹਰ ਹਾਲਤ 'ਚ ਫਸਾਉਣਾ ਸੀ। ਸੋ ਝੱਟ ਕੇਸ ਤਿਆਰ ਕਰ ਲਿਆ। ਸਿਹਤ ਮੰਤਰੀ ਦੀ ਸਿਫਾਰਸ਼ ਨਾਲ ਵੀ ਉਹ ਬੱਚ ਨਹੀਂ ਸਕੇਗੀ।

ਇਸ ਤੋਂ ਇਲਾਵਾ ਬੈਗ ਵਿਚ ਕੀ ਸੀ ?......ਬੈਗ ਵਿਚ ਸਨ ਮੇਰੇ ਬਹੁਤ ਸਾਰੇ ਪਰੇਮ ਪੱਤਰ। ਜਿਹਨਾਂ ਕੁੜੀਆਂ ਨਾਲ ਮੇਰੇ ਸੰਬੰਧ ਰਹੇ ਹਨ, ਉਹਨਾਂ ਦੇ ਲਿਖੇ ਹੋਏ ਮੇਰੇ ਨਾਂ ਜਿੰਨੇ ਵੀ ਪੱਤਰ ਸਨ, ਸਭ ਇਸੇ ਬੈਗ ਵਿਚ......। ਤੇ ਮੈਂ ਵੀ ਕਿੰਨਾ ਮੂਰਖ ਹਾਂ ਕਿ ਪਰੇਮ ਪੱਤਰ ਵੀ ਬੈਗ ਵਿਚ ਲਈ ਫਿਰਦਾ ਰਿਹਾ ਹਾਂ। ਮਹਿਕਮੇ ਦੇ ਹੱਥ ਆ ਜਾਣ ਤਾਂ ਮੇਰੀ ਨੌਕਰੀ ਇਕ ਪਲ ਦੇ ਅੰਦਰ ਅੰਦਰ ਗਈ, ਪਰ ਜੇ ਕਰ ਘਰ ਰੱਖਦਾ ਤਾਂ ਬੀਵੀ ਕੋਲ ਸ਼ਰਮਿੰਦਾ ਹੁੰਦਾ। ਉਹ ਮੇਰੀ ਸਭ ਤੋਂ ਵੱਡੀ ਸਰਕਾਰ ਹੈ ਤੇ ਉਹਦੇ ਨਾਰਾਜ਼ ਹੋਣ ਨਾਲ ਮੈਂ ਜਹਾਨੋਂ ਹੀ ਗਿਆ।

ਇਸ ਤੋਂ ਇਲਾਵਾ ਬੈਗ ਵਿਚ ਸਿਨਮਿਆਂ, ਮੈਚਾਂ ਤੇ ਨਾਈਟ ਕਲੱਬ ਘਰਾਂ ਦੇ ਪਾਸ ਸਨ।

ਕਿਤੇ ਇੰਜ ਤੇ ਨਹੀਂ ਹੋਇਆ ਕਿ ਮਹਿਕਮੇ ਨੇ ਮੇਰੇ ਪਿਛੇ ਵੀ ਕੋਈ ਸੀ. ਆਈ. ਡੀ. ਇੰਨਸਪੈਕਟਰ ਲਾਇਆ ਹੋਇਆ ਹੋਵੇ ਤੇ ਉਸੇ ਨੇ ਹੀ ਅੱਖ ਪਲਕਾਰੇ 'ਚ ਬੈਗ ਲੁਕਾ ਲਿਆ ?

ਪਰ ਬੈਗ ਗੁਆਚਾ ਕਿਵੇਂ ?

ਬੈਗ ਗੁਆਚਣ ਬਾਰੇ ਇਕ ਇਹ ਗੱਲ ਮੇਰੇ ਦਿਮਾਗ ਅੰਦਰ ਆਉਂਦੀ ਹੈ ਕਿ ਹੋ ਸਕਦਾ ਹੈ ਮੈਂ ਕਿਸੇ ਸੋਹਣੀ ਰੰਨ ਨੂੰ ਘੂਰਦਾ ਜਾ ਰਿਹਾ ਹੋਵਾਂ ਤੇ ਅਚਾਨਕ ਬੈਗ ਦੀ ਤਣੀ ਟੁੱਟ ਗਈ ਹੋਵੇ । ਪਰ ਸੋਹਣੀ ਰੰਨ ਨੂੰ ਘੂਰਨ ਦਾ ਸੰਬੰਧ ਬੈਗ ਦੀ ਤਣੀ ਟੁੱਟਣ ਨਾਲ ਕਿਵੇਂ ਜੁੜ ਗਿਆ ?

ਦੂਸਰਾ ਖਿਆਲ ਇਹ ਸੀ ਕਿ ਜਿਹਨਾਂ ਸੜਕਾਂ ਤੋਂ ਮੈਂ ਅਕਸਰ ਲੰਘਦਾ ਹਾਂ ਉਹਨਾਂ ਸੜਕਾਂ ਦੇ ਦੁਆਲੇ ਨਾਜਾਇਜ਼ ਸ਼ਰਾਬ ਵੇਚਣ ਵਾਲਿਆਂ ਦੇ ਖੋਖੇ ਹਨ ਤੇ ਕੀ ਪਤਾ ਮੈਂ ਕਿਸੇ ਖੋਖੇ ਵਾਲੇ ਕੋਲੋਂ ਵਧੀਆ ਸ਼ਰਾਬ ਦਾ ਇਕ ਪੈੱਗ ਪੀ ਕੇ ਸਾਈਕਲ ਤੇ ਚੜ੍ਹ ਗਿਆ ਹੋਵਾਂ ; ਬੈਗ ਉਸ ਖੋਖੇ ਤੇ ਵੀ ਰਹਿ ਸਕਦਾ ਹੈ । ਪਰ ਕਿਸ ਖੋਖੇ ਤੇ ਬੈਗ ਰੱਖਿਆ ਗਿਆ ?...ਕਹਿ ਨਹੀਂ ਸਕਦਾ । ...ਪਰ ਅੱਜ ਤਾਂ ਮੈ ਕਿਸੇ ਵੀ ਖੋਖੇ ਤੋਂ ਇਕ ਘੁਟ ਵੀ ਸ਼ਰਾਬ ਨਹੀਂ ਪੀਤੀ...।

ਉਸ ਚਾਹ ਵਾਲੇ ਖੋਖੇ ਤੇ ਵਾਪਸ ਆਇਆ ਤਾਂ ਮੈਂ ਬਹੁਤ ਪਰੇਸ਼ਾਨ ਸਾਂ ।

"ਲੱਭਿਆ ਨਹੀਂ ਜੀ ਬੈਗ ?" ਚਾਹ ਵਾਲੇ ਨੇ ਪੁਛਿਆ ।

"ਨਹੀਂ !"

"ਹੱਦ ਹੋ ਗਈ !"

"ਹਾਂ ।......ਏਧਰ ਦੀ ਦੋ ਕੁੜੀਆਂ ਲੰਘੀਆਂ ਸਨ ਤੇ ਇਕ ਕੋਲ ਅਖਬਾਰ ਵਿਚ ਬੈਗ ਲਪੇਟਿਆ ਹੋਇਆ ਸੀ ।"

"ਬਸ ਉਹੋ ਹੀ ਹੋਵੇਗਾ ।"

"ਨਹੀਂ, ਉਹ ਨਹੀਂ ਸੀ । ਮੈਂ ਉਹਨਾਂ ਨੂੰ ਲਾਈਨਾਂ ਵਿਚਕਾਰ ਘੇਰ ਲਿਆ ਸੀ ।"

"ਤੁਸਾਂ ਮੈਨੂੰ ਕਿਉਂ ਨਹੀ ਦੱਸਿਆ ?"

"ਤੂੰ ਉਸ ਵੇਲੇ ਦੁਕਾਨ ਤੇ ਨਹੀਂ ਸੈਂ !"

"ਠੀਕ ਹੈ......ਮੈਂ ਉਸ ਵੇਲੇ ਕੈਮੀਕਲ ਫੈਕਟਰੀ ਦੇ ਸਾਹਿਬ ਨੂੰ ਸ਼ਰਾਬ ਦਾ ਪੈੱਗ... ਮੇਰਾ ਮਤਲਬ ਹੈ ਚਾਹ ਦਾ ਗਲਾਸ ਦੇਣ ਗਿਆ ਹੋਇਆ ਸਾਂ ।"

"ਬਸ ਉਸੇ ਵੇਲੇ ਹੀ ਉਹ ਕੁੜੀ ਏਧਰ ਦੀ ਲੰਘੀ ਸੀ ।"

"ਜ਼ਰੂਰ ਉਹੋ ਹੀ ਹੋਵੇਗੀ ।"

"ਨਹੀਂ । ਉਹ ਨਹੀਂ ਸੀ...ਮੈਂ ਤੈਨੂੰ ਪਹਿਲਾਂ ਵੀ ਦੱਸਿਆ ।"

"ਫੇਰ ਤੁਸੀਂ ਛੱਡੋ ਬੈਗ ਤੇ ਕੁੜੀਆਂ ਦੀਆਂ ਗੱਲਾਂ । ਅੱਜ ਮੇਰੀ ਮਹਿਮਾਨ ਨਿਵਾਜ਼ੀ ਕਬੂਲ ਕਰੋ ।"

ਅਤੇ ਉਹਨੇ ਗਦ ਗਦ ਹੋ ਕੇ ਹੱਥੀਂ ਕੱਢੀ ਹੋਈ ਵਧੀਆ ਸ਼ਰਾਬ ਦਾ ਇਕ ਪੈੱਗ ਸੋਢਾ ਪਾ ਕੇ ਮੈਨੂੰ ਫੜਾ ਦਿਤਾ । ਇਕ ਘੁਟ ਭਰਨ ਤੋਂ ਬਾਅਦ ਮੈਂ ਉਹਨੂੰ ਕਿਹਾ "ਉਏ ਲਫੰਗਿਆ ! ਤੂੰ ਸ਼ਰਾਬ ਕੱਢਣੀ ਵੀ ਸ਼ੁਰੂ ਕਰ ਦਿਤੀ ਹੈ ।"

"ਹਜ਼ੂਰ ਨਿਰੀ ਚਾਹ ਦਾ ਅੱਜ ਗਾਹਕ ਹੀ ਕਿਥੇ ਰਿਹਾ ਵੇ ?"

"ਫੇਰ ਤਾਂ ਔਰਤਾਂ ਦਾ ਚੱਕਰ ਵੀ ਚਲਾਉਂਦਾ ਹੋਵੇਂਗਾ ?"

"ਹਜ਼ੂਰ ਅਸੀਂ ਗੁਨਾਹਗਾਰ ਹਾਂ !"

"ਮੈਂ ਸਭ ਗੁਨਾਹਗਾਰ ਅੰਦਰ ਕਰਵਾ ਦਿਆਂਗਾ !"

"ਉਥੇ ਵੀ ਤੁਸੀਂ ਸਾਥੋਂ ਏਹੋ ਹੀ ਧੰਦਾ ਕਰਵਾਣਾ ਸਰਕਾਰ !"

ਨਸ਼ਾ ਬਹੁਤ ਤੇਜ਼ ਸੀ ਤੇ ਇਕੋ ਪੈੱਗ ਨੇ ਹੀ ਮੇਰੇ ਦਿਮਾਗ 'ਚੋਂ ਬੈਗ ਗੁਮ ਕਰ ਦਿਤਾ। ਅੱਖਾਂ ਅੱਗੇ ਤਾਰੇ ਨੱਚਣ ਲੱਗੇ। ਜੀਅ ਕੀਤਾ ਕਿ ਤਾਰੇ ਤੋੜਕੇ ਜੇਬਾਂ ਭਰ ਲਵਾਂ ਤੇ ਬੀਵੀ ਦੇ ਕੇਸਾਂ ਵਿਚ ਟੰਗ ਦਿਆਂ। ਵਿਚਾਰੀ ਹਰ ਵੇਲੇ ਮੇਰੀ ਖਾਤਰ ਪਰੇਸ਼ਾਨ ਰਹਿੰਦੀ ਹੈ। ਅੱਜ ਉਸ ਨੂੰ ਜ਼ਰੂਰ ਖੁਸ਼ ਕਰਾਂਗਾ...। ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਨਸ਼ਾ ਪੀ ਕੇ ਹੀ ਬੀਵੀ ਦੀ ਯਾਦ ਕਿਉਂ ਆਉਂਦੀ ਹੈ ?

ਜਦੋਂ ਮੈਂ ਸਾਈਕਲ ਚੁਕ ਕੇ ਤੁਰਨ ਲੱਗਾ ਤਾਂ ਖੋਖੇ ਵਾਲਾ ਬੋਲਿਆ—

"ਹਜ਼ੂਰ ਐਹ ਤੁਹਾਡੇ ਥਾਨੇ ਵਾਲੇ ਬੜਾ ਤੰਗ ਕਰਦੇ ਨੇ !"

"ਸਭ ਠੀਕ ਕਰ ਦਿਆਂਗਾ"...ਮੈਂ ਜ਼ੋਰ ਨਾਲ ਕਿਹਾ।

ਸ਼ਾਮ ਡੁੱਬ ਗਈ ਸੀ ਤੇ ਘੁਸਮੁਸਾ ਫੈਲ ਗਿਆ ਸੀ। ਦੋ ਫਰਲਾਂਗ ਭਰ ਚਲਣ ਤੋਂ ਬਾਅਦ ਮੈਂ ਇਕ ਖੋਖੇ ਅੱਗੇ ਰੁਕ ਗਿਆ ਤੇ ਜ਼ੋਰ ਨਾਲ ਕਿਹਾ—"ਖਬਰਦਾਰ ! ਜੇ ਕਿਸੇ ਨੇ ਨਸ਼ਾ ਵੇਚਿਆ ਤਾਂ ਅੰਦਰ ਕਰਵਾ ਦਿਆਂਗਾ।"

"ਤੂੰ ਥਾਨੇਦਾਰ ਏਂ ?"

"ਹਾਂ !"

"ਮੈਂ ਕੋਤਵਾਲ ਹਾਂ !" ਇਕ ਬੁੱਢੇ ਠੇਰੇ, ਝੁਰੜੀਆਂ ਭਰੇ ਚਿਹਰੇ ਤੇ ਚੁੱਚੀਆਂ ਅੱਖਾਂ ਵਾਲੇ ਬੰਦੇ ਨੇ ਹਵਾ 'ਚ ਗਲਾਸ ਉਲਾਰ ਕੇ ਕਿਹਾ।

ਮੈਂ ਕਾਹਲੀ ਨਾਲ ਅੱਗੇ ਵੱਧ ਗਿਆ। ਸਾਹਮਣੇ ਥਾਨੇ ਦੀ ਸ਼ਾਨਦਾਰ ਇਮਾਰਤ ਸੀ। ਜੀਅ ਕੀਤਾ ਕਿ ਆਪਣੇ ਇਕ ਦੋ ਵਾਕਫਾਂ ਨੂੰ ਬੈਗ ਗੁਆਚਣ ਦੀ ਗੱਲ ਦੱਸਦਾ ਜਾਵਾਂ।

"ਅੱਜ ਹੀ ਗੁਆਚਾ ਬੈਗ ?" ਟੈਲੀਫੋਨ ਲਈ ਬੈਠੇ ਹਵਾਲਦਾਰ ਨੇ ਪੁਛਿਆ।

"ਹਾਂ, ਦੁਪਹਿਰੇ ਹੀ !"

ਉਹਨੇ ਅੱਖ ਦੇ ਇਸ਼ਾਰੇ ਨਾਲ ਡਿਉਟੀ ਕਲਰਕ ਨੂੰ ਕੁਝ ਕਿਹਾ ਤੇ ਉਹਨੇ ਇਕ ਬੈਗ ਮੇਰੇ ਸਾਹਮਣੇ ਰੱਖ ਦਿਤਾ। ਮੈਂ ਜ਼ੋਰ ਨਾਲ ਕਿਹਾ..."ਬਸ ਏਹੋ ਹੀ ਤਾਂ ਹੈ !...ਏਹੋ ਹੀ।"

"ਇਹਦੇ ਵਿਚ ਤਾਂ ਬਹੁਤ ਸਾਰੇ ਸੀਕਰਿਟ ਕਾਗਜ਼ਾਤ ਨੇ ਜਿਹਨਾਂ ਦਾ ਕਿਸੇ ਨੂੰ ਵੀ ਪਤਾ ਨਹੀਂ ਲੱਗਣਾ ਚਾਹੀਦਾ।"

ਮੈਂ ਕਹਿਣਾ ਚਾਹੁੰਦਾ ਸਾਂ ਕਿ ਇਹਨਾਂ ਬਾਰੇ ਕਿਸੇ ਨੂੰ ਕਿਵੇਂ ਪਤਾ ਲੱਗ ਸਕਦਾ ਹੈ ?

(ਪਰ ਖੁਸ਼ੀ ਨਾਲ ਮੇਰੇ ਕੋਲੋਂ ਬੋਲ ਸਕਣਾ ਔਖਾ ਹੋ ਗਿਆ ਸੀ ਤੇ ਮੈਂ ਇਕ ਸ਼ਬਦ ਵੀ ਨਾ ਕਹਿ ਸਕਿਆ)

———

ਮੁਅੱ
ਜ਼ਜ਼
ਸ਼ਹਿਰੀ

ਰਘੁਬੀਰ ਢੰਡ

ਸੂਰਜ ਡੁੱਬ ਚੁਕਿਆ ਸੀ—ਚਾਰੇ ਪਾਸੇ ਪਤਲਾ ਪਤਲਾ ਹਨੇਰਾ ਪਸਰਦਾ ਜਾ ਰਿਹਾ ਸੀ। ਦਿਨ ਭਰ ਦੀ ਮਿਹਨਤ ਨਾਲ ਥੱਕੇ ਹਾਰੇ ਕਿਰਸਾਣ ਥੱਕੇ ਹਾਰੇ ਬਲਦਾਂ ਨੂੰ ਅੱਗੇ ਲਾਈ ਜੇਠੂਵਾਲ ਵਾਲੇ ਪੁਲ ਉਪਰ ਦੀ ਘਰੀਂ ਪਰਤ ਰਹੇ ਸਨ। ਬਲਦਾਂ ਦੀਆਂ ਟੱਲੀਆਂ ਚਾਰੇ ਪਾਸੇ ਛਾਈ ਚੁੱਪ ਵਿਚ ਇਕ ਉਦਾਸ ਉਦਾਸ ਸੰਗੀਤ ਪੈਦਾ ਕਰ ਰਹੀਆਂ ਸਨ ਜਿਵੇਂ ਪਹਾੜਾਂ ਦੀ ਚੁੱਪ ਵਿਚ ਕਿਸੇ ਮੰਦਰ ਦੀਆਂ ਘੰਟੀਆਂ ਵੱਜ ਰਹੀਆਂ ਹੋਣ। ਬਲਦਾਂ ਦੇ ਪੈਰਾਂ ਦੀ ਧੂੜ ਕੁਝ ਕੁ ਦੂਰ ਤੱਕ ਉਡਦੀ ਹੀ ਨਜ਼ਰ ਆਉਂਦੀ ਸੀ ਤੇ ਫਿਰ ਹਨੇਰੇ ਵਿਚ ਘੁਲ ਜਾਂਦੀ ਸੀ। ਪੁਲ ਦੇ ਦੂਜੇ ਪਾਸਿਓਂ ਦੇਸਾ ਚਾਚਾ ਵੀ ਦੁਕਾਨ ਸਮੇਟਕੇ ਤੁਰ ਪਿਆ ਸੀ।

ਪਰ ਬੇਦੂ ਬਾਹਮਣ ਉਸੇ ਤਰ੍ਹਾਂ ਨਹਿਰ ਵਿਚ ਕੁੰਡੀ ਸੁੱਟੀ ਪੁਲ ਦੀਆਂ ਜੜ੍ਹਾਂ ਵਿਚ ਬੈਠਾ ਸੀ...

ਆਪਣੀ ਆਦਤ ਦੇ ਉਲਟ ਅੱਜ ਨਾ ਤਾਂ ਉਹ ਲੰਘ ਰਹੇ ਲੋਕਾਂ ਨਾਲ ਛੇੜਖਾਨੀ ਕਰ ਰਿਹਾ ਸੀ ਤੇ ਨਾ ਹੀ ਬੇ-ਸੁਰੇ ਗਾਣੇ ਗਾ ਰਿਹਾ ਸੀ। ਅੱਜ ਜਿਵੇਂ ਉਹ ਆਲੇ ਦੁਆਲੇ ਪਸਰੀ ਸਾਰੀ ਉਦਾਸੀ ਸਮੇਟੀ ਬੈਠਾ ਸੀ ਅਤੇ ਸਿਗਰਟ ਤੇ ਸਿਗਰਟ ਫੂਕੀ ਜਾ ਰਿਹਾ ਸੀ...

ਉਹ ਬਹੁਤ ਦੇਰ ਤੋਂ ਇਸੇ ਥਾਂ ਪੁਲ ਦੀਆਂ ਜੜ੍ਹਾਂ ਵਿਚ ਬੈਠਕੇ ਨਹਿਰ ਵਿਚ ਕੁੰਡੀ ਸੁਟਦਾ ਰਿਹਾ ਸੀ। ਜਦੋਂ ਵੀ ਕੋਈ ਮੱਛੀ ਫਸ ਜਾਂਦੀ ਉਹ ਗੋਬਿੰਦ ਗੜ੍ਹ ਮੰਡੀ ਨੂੰ ਤੁਰ ਪੈਂਦਾ ਜਿਥੇ ਉਸਦਾ ਘਰ ਸੀ—ਜਿਥੇ ਮੈਂ ਇਕ ਬੈਂਕ ਵਿਚ ਖਜ਼ਾਨਚੀ ਸਾਂ ਤੇ ਜਿਹੜੀ ਕਿ ਇਸ ਨਹਿਰ ਤੋਂ ਕੋਈ ਪੌਣਾ ਕੁ ਮੀਲ ਸੀ।

ਕਈ ਵਾਰ ਉਸਨੂੰ ਰਾਤ ਦੇ ਦਸ ਵੀ ਵੱਜ ਜਾਂਦੇ ਹਨ, ਪਰ ਮੁੜਦਾ ਉਹ ਮੱਛੀ ਲੈਕੇ ਹੀ ਸੀ। ਕਈ ਵਾਰ ਇੰਨੀ ਰਾਤ ਤੱਕ ਪੁਲ ਦੀਆਂ ਜੜ੍ਹਾਂ ਵਿਚ ਇੰਜ ਬੈਠਿਆਂ ਵੇਖ ਪੁਲਸ ਨੇ ਉਸਨੂੰ ਕੁਟਿਆ ਵੀ ਸੀ ਪਰ ਹੌਲੀ ਹੌਲੀ ਪੁਲਸ ਵੀ ਉਸਦੀ ਵਾਕਿਫ ਹੋ ਗਈ। ਉਹ ਦੌਰੇ ਤੇ ਆਏ ਸਿਪਾਹੀਆਂ ਨੂੰ ਸਿਗਰਟਾਂ ਪਿਆ ਛੱਡਦਾ ਜਾਂ ਕਦੀ ਕਦਾਈਂ ਉਹਨਾਂ ਦੇ ਨਾਂ ਕੁੰਡੀ ਸੁੱਟ ਛਡਦਾ ਅਤੇ ਸਿਪਾਹੀ ਕਹਿ ਛਡਦੇ : "ਸਾਡੇ ਸਿਰ ਤੇ ਐਸ਼ ਲੈ ਪੰਡਤਾ।"

ਜਦੋਂ ਕਦੀ ਮੈਂ ਉਸਨੂੰ ਘੰਟਿਆਂ ਬੱਧੀ ਇੰਜ ਬੈਠਿਆ ਰਹਿਣ ਬਾਰੇ ਪੁਛਦਾ, ਤਾਂ ਉਹ

ਆਖਦਾ : ਖ਼ਜ਼ਾਨਚੀ, ਮੈਨੂੰ ਮੱਛੀ ਬਿਨਾ ਰੋਟੀ ਸੁਆਦ ਨੀ ਲਗਦੀ—ਤੂੰ ਖਾਕੇ ਤਾਂ ਦੇਖ ਜੇ ਸਾਰੀ ਉਮਰ ਧੌਲਾ ਆ ਗਿਆ ਤਾਂ ਬਾਹਮਣ ਦਾ ਬੱਚਾ ਨਾ ਆਖੀਂ ।'' ਇਹ ਸੁਣਕੇ ਮੈਂ ਉਸਦੇ ਵਲ ਝਾਤੀ ਮਾਰਕੇ ਆਖਦਾ, "ਆਹ, ਤੇਰੇ ਕਿਉਂ ਆ ਗੇ ?'' ਉਹ ਆਪਣੇ ਸਿਰ ਉਪਰ ਦੀ ਹੱਥ ਫੇਰਕੇ ਆਖਦਾ, "ਇਹ ਤਾਂ ਪਹਿਲਾਂ ਦੇ ਨੇ ।'' ਮੈਂ ਚੁਪ ਕਰ ਜਾਂਦਾ । ਉਸ ਨਾਲ ਬਹਿਸ ਕੌਣ ਕਰੇ ? ਉਹ ਬੇ-ਹਦ ਹਾਜ਼ਰ ਜਵਾਬ ਸੀ । ਪਰ ਮੈਂ ਕਈ ਵਾਰ ਬੜੀ ਗੰਭੀਰਤਾ ਨਾਲ ਸੋਚਦਾ ਕਿ ਕਿਸੇ ਪ੍ਰਾਪਤੀ ਦੀ ਆਸ ਵਿਚ ਮਨੁੱਖ ਕਿੰਨਾ ਇੰਤਜ਼ਾਰ ਕਰ ਸਕਦਾ ਹੈ—ਕਿੰਨਾ ਸਬਰ ਰੱਖ ਸਕਦਾ ਹੈ ?

ਬੈਂਕ ਵਿਚੋਂ ਛੁਟੀ ਕਰ, ਵਾਲੀਵਾਲ ਖੇਡ, ਮੈਂ ਵੀ ਆਥਣੇ ਹੀ ਪਿੰਡ ਨੂੰ ਮੁੜਿਆ ਕਰਦਾ ਸਾਂ । ਪੁਲ ਉਤੋਂ ਦੀ ਲੰਘਦਿਆਂ ਜਦੋਂ ਮੈਂ ਸਾਈਕਲ ਦੀ ਘੰਟੀ ਜ਼ੋਰ ਜ਼ੋਰ ਨਾਲ ਵਜਾਉਂਦਾ ਤਾਂ ਪੁਲ ਦੀਆਂ ਜੜ੍ਹਾਂ ਵਿਚੋਂ ਬੇਦੂ ਬੋਲਦਾ : "ਆ ਜਾ, ਆ ਜਾ, ਬੜਾ ਲੇਟ ਹੋ ਗਿਐਂ ਅੱਜ !'' ਭਾਵੇਂ ਲੇਟ ਹੋਵਾਂ ਜਾਂ ਨਾ, ਉਸਦਾ ਪਹਿਲਾ ਫਿਕਰਾ ਇਹੀ ਹੁੰਦਾ ਸੀ ਤੇ ਮੈਨੂੰ ਇਹ ਫਿਕਰਾ ਬੜੀ ਖੁਸ਼ੀ ਦਿੰਦਾ ਸੀ ਕਿ ਮੈਂ ਬੇਦੂ ਨੂੰ ਸਮੇਂ ਸਿਰ ਆਇਆ ਵੀ ਲੇਟ ਲਗਦਾ ਸਾਂ । ਮੈਂ ਉਸਦੇ ਕੋਲ ਬੈਠ ਜਾਂਦਾ ਤੇ ਪੁਛਦਾ :

"ਸੁਣਾ, ਕੀ ਹਾਲ ਐ, ਬੇਦੂ ?''

"ਸਾਡਾ ਕਾਹਦਾ ਹਾਲ ਐ—ਹਾਲ ਤਾਂ ਤੇਰੈ ਜਿਹੜਾ ਰੋਜ਼ ਮਾਇਆ 'ਚ ਖੇਡਦੈਂ—ਅਸੀਂ ਤਾਂ ਯਾਰ ਮਾਸਟਰ ਖੁਸ਼ੀ ਰਾਮ ਦਾ ਸਾਗ ਈ ਤੋੜਦੇ ਰਹੇ–ਚਾਰ ਅੱਖਰ ਪੜ੍ਹ ਲੈਂਦੇ ਤਾਂ ਰੋਗਨ ਨਾਲ ਕਪੜੇ ਕਿਉਂ ਲਬੇੜਦੇ ?—ਪਰ, ਬਈ, ਮੱਥੇ ਦੀਆਂ ਲਿਖੀਆਂ ਕੌਣ ਮਿਟਾਵੇ—ਚਲ ਛੱਡ ਯਾਰ ਇਹ ਰੋਣੇ ਤਾਂ ਮੁਕਣੇ ਈ ਨੀ—ਹੋਰ ਸਾਡੀ ਭਾਬੀ ਦਾ ਹਾਲ ਸੁਣਾ–ਜਦੋਂ ਕੋਈ ਬਾਲ ਬੱਚੇ ਦੀ ਆਸ ਹੋਈ ਤਾਂ ਜ਼ਰਾ ਪਹਿਲਾਂ ਦਸ ਦੀਂ–ਐਸਾ ਤਬੀਤ ਕਰਕੇ ਦਊਂਗਾ ਸ਼ਰਤੀਆ ਮੁੰਡਾ ਹੋਊਗਾ...''

ਉਹ ਇਕੋ ਸਾਹ ਬੋਲਦਾ ਜਾਂਦਾ—ਅੰਤ ਮੈਂ ਉਸ ਨੂੰ ਵਿਚਕਾਰੋਂ ਹੀ ਟੋਕ ਆਖਦਾ, "ਚੰਗਾ, ਮੈਂ ਤਾਂ ਚਲਦਾਂ ਹੁਣ ।''

"ਜਾਹ ਬਈ, ਖਾਹ ਭਾਬੀ ਦੇ ਹੱਥਾਂ ਦੀਆਂ । ਛੜਿਆਂ ਨੇ ਤਾਂ ਆਪ ਈ ਹੱਥ ਫੂਕਣੇ ਨੇ–ਸਾਡੇ ਹੱਥ 'ਚ ਤੀਵੀਂ ਵਾਲੀ ਲਕੀਰ ਕਿਥੇ ?''

ਤੁਰਦਿਆਂ ਤੁਰਦਿਆਂ ਵੀ ਇਹ ਫਿਕਰੇ ਉਹ ਮੇਰੇ ਵਲ ਵਗਾਹ ਮਾਰਦਾ ।

ਪਰ ਅੱਜ ਘੰਟੀ ਵਜਾ ਵਜਾ ਮੇਰਾ ਅੰਗੂਠਾ ਵੀ ਪੀੜ ਕਰਨ ਲੱਗ ਪਿਆ ਸੀ ਬੇਦੂ ਵਲੋਂ ਕੋਈ ਹੁੰਗਾਰਾ ਨਹੀਂ ਸੀ ਆ ਰਿਹਾ । ਮੈਂ ਸੋਚਿਆ ਸ਼ਾਇਦ ਅੱਜ ਆਇਆ ਹੀ ਨਾ ਹੋਵੇ । ਪਰ ਜਦੋਂ ਮੈਂ ਪੁਲ ਉਤੋਂ ਨੀਵਾਂ ਹੋ ਕੇ ਵੇਖਿਆ, ਉਹ ਰੋਜ਼ ਵਾਂਗ ਕੁੰਡੀ ਸੁੱਟੀ ਬੈਠਾ ਸੀ—ਉਸਦੀਆਂ ਉਂਗਲਾਂ ਵਿਚ ਸਿਗਰਟ ਮੱਚ ਰਹੀ ਸੀ ਤੇ ਉਹ ਪੱਬਾਂ ਭਾਰ, ਆਲੇ ਦੁਆਲੇ ਦੀ ਸਾਰੀ ਉਦਾਸੀ ਸਮੇਟੀ ਬੈਠਾ ਸੀ...।

ਮੈਂ ਬੇਦੂ ਨੂੰ ਪਿਛਲੇ ਵੀਹ ਸਾਲਾਂ ਤੋਂ ਜਾਣਦਾ ਸਾਂ ਪਰ ਅੱਜ ਜਿੰਨਾ ਉਦਾਸ ਉਸਨੂੰ ਮੈਂ ਕਦੀ ਨਹੀਂ ਸੀ ਵੇਖਿਆ—ਕਦੀ ਵੀ ਨਹੀਂ—ਉਦੋਂ ਵੀ ਨਹੀਂ :

ਜਦੋਂ ਉਹ ਪੰਜਵੀਂ ਜਮਾਤ ਵਿਚ ਮੇਰੇ ਨਾਲ ਪੜ੍ਹਦਾ ਹੁੰਦਾ ਸੀ ਤੇ ਉਸਨੂੰ ਕੱਖ ਨਹੀਂ ਸੀ ਆਉਂਦਾ। ਅਸੀਂ ਜਮਾਤ ਵਿਚ ਪੜ੍ਹਦੇ ਹੁੰਦੇ ਸਾਂ ਅਤੇ ਉਹ ਮਾਸਟਰ ਖ਼ੁਸ਼ੀ ਰਾਮ ਦੀ ਮੱਝ ਲਈ ਪੱਠੇ ਲਿਆ ਰਿਹਾ ਹੁੰਦਾ ਸੀ—ਆਟਾ ਪਿਹਾਕੇ ਲਿਆ ਰਿਹਾ ਹੁੰਦਾ ਸੀ—ਸਾਗ ਤੋੜਕੇ ਲਿਆ ਰਿਹਾ ਹੁੰਦਾ ਸੀ। ਕਦੀ ਕਦਾਈਂ ਜੇ ਉਹ ਜਮਾਤ ਵਿਚ ਹਾਜ਼ਰ ਹੁੰਦਾ ਵੀ ਸੀ ਤਾਂ ਉਹ ਮਾਸਟਰ ਖ਼ੁਸ਼ੀ ਰਾਮ ਦੀਆਂ ਗਾਲ੍ਹਾਂ ਖਾਈ ਜਾਂਦਾ ਸੀ—ਫੱਟੀਆਂ ਖਾਈ ਜਾਂਦਾ ਸੀ ਤੇ ਜਾਂ ਫਿਰ ਮਾਸਟਰ ਨੇ ਧਰਮੇ ਮੁਨੀਟਰ ਨੂੰ ਆਖਣਾ, "ਬਣਾ ਓਏ,ਸਾਲੇ ਬਾਹਮਣ ਦਾ ਖੋਤਾ !" ਇਹ ਸੁਣਦਿਆਂ ਹੀ ਧਰਮੇ ਨੇ ਬੇਦੂ ਦੀ ਪਿੱਠ ਉਤੇ ਕੁੱਦ ਪੈਣਾ ਅਤੇ ਬੇਦੂ ਨੇ ਉਸਨੂੰ ਚੁੱਕਕੇ ਭੱਜਣਾ ਤੇ ਉਤੋਂ ਧਰਮੇ ਨੇ ਉਸਦੇ ਮੁੱਕੀਆਂ ਮਾਰਨੀਆਂ...

ਉਦੋਂ ਵੀ ਨਹੀਂ :

ਜਦੋਂ ਇਕ ਦਿਨ ਮਾਸਟਰ ਖ਼ੁਸ਼ੀ ਰਾਮ ਨੇ ਸਾਨੂੰ ਉਰਦੂ ਦੀਆਂ ਕਿਤਾਬਾਂ ਕੱਢਣ ਲਈ ਆਖਿਆ। ਬਦਕਿਸਮਤੀ ਨਾਲ ਬੇਦੂ ਉਸ ਦਿਨ ਜਮਾਤ ਵਿਚ ਸੀ ਅਤੇ ਮਾਸਟਰ ਨੇ ਕਿਹਾ ਵੀ ਉਸੇ ਨੂੰ ਹੀ। ਉਹ ਕੀ ਪੜ੍ਹਦਾ—ਉਹ ਕਿਹੜਾ ਕਦੀ ਜਮਾਤ ਵਿਚ ਆਇਆ ਸੀ। ਉਸਨੂੰ ਤੇ ਕਾਇਦਾ ਵੀ ਨਹੀਂ ਸੀ ਆਉਂਦਾ। ਉਹ ਬੁੱਤ ਵਾਂਗ ਖਲੋ ਗਿਆ। ਉਸਨੂੰ ਕੁਝ ਨਾ ਬੋਲਦਿਆਂ ਵੇਖ, ਮਾਸਟਰ ਗਰਜਿਆ :

"ਹਰਾਮ ਜ਼ਾਦਿਆ ਪੱਥਰਾ ! ਜੇ ਨਹੀਂ ਆਉਂਦਾ ਤਾਂ ਹਿਜੇ ਕਰਕੇ ਪੜ੍ਹਦੇ !" ਤਕਰੀਬਨ ਇਕ ਮਿੰਟ ਤੱਕ ਉਹ ਬੁਲ੍ਹਾਂ ਦੇ ਅੰਦਰ ਹੀ ਬੁੜ ਬੁੜ ਕਰਦਾ ਰਿਹਾ। ਜਦੋਂ ਮਾਸਟਰ ਨੇ ਦੁਬਾਰਾ ਦਬਕਾ ਮਾਰਿਆ ਤਾਂ ਬੇਦੂ ਬੋਲਿਆ, "ਨੂਣੀਏ ਨੀ ਨੂਣੀਏ ਨੀ : ਗੱਡੀ !"

ਸਾਰੀ ਜਮਾਤ ਹੱਸ ਪਈ ਪਰ ਮਾਸਟਰ ਖ਼ੁਸ਼ੀ ਰਾਮ ਨੂੰ ਇੰਨਾ ਰੋਹ ਚੜ੍ਹਿਆ ਕਿ ਉਹ ਬੇਦੂ ਨੂੰ ਓਦੋਂ ਕੁਟਣੋਂ ਹਟਿਆ ਜਦੋਂ ਫੱਟੀ ਟੁੱਟ ਗਈ !

ਇੰਨੀ ਕੁੱਟ ਖਾ ਕੇ ਉਹ ਮੈਨੂੰ ਅੱਜ ਜਿੰਨਾ ਉਦਾਸ ਨਹੀਂ ਸੀ ਲਗਿਆ—ਉਸ ਲਈ ਇਹ ਕੋਈ ਨਵੀਂ ਗੱਲ ਥਹੁੜੇ ਸੀ...

ਉਦੋਂ ਵੀ ਨਹੀਂ :

ਜਦੋਂ ਉਸਨੇ ਸਲਾਨੇ ਇਮਤਿਹਾਨ ਵਿਚ ਆਪਣੇ ਪਰਚਿਆਂ ਵਿਚ ਧਰਮੇ ਮੁਨੀਟਰ ਦਾ ਰੋਲ ਨੰਬਰ ਲਿਖ ਦਿੱਤਾ ਸੀ। ਪਤਾ ਲੱਗਣ ਤੇ ਫੜਿਆ ਗਿਆ ਸੀ ਅਤੇ ਹੈਡਮਾਸਟਰ ਨੇ ਸਾਰੇ ਸਕੂਲ ਦੇ ਸਾਹਮਣੇ ਬਾਰਾਂ ਬੈਂਤਾਂ ਮਾਰੀਆਂ ਸਨ ਅਤੇ ਉਸਨੂੰ ਸਕੂਲੋਂ ਕੱਢ ਦਿੱਤਾ ਸੀ। ਉਦੋਂ ਤੇ ਸਗੋਂ ਉਸਨੇ ਸ਼ੁਕਰ ਕੀਤਾ ਸੀ ਕਿ ਉਹ ਨਰਕ ਵਿਚੋਂ ਨਿਕਲ ਗਿਆ ਸੀ...।

ਉਦੋਂ ਵੀ ਨਹੀਂ :

ਜਦੋਂ ਸਕੂਲੋਂ ਨਿਕਲ ਕੇ ਉਹ ਸਕੂਲ ਅੱਗੇ ਹੀ ਕੁਲਫੀਆਂ ਵੇਚਣ ਲੱਗ ਪਿਆ ਸੀ—ਕੁਲਫੀਆਂ, ਜਿਹੜੀਆਂ ਕੁਝ ਉਹ ਆਪ ਖਾ ਗਿਆ ਸੀ ਤੇ ਬਾਕੀ ਮੁੰਡੇ ਹੁਦਾਰੀਆਂ ਲੈ ਖਾ ਗਏ ਸਨ—ਕੁਲਫੀਆਂ ਦਾ ਵਿਓਪਾਰ ਰਾਸ ਨਾ ਆਇਆ ਵੇਖ ਕੇ ਉਸ ਨੇ ਗੋਲਗਪਿਆਂ ਦੀ ਛਾਬੜੀ ਲਾ ਲਈ ਅਤੇ ਬੜੀ ਦਿਲਚਸਪੀ ਤੇ ਮਿਹਨਤ ਨਾਲ ਅਪਣੇ ਸਾਥੀਆਂ ਤੋਂ ਇਸ ਵਿਓਪਾਰ ਦੇ ਦਾਅ ਪੇਚ ਸਿਖਣ ਲਗਿਆ। ਅਪਣੇ ਕੋਲ ਬੈਠੇ ਭਲਿਆਂ ਵਾਲੇ ਦੀ ਰੀਸ, ਅੱਧੀ ਛੁੱਟੀ ਹੁੰਦਿਆਂ

ਹੀ ਬੋਦੂ ਨੇ ਵੀ ਹੋਕਾ ਦਿੱਤਾ,"ਤਾਜ਼ੇ ਕਰਾਰੇ ਲਹੌਰੀ ਭੱਲੇ ।" ਪਰ ਕੁੱਝ ਛਿਣ ਪਿਛੋਂ ਉਸ ਨੂੰ ਅਹਿਸਾਸ ਹੋਇਆ ਕਿ ਉਹ ਤਾਂ ਗੋਲ ਗੱਪੇ ਵੇਚ ਰਿਹਾ ਸੀ-ਇਸ ਗ਼ਲਤੀ ਦੀ ਦਰੁਸਤੀ ਲਈ ਉਸਨੇ ਫ਼ੋਰਨ ਹੋਕਾ ਦਿੱਤਾ, "ਨਹੀਂ ਸੱਚ, ਗੋਬਿੰਦ ਗੜ੍ਹ ਮੰਡੀ ਦੇ ਗੋਲ ਗੱਪੇ।"

ਇਕ ਦਿਨ ਇਕ ਸਿਪਾਹੀ ਨੇ ਆਨੇ ਦੇ ਗੋਲ ਗਪੇ ਖਾਧੇ। ਬੋਦੂ ਨੂੰ ਪਤਾ ਨਹੀਂ ਸੀ ਕਿ ਹਿੰਦੁਸਤਾਨ ਵਿਚ ਸਿਪਾਹੀਆਂ ਤੋਂ ਪੈਸੇ ਨਹੀਂ ਲਈਦੇ। ਜਦੋਂ ਉਸਨੇ ਪੈਸੇ ਮੰਗੇ, ਸਿਪਾਹੀ ਦੇ ਜਿਵੇਂ ਸੱਤੀਂ ਕਪੜੀਂ ਅੱਗ ਲੱਗ ਗਈ-ਉਸਨੇ ਇਕ ਠੇਡਾ ਗੋਲਗਪਿਆਂ ਦੀ ਛਾਬੜੀ ਦੇ ਅਤੇ ਦੂਜਾ ਬੋਦੂ ਦੇ ਮਾਰਿਆ ਅਤੇ ਉਹ ਨਾਲੀ ਵਿਚ ਜਾ ਡਿਗਿਆ—

ਇਹ ਕੋਈ ਨਵੀਂ ਗੱਲ ਥਹੁੜੋ ਸੀ—ਬਥੇਰੀਆਂ ਲੱਤਾਂ ਉਸਨੇ ਮਾਸਟਰ ਖ਼ੁਸ਼ੀ ਰਾਮ ਤੋਂ ਖਾਧੀਆਂ ਸਨ—ਕੀ ਫਰਕ ਸੀ ਮਾਸਟਰ ਤੇ ਸਿਪਾਹੀ ਵਿਚ ! ਆਖ਼ਰ ਦੋਹਾਂ ਦਾ ਕਿੱਤਾ ਤਾਂ ਕੁੱਟਣਾ ਹੀ ਸੀ.....,

ਓਦੋਂ ਵੀ ਨਹੀ :

ਜਦੋਂ ਉਹ ਅਪਣੀ ਲੰਮੀ ਭਟਕਣਾ ਦੇ ਦੌਰ ਵਿਚ, ਮੰਡੀ ਗੋਬਿੰਦਗੜ੍ਹ ਦੇ ਵੱਡੇ ਲੋਕਾਂ ਦੇ ਹੱਥ ਆ ਗਿਆ ਸੀ। ਕਈ ਸਾਲ ਉਹ ਉਹਨਾਂ ਲਈ ਹਫ਼ੀਮ ਦਾ ਕਾਰੋਬਾਰ ਕਰਦਾ ਰਿਹਾ ਸੀ। ਉਸ ਨੂੰ ਚੰਗੀ ਰੋਟੀ ਮਿਲਦੀ ਸੀ–ਹਫ਼ੀਮ ਖਾਣ ਲਈ ਤੇ ਸ਼ਰਾਬ ਪੀਣ ਲਈ ਮਿਲਦੀ ਸੀ। ਕੁਝ ਚਿਰ ਪਿਛੋਂ ਉਹ ਸੋਚਣ ਲਗਿਆ : 'ਮੈਂ ਕਿਉਂ ਨਾ ਅਪਣਾ ਵੱਖਰਾ ਕੰਮ ਕਰਾਂ–ਜਾਨ ਖ਼ਤਰੇ 'ਚ ਪਾਕੇ ਸਾਰੀ ਕਮਾਈ ਲਾਲਿਆਂ ਨੂੰ ਦੇ ਦੇਣੀ ਕਿਥੇ ਦੀ ਸਿਆਣਪ ਐ ?" ਪਰ ਲਾਲਿਆਂ ਨੇ ਬੋਦੂ ਦੇ ਦਿਮਾਗ ਵਿਚ ਆਈ ਇਹ ਖ਼ਰਾਬੀ ਸੁੰਘ ਲਈ ਸੀ ਤੇ ਇਕ ਦਿਨ ਜਦੋਂ ਮੈਂ ਅਪਣੇ ਭਰਾ ਦੇ ਸਰਕਾਰੀ ਕਾਗ਼ਜ਼ਾਂ ਬਾਰੇ ਥਾਣੇ ਗਿਆ ਤਾਂ ਇਕ ਸੀਖਾਂ ਵਾਲੀ ਕੋਠੜੀ ਵਿਚੋਂ ਕਿਸੇ ਮੈਨੂੰ ਆਖਿਆ :

"ਖ਼ਜ਼ਾਨਚੀ, ਇਕ ਸਿਗਟ ਤਾਂ ਪਿਆ ਜਾ !"

ਬੋਦੂ ਨੂੰ ਇਸ ਹਾਲਤ ਵਿਚ ਵੇਖ ਮੈਨੂੰ ਬੜੀ ਹੈਰਾਨੀ ਹੋਈ—ਸੀਖਾਂ ਵਿਚੋਂ ਇਕ ਸਿਪਾਹੀ ਦੀ ਆਗਿਆ ਨਾਲ, ਸਿਗਰਟ ਫੜਾਂਦਿਆਂ ਮੈਂ ਉਸ ਤੋਂ ਸਭ ਕੁਝ ਪੁਛ ਲਿਆ....ਪਰ ਉਹ ਅੱਜ ਜਿੰਨਾ ਉਦਾਸ ਬਿਲਕੁਲ ਨਹੀਂ ਸੀ—ਸਗੋਂ ਥਾਣੇ ਵਾਲਿਆਂ ਦੀ ਕੁੱਟ ਬਾਰੇ ਦਸਦਿਆਂ ਉਸ ਨੇ ਬੜੇ ਫ਼ਖ਼ਰ ਨਾਲ ਆਖਿਆ :

'ਕੁਤਿਆਂ ਦੇ ਸਾਲੇ, ਸਾਰੀ ਰਾਤ ਮੈਨੂੰ ਕੁੱਟਦੇ ਰਹੇ ਨੇ—ਪਰ ਦੋਸਤਾ, ਮੈਂ ਵੀ ਹਾਇ ਨਹੀਂ ਕੀਤੀ—ਬਥੇਰੀਆਂ ਫੱਟੀਆਂ ਖਾਧੀਆ ਨੇ ਮਾਸਟਰ ਖੁਸ਼ੀ ਰਾਮ ਤੋਂ..."

ਪਰ ਅੱਜ.........

ਅੱਜ ਉਸਨੂੰ ਕੀ ਹੋ ਗਿਆ ਸੀ—ਉਹ ਕਿਉਂ ਇੰਨਾ ਉਦਾਸ ਸੀ ? ਆਖਰ ਕਿਹੜਾ ਅਸਮਾਨ ਡਿੱਗ ਪਿਆ ਸੀ ਅੱਜ—

ਇਹ ਦਿਨ ਤਾਂ ਸਗੋਂ ਉਸ ਦੀ ਜ਼ਿੰਦਗੀ ਦੇ ਅਤਿਅੰਤ ਸ਼ਾਨਦਾਰ ਦਿਨ ਸਨ। ਇਹਨਾਂ ਦਿਨਾਂ ਦੇ ਬਹਿਸ਼ਤ ਦੀਆਂ ਤਾਂ ਉਹ ਆਪ ਕਹਾਣੀਆਂ ਸੁਣਾਇਆ ਕਰਦਾ ਸੀ—ਰੋਜ਼ ਬਾਤਾਂ ਪਾਇਆ ਕਰਦਾ ਸੀ—

ਪਿਛਲੇ ਸਾਲ ਤੋਂ ਕਿਸੇ ਪਿੰਡ ਦਾ ਇਕ ਬ੍ਰਾਹਮਣ ਉਸ ਦੇ ਗੁਆਂਢ ਵਿਚ ਆ ਕੇ ਰਹਿਣ ਲੱਗ ਪਿਆ ਸੀ। ਉਹ ਆਲੂ ਛੋਲਿਆਂ ਦੀ ਰੇੜ੍ਹੀ ਲਾਇਆ ਕਰਦਾ ਸੀ। ਉਸ ਦੀ ਪੱਚੀ ਛੱਬੀ ਸਾਲਾਂ ਦੀ, ਬਾਲ ਵਿਧਵਾ ਧੀ ਨਾਲ, ਬੇਦੂ ਨੂੰ ਪਿਆਰ ਹੋ ਗਿਆ ਸੀ......

ਕੁਸ਼ੱਲਿਆ ਉਸ ਦੀ ਜ਼ਿੰਦਗੀ ਵਿਚ ਇਕ ਖੁਸ਼ਬੂ ਵਾਂਗ ਫੈਲ ਗਈ ਅਤੇ ਕਦਮ ਕਦਮ ਤੇ ਕਤਲਗਾਹਾਂ ਵਿਚੋਂ ਲੰਘਿਆਂ ਬੇਦੂ, ਤੀਹਾਂ ਸਾਲਾਂ ਦੀ ਇਸ ਉਮਰ ਵਿਚ ਬਿਨਾਂ ਖੰਭਾਂ ਤੋਂ ਉੱਡਣ ਲੱਗਿਆ—ਉਸ ਨੇ ਸ਼ਰਾਬ ਛੱਡ ਦਿਤੀ—ਅਫ਼ੀਮ ਛੱਡ ਦਿਤੀ—ਉਹ ਕੁਸ਼ਲਿਆ ਦੀ ਖੁਸ਼ੀ ਲਈ ਕੀ ਨਹੀਂ ਸੀ ਕਰ ਸਕਦਾ। ਕਿਸ ਤਰ੍ਹਾਂ ਜਾਂਚ ਤੋਲ ਕੇ ਉਹ ਆਪਣਾ ਭਵਿਖ ਉਲੀਕੀ ਫਿਰਦਾ ਸੀ ਤੇ ਕਿਵੇਂ ਚਾਈਂ ਚਾਈਂ ਉਹ ਮੈਨੂੰ ਦਸਦਾ ਸੀ :

"ਖਜ਼ਾਨਚੀ, ਹੁਣ ਮੈਂ ਡਾਕਟਰ ਹੰਸ ਰਾਜ ਦੀ ਕੋਠੀ ਨੂੰ ਰੰਗ ਰੋਨ ਰੋਗਨ ਕਰਦਾਂ—ਜਦੋਂ ਸਾਬ੍ਹ ਕੀਤਾ ਦੋ ਢਾਈ ਸੌ ਮਿਲੂਗਾ। ਅਜੇ ਤਾਈਂ ਮੈਂ ਸਿਗਟ ਪਾਣੀ ਜੋਗੇ ਵੀਹ ਰੁਪਈਏ ਲਏ ਨੇ। ਸ਼ਲੋ ਮੈਨੂੰ ਪਾਨਾਂ ਦੀ ਦੁਕਾਨ ਪਾਉਣ ਵਾਸਤੇ ਕਹਿੰਦੀ ਐ। ਵੇਖੀਂ ਸਈ, ਕਿਸੇ ਦਿਨ ਇਓਂ ਈ ਪਤਾ ਲੱਗਣਾ ਬਈ ਚੌਂਕ 'ਚ ਫੱਟਾ ਲੱਗਿਆ ਹੋਇਐ। "ਵੇਦ ਪ੍ਰਕਾਸ਼ ਸ਼ਰਮਾ ਪਾਨ ਫਰੋਸ਼।"

ਅੱਜ ਕੱਲ੍ਹ ਉਸ ਨੂੰ ਕੁਸ਼ਲਿਆ ਦਾ ਹੀ ਜਨੂੰਨ ਚੜ੍ਹਿਆ ਰਹਿੰਦਾ ਸੀ। ਜਦੋਂ ਵੀ ਮੈਂ ਉਸ ਕੋਲ ਬੈਠਦਾ ਉਹ ਇਕ ਦੋ ਇਧਰ ਉਧਰ ਦੀਆਂ ਟਿਚਕਰਾਂ ਕਰ, ਕੁਸ਼ਲਿਆ ਦੀਆਂ ਗੱਲਾਂ ਛੁਹ ਲੈਂਦਾ।

"ਖਜ਼ਾਨਚੀ, ਇਸ਼ਕ ਬੁਰੀ ਬਲਾ ਐ ਬਈ। ਰਾਂਝਾ ਐਵੇਂ ਜੋਗੀ ਨਹੀਂ ਸੀ ਬਣ ਗਿਆ। ਆਹ ਨਹਿਰ ਦੇ ਪਾਣੀ 'ਚੋਂ ਮੈਨੂੰ ਤਾਂ ਹੁਣ ਸ਼ੱਲੋ ਈ ਨਜ਼ਰ ਆਉਂਦੀ ਐ। ਮੋਰ ਜਿਡੀ ਧੋਣ ਐ ਬਾਹਮਣੀ ਦੀ। ਜੀ ਕਰਦੈ ਸਾਰੀ ਨੂੰ ਡੀਕ ਲਾ ਕੇ ਪੀਜਾਂ। ਪਰ ਯਾਰ ਸਾਡੀ ਜਾਤ ਕੁਸ਼ ਨਹੀਂ।"

"ਕਿਉਂ, ਕੁਸ਼ ਕਿਉਂ ਨਹੀਂ ? ਬਾਹਮਣ ਤਾਂ ਸਭ ਤੋਂ ਉੱਚੀ ਜਾਤੀ ਐ," ਉਸ ਨੂੰ ਚੁੱਪ ਕੀਤਿਆਂ ਵੇਖ ਮੈਂ ਗਰੰਥਾਂ ਦਾ ਹਵਾਲਾ ਦਿੰਦਾ।

"ਕਾਹਦੀ ਉਚੀ ਐ ! ਇਹ ਮੱਛੀ ਤਾਂ ਖਾਂਦੀ ਨਹੀਂ। ਜੇ ਸ਼ੱਲੋ ਮੱਛੀ ਖਾਂਦੀ ਹੋਵੇ ਤਾਂ ਦੇਸੀ ਘਿਉ 'ਚ ਤਲਕੇ ਖੁਆਇਆ ਕਰਾਂ। ਜਿੱਦਣ ਨਾ ਮਿਲੇ ਓਦਣ ਮਹੀਂਵਾਲ ਵਾਂਗੂ ਪੱਟ ਚੀਰ ਦਿਆਂ...।"

ਉਹ ਬੋਲੀ ਜਾਂਦਾ, ਬੋਲੀ ਜਾਂਦਾ। ਆਖਰ ਮੈਂ ਇੰਜ ਕਹਿਕੇ ਤੁਰ ਜਾਂਦਾ, "ਸਾਲਿਆ ਕਿਉਂ ਸ਼ੇਖ ਚਿਲੀਆਂ ਵਾਂਗੂ ਹਵਾਈ ਕਿਲੇ ਬਣਾਈ ਜਾਨੈਂ..."

ਪਰ ਅੱਜ ਉਸ ਨੂੰ ਇੰਨਾ ਉਦਾਸ ਵੇਖ, ਮੈਨੂੰ ਬਹੁਤ ਹੈਰਾਨੀ ਹੋਈ ਅਤੇ ਮੈਂ ਸਾਈਕਲ ਰੱਖ ਉਸ ਵੱਲ ਤੁਰ ਪਿਆ।

ਅੱਜ ਪਹਿਲਾ ਦਿਨ ਸੀ ਜਦੋਂ ਉਸ ਨੇ ਨਾ ਤੇ ਮੈਨੂੰ ਬੁਲਾਇਆ ਤੇ ਨਾ ਹੀ ਮੇਰੇ ਵੱਲ ਵੇਖਿਆ। ਮੈਂ ਪਹਿਲ ਕਰਦਿਆਂ ਬੋਲਿਆ :

"ਕੀ ਗੱਲ ਐ, ਅੱਜ ਕੁੜੀ ਦੱਬਕੇ ਆਇਐਂ ?"

ਬੇਦੂ ਨੂੰ ਜਿਵੇਂ ਕੁਝ ਵੀ ਨਹੀਂ ਸੁਣਿਆ ਸੀ ।

ਮੈਂ ਉਸ ਦੇ ਕੋਲ ਬੈਠਦਿਆਂ ਫਿਰ ਆਖਿਆ :

ਕੀ ਗੱਲ ਐ ? ਕਿਤੇ ਸ਼ੱਲੋ ਤਾਂ ਨਹੀਂ ਲੜਪੀ ?''

ਉਸ ਨੇ ਚੌੜੀਆਂ ਚੌੜੀਆਂ ਅੱਖਾਂ ਨਾਲ ਮੇਰੀਆਂ ਅੱਖਾਂ 'ਚ ਵੇਖਿਆ ਜਿਵੇਂ ਉਹ ਜਾਚ ਰਿਹਾ ਹੋਵੇ ਕਿ ਉਹਨੂੰ ਮੇਰੇ ਨਾਲ ਕੋਈ ਗੱਲ ਕਰਨੀ ਚਾਹੀਦੀ ਹੈ ਜਾਂ ਨਹੀਂ ? ਫਿਰ ਨਹਿਰ ਦੇ ਫੈਲਾਓ ਵੱਲ ਵੇਖਦਿਆਂ ਬੋਲਿਆ :

''ਖ਼ਜ਼ਾਨਚੀ, ਮੇਰਾ ਅੱਜ ਚਿਤ ਠੀਕ ਨਹੀਂ । ਤੂੰ ਘਰ ਨੂੰ ਜਾਹ, ਹਨੇਰਾ ਹੁੰਦਾ ਜਾਂਦੈ ।''

ਮੇਰੀ ਹੈਰਾਨੀ ਵੱਧਦੀ ਜਾ ਰਹੀ ਸੀ । ਖੁਸ਼ੀ ਰਾਮ ਮਾਸਟਰ ਨੇ ਉਸ ਨੂੰ ਮਾਰ ਮਾਰ ਫੱਟੀਆਂ ਤੋੜ ਦਿਤੀਆਂ ਸਨ । ਥਾਣੇ ਵਾਲੇ ਸਾਰੀ ਰਾਤ ਉਸ ਨੂੰ ਮਾਰਦੇ ਰਹੇ ਸਨ ਪਰ ਉਹ ਰੋਇਆ ਨਹੀਂ ਸੀ । ਉਹ ਤਾਂ ਪੱਥਰ ਸੀ ਤੇ ਪੱਥਰ ਵੀ ਕਦੇ ਰੋਏ ਨੇ । ਪਰ ਅੱਜ ਨਹਿਰ ਦੇ ਪਸਾਰ ਉਤੇ ਟਿਕੀਆਂ ਉਸ ਦੀਆਂ ਅੱਖਾਂ ਕਿਉਂ ਤਰ ਸਨ । ਸ਼ਾਇਦ ਸਭ ਕੁਝ ਠੀਕ ਹੀ ਸੀ । ਹੁਣ ਉਹ ਪੱਥਰ ਨਹੀਂ ਸੀ ਰਿਹਾ, ਹੁਣ ਉਸ ਨੂੰ ਆਪਣੀ ਹੋਂਦ ਤੇ ਆਪਣੇ ਭਵਿਖ ਦਾ ਅਹਿਸਾਸ ਸੀ । ਹੁਣ ਉਸ ਕੋਲ ਇਕ ਆਸ਼ਕ ਅਤੇ ਮਜ਼ਦੂਰ ਦਾ ਖੂਬਸੂਰਤ ਦਿਲ ਸੀ ।

ਮੈਨੂੰ ਬੇਦੂ ਉਤੇ ਬੇ ਹੱਦ ਤਰਸ ਆਇਆ । ਪਿਛਲੇ ਵੀਹਾਂ ਸਾਲਾਂ ਦਾ ਤਰਸ ਮੇਰੇ ਅੰਦਰ ਅੱਜ ਇਸੇ ਸਮੇਂ ਡੁਲ੍ਹਣ ਲਈ ਮਚਲ ਰਿਹਾ ਸੀ । ਮੈਂ ਜਜ਼ਬਾਤੀ ਹੋ ਕੇ ਉਸ ਦੀ ਕਦੀ ਨਾ ਨਿਵੀਂ ਪਰ ਅੱਜ ਹਾਰੀ ਹੁੱਟੀ ਧੌਣ ਦੁਆਲੇ ਬਾਂਹ ਵਲ ਲਈ ਅਤੇ ਉਸ ਨੂੰ ਜ਼ੋਰ ਨਾਲ ਹਲੂਣਦਿਆਂ ਆਖਿਆ :

''ਬੇਦੂ ਸੱਚੋ ਸੱਚ ਦੱਸ ਕੀ ਗੱਲ ਐ, ਤੈਨੂੰ ਮੇਰੀ ਸੌਂਹ, ਤੈਨੂੰ ਸ਼ੱਲੋ ਦੀ ਸਹੁੰ ।''

ਇੰਨਾ ਕਹਿੰਦਿਆਂ ਹੀ ਉਹ ਮੈਨੂੰ ਚਿੰਬੜ ਗਿਆ ਅਤੇ ਕਈ ਮਿੰਟ ਤਕ ਰੋਇਆ—ਖੁਲ੍ਹਕੇ ਰੋਇਆ ਅਤੇ ਫਿਰ ਕੁਝ ਠਰੰਮੇ ਤੇ ਡਾਢੀ ਪੀੜ ਨਾਲ ਕਹਿਣ ਲੱਗਿਆ :--

''ਖ਼ਜ਼ਾਨਚੀ, ਵੇਖ ਲੈ ਇਕ ਦਿਨ ਵੀ ਸੁੱਖ ਦਾ ਨਹੀਂ ਵੇਖਿਆ । ਪੰਜਾਂ ਸਾਲਾਂ ਦੇ ਦਾ ਬਾਪ ਮਰ ਗਿਆ, ਸੱਤਾਂ ਸਾਲਾਂ ਦੇ ਦੀ ਮਾਂ ਮਰ ਗਈ । ਸਕੂਲੋਂ ਮਾਸਟਰ ਖੁਸ਼ੀ ਰਾਮ ਦੀਆਂ ਫੱਟੀਆਂ ਤੇ ਘਰੋਂ ਚਾਚੀ ਦੀਆਂ ਗਾਲ੍ਹਾਂ, ਚਿਮਟੇ ਤੇ ਖੁਰਚਣੇ । ਢਿੱਡ ਦੀ ਖਾਤਰ ਫੀਮ ਵੇਚੀ ਤੇ ਪੁਲਸ ਤੋਂ ਹੱਡੀਆਂ ਤੁੜਾਈਆਂ । ਸ਼ੱਲੋ ਚਾਰ ਦਿਨ ਖੁਸ਼ੀ ਦੇ ਲਿਆਈ ਸੀ । ਮੇਰਾ ਧਰਤੀ ਤੇ ਪੈਰ ਕਿਹੜਾ ਲੱਗਦਾ ਸੀ । ਸੋਚਿਆ ਸੀ ਪਾਨਾਂ ਦੀ ਦੁਕਾਨ ਪਾ ਕੇ ਸ਼ੱਲੋ ਨਾਲ ਵਿਆਹ ਕਰੂੰਗਾ । ਪਰ ਸਾਲੇ ਹੰਸ ਰਾਜ ਦਾ ਬੇੜਾ ਬਹਿ ਗਿਆ, ਪਤੈ, ਅੱਜ ਸਾਬ੍ਹ ਕਰਕੇ ਕੀ ਦਿਤੈ ? ਵੀਹ ਰੁਪਈਏ......!''

''ਵੀਹ ਰੁਪਈਏ !'' ਮੈਨੂੰ ਜਿਵੇਂ ਨਹਿਰ ਵਿਚ ਗ਼ੋਤਾ ਆ ਗਿਆ ਹੋਵੇ । ''ਬਾਕੀ ?'' ਮੈਂ ਕਾਹਲੀ ਨਾਲ ਪੁਛਿਆ ।

''ਬਾਕੀ ਕਹਿੰਦਾ ਤੂੰ ਪੇਸ਼ਗੀ ਲੈ ਲਈ ਸੀ ।''

''ਪਰ ਤੂੰ ਤਾਂ ਕਹਿੰਦਾ ਸੀ ਤੂੰ ਪੇਸ਼ਗੀ ਵੀਹ ਈ ਲਏ ਨੇ ।''

"ਖ਼ਜ਼ਾਨਚੀ, ਮੈਂ ਬਥੇਰਾ ਰੌਲਾ ਪਾਇਆ ਬਈ ਮੈਂ ਤਾਂ ਵੀਹ ਈ ਲਏ ਸੀ ਪਰ ਉਹਨੇ ਰਜਿਸਟਰ ਮੇਰੇ ਮੋਹਰੇ ਕਰਤਾ। ਉਹਦੇ ਤੇ ਦੋ ਸੌ ਵੀਹ ਸੀਗੇ ਤੇ ਥੱਲੇ ਮੇਰੇ ਦਸਖ਼ਤ ਸੀ। ਖ਼ਜ਼ਾਨਚੀ ਮੈਂ ਅਣਤੋਲੀ ਧਰਤੀ ਤੇ ਬੈਠਾਂ, ਮੈਂ ਵੀਹ ਲਏ ਸੀ ਤੇ ਵੀਹਾਂ ਥੱਲੇ ਦਸਖਤ ਕੀਤੇ ਸੀ। ਸਾਲੇ ਨੇ ਦੂਆ ਹੋਰ ਲਾ ਲਿਆ। ਸਾਰੇ ਈ ਪਿਟਦੇ ਸੀ...।"

"ਤੇ ਫ਼ੇਰ..."ਮੇਰੇ ਖਿਆਲ ਵਿਚ ਗੱਲ ਪੂਰੀ ਹੋਣ ਦੇ ਬਾਵਜੂਦ ਵੀ ਜਿਵੇਂ ਪੂਰੀ ਨਹੀਂ ਹੋਈ ਸੀ।

"ਫੇਰ ਮੈਂ ਮੰਡੀ ਦੇ ਵੱਡੇ ਚੌਧਰੀ ਪਰੈਜ਼ੀਡੈਂਟ ਕੋਲ ਜਾਕੇ ਪਿਟਿਆ ਪਰ ਇਹ ਸਾਰੇ ਸਾਲੇ ਇਕੋ ਥਾਲੀ ਦੇ ਬੱਟੇ ਚੱਟੇ ਨੇ। ਚੋਧਰੀ ਹਲਕੇ ਕੁੱਤੇ ਵਾਂਗੂ ਪਿਆ—ਕਹਿੰਦਾ, ਭੱਜ ਜਾ ਸਾਲਾ ਨੰਗ ਬਾਹਮਣ, ਡਾਕਟਰ ਹੰਸ ਰਾਜ ਵੀ ਕਦੇ ਇਉਂ ਕਰ ਸਕਦੈ? ਉਹ ਇਕ ਮੁਅੱਜ਼ਜ਼ ਸ਼ਹਿਰੀ ਐ।"

ਮੈਂ ਨਹਿਰ ਦੀ ਪਟੜੀ ਤੇ ਲੱਗੇ ਮੀਲ ਵਾਂਗਰ ਜੰਮ ਗਿਆ...

ਬੇਦੂ ਜਿਹੜਾ ਹੁਣੇ ਬੜੀ ਗੰਭੀਰਤਾ ਨਾਲ ਸਭ ਕੁਝ ਮੈਨੂੰ ਦੱਸ ਰਿਹਾ ਸੀ, ਗੁੱਸੇ ਨਾਲ ਕੰਬਣ ਲੱਗ ਪਿਅ । ਉਸ ਦੀਆਂ ਅੱਖਾਂ ਲਾਲ ਹੋ ਗਈਆਂ ਅਤੇ ਉਸਨੇ ਮੇਰੇ ਵੇਖਦਿਆਂ ਵੇਖਦਿਆਂ ਇਕੋ ਹੀ ਝਟਕੇ ਨਾਲ ਕੁੰਡੀ ਕੱਢਕੇ ਬਾਹਰ ਮਾਰੀ। ਫਿਰ ਜੇਬ ਵਿਚੋਂ ਦਸਾਂ ਦਸਾਂ ਦੇ ਦੋ ਨੋਟ ਕੱਢੇ ਤੇ ਉਹਨਾਂ ਵੱਲ ਇਕ ਟੱਕ ਵੇਖਣ ਲੱਗਿਆ। ਉਸ ਦੀਆਂ ਅੱਖਾਂ ਡੁਬਦੇ ਸੂਰਜ ਵਾਂਗ ਹੋਰ ਲਾਲ ਹੋ ਗਈਆਂ ਅਤੇ ਫਿਰ ਉਹ ਇਕ ਦਮ ਬੋਲਿਆ, "ਹੂੰ, ਸਾਲੇ ਮੁਅੱਜ਼ਜ਼ ਸ਼ਹਿਰੀ।" ਇਹ ਕਹਿੰਦਿਆਂ ਹੀ ਉਹ ਅੱਗ ਵਾਂਗ ਭਬਕ ਉਠਿਆ ਅਤੇ ਨੋਟ ਨਹਿਰ ਵਿਚ ਵਗਾਹ ਮਾਰੇ। ਮੈਂ ਉਠ ਕੇ ਉਸ ਦਾ ਹੱਥ ਉਦੋਂ ਫੜ ਸਕਿਆ ਜਦੋਂ ਨੋਟ ਪਾਣੀ ਤੇ ਤਰਨ ਲੱਗ ਪਏ ਸਨ...

ਹੁਣ ਉਹ ਬੜੀ ਸੰਤੁਸ਼ਟਤਾ ਨਾਲ ਨਹਿਰ ਕੰਢੇ ਖਲੋਤਾ ਸੀ। ਮੈਂ ਕਦੀ ਉਸ ਵੱਲ ਤੇ ਕਦੀ ਤਰਦੇ ਜਾ ਰਹੇ ਨੋਟਾਂ ਵੱਲ ਵੇਖੀ ਜਾ ਰਿਹਾ ਸੀ...

ਬੇਦੂ ਨੂੰ ਇੰਜ ਸੰਤੁਸ਼ਟ ਖਲੋਤਿਆਂ ਵੇਖ, ਮੈਨੂੰ ਲੱਗਿਆ ਜਿਵੇਂ ਉਸ ਨੇ ਸਾਰੇ ਹਿੰਦੁਸਤਾਨ ਦੇ ਮੁਅੱਜ਼ਜ਼ ਸ਼ਹਿਰੀਆਂ ਨੂੰ ਨਹਿਰ ਵਿਚ ਸੁਟਕੇ ਆਪਣੀ ਰੂਹ ਵਿਚ ਖੁਭਿਆ ਕਿੱਲ ਕੱਢ ਲਿਆ ਹੋਵੇ। ਤਰਦੇ ਜਾ ਰਹੇ ਨੋਟਾਂ ਵੱਲ ਵੇਖ ਮੈਨੂੰ ਜਾਪਿਆ ਜਿਵੇਂ ਬੇਦੂ ਤੇ ਸ਼ੱਲੋ ਦੇ ਸੁਪਨੇ ਰੁੜ੍ਹੇ ਜਾ ਰਹੇ ਹੋਣ...

ਤੇ ਫਿਰ ਮੇਰੇ ਵੇਖਦਿਆਂ ਵੇਖਦਿਆ ਦੋਵੇਂ ਨੋਟ ਰਾਤ ਦੇ ਹਨੇਰੇ ਵਿਚ ਗੁਆਚ ਗਏ...

ਮਖੌਟੇ ਦੀ ਮੌਤ

ਮਹਿਰਮ ਯਾਰ

ਪਤਾ ਨਹੀਂ ਮੈਂ ਹੋਰ ਕਿੰਨਾ ਚਿਰ ਬੇਸੁਧ ਪਈ ਰਹਿੰਦੀ ਤੇ ਨਾ ਜਾਣੇ ਕੀ ਕਰ ਬਹਿੰਦੀ, ਜੇ ਬਾਹਰੋਂ ਬੂਹੇ 'ਤੇ ਕੋਈ ਜ਼ੋਰ ਜ਼ੋਰ ਨਾਲ ਧਫੇ ਮਾਰ ਮੈਨੂੰ ਨਾ ਜਗਾਂਦਾ। ਜਿਵੇਂ ਕਿਵੇਂ ਮੈਂ ਆਪਣੇ ਨਿਢਾਲ ਜਿਸਮ ਨੂੰ ਖੜਾ ਕੀਤਾ, ਅੱਖਾਂ ਪੂੰਝੀਆਂ, ਹੱਥਾਂ ਨਾਲ ਵਾਲ ਸੁਆਰਦੀ ਮਸਾਂ ਦਰਵਾਜ਼ੇ ਤਕ ਗਈ। ਬੂਹਾ ਖੋਲਿਆ : ਸਾਹਮਣੇ ਮੇਰੇ ਪਤੀ (ਬਲਵੀਰ) ਦਾ ਦੋਸਤ ਹਰਿਦੇਵ ਵੀਰ ਖੜਾ ਸੀ। ਉਹਨੇ ਆਉਣ ਤੋਂ ਪਹਿਲਾਂ ਖੱਤ ਵੀ ਲਿਖਿਆ ਸੀ ਕਿ ਉਹ ਕਲਾ ਚਿੱਤਰਾਂ ਦੀ ਨੁਮਾਇਸ਼ ਦੇ ਸਿਲਸਿਲੇ 'ਚ ਦਿੱਲੀ ਆ ਰਿਹਾ ਸੀ 'ਤੇ ਉਸਦਾ ਸਾਡੇ ਘਰ ਠਹਿਰਨ ਦਾ ਪਰੋਗਰਾਮ ਸੀ। ਘਰ 'ਚ ਐਨੀ ਕਸ਼ਾਕਸ਼ ਦਾ ਮਾਹੌਲ ਸੀ ਕਿ ਉਹਦੀ ਚਿੱਠੀ ਦਾ ਜਵਾਬ ਦੇਣਾ ਤਾਂ ਇਕ ਪਾਸੇ ਰਿਹਾ, ਕਿਸੇ ਨੇ ਚੱਜ ਹਾਲ ਨਾਲ ਪੜ੍ਹੀ ਵੀ ਨਹੀਂ ਸੀ। ਤੇ ਹਰਿਦੇਵ ਵੀਰ, ਜਿਸ ਦੀਆਂ ਹਜ਼ਾਰਾਂ ਦੇ ਮੁਲ ਦੀਆਂ ਤਸਵੀਰਾਂ ਘਰ ਦੀ ਹਰ ਦੀਵਾਰ ਤੇ ਲੱਗੀਆਂ ਹੋਈਆਂ ਸਨ, ਨੂੰ 'ਜੀ ਆਇਆਂ' ਕਹਿਣ ਕੋਈ ਸਟੇਸ਼ਨ ਤੇ ਵੀ ਨਹੀਂ ਸੀ ਗਿਆ। ਜਾਣਾ ਵੀ ਕਿਹਨੇ ਸੀ ਬਲਵੀਰ (ਪਤੀ) ਨੂੰ ਤਾਂ ਨਵੀਂ ਕਾਰ ਕਢਵਾਉਣ 'ਤੇ ਕਿਸੇ ਨਾਲ ਨਵੀਂ ਜ਼ਿੰਦਗੀ ਸ਼ੁਰੂ ਕਰਨ ਤੋਂ ਹੀ ਵਿਹਲ ਨਹੀਂ ਸੀ।

"ਉਫ ! ਕਿੰਨਾ ਕੁਝ ਅੰਦਰ ਹੀ ਅੰਦਰ ਚਲਦਾ ਰਿਹਾ 'ਤੇ ਮੈਂ ਮੂਰਖ ਬਣੀ ਸਭ ਕੁਝ ਦੇਖਦੀ ਰਹੀ—ਰੱਖੜੀਆਂ, ਭੈਣ ਭਰਾ ਦਾ ਰਿਸ਼ਤਾ, ਆਨੇ ਬਹਾਨੇ ਘਰ ਆਉਣ ਜਾਣ—ਸ਼ਾਮ ਦੀਆਂ ਚਾਹਾਂ ਮੈਟਨੀ ਸ਼ੋ। ਇਕ ਪਾਸੇ 'ਭੈਣ' ਦੂਜੇ ਪਾਸੇ ਮੈਂ ਮੂਰਖ,ਵਿਚਕਾਰ ਬਲਵੀਰ। ਮੈਨੂੰ ਤਾਂ ਉਦੋਂ ਪਤਾ ਲੱਗਾ ਜਦੋਂ ਪਾਣੀ ਸਿਰ ਤੋਂ ਦੀ ਲੰਘ ਗਿਆ। ਡਰਦੀ ਡਰਦੀ ਨੇ ਸੌ ਵਾਰ ਸੋਚ ਬਲਵੀਰ ਨੂੰ ਕਿਹਾ 'ਲੋਕ ਭੈੜੀਆਂ ਭੈੜੀਆਂ ਗੱਲਾਂ ਕਰਦੇ ਆ ਤੁਹਾਡੀਆਂ ਤੇ ਭੈਣ ਕੁਲਦੀਪ ਦੀਆਂ—ਤੁਸੀਂ...' ਬਲਵੀਰ ਨੇ ਗੱਲ ਪੂਰੀ ਵੀ ਨਹੀਂ ਹੋਣ ਦਿਤੀ ਅਗੋਂ ਚਪੇੜ ਵਰਗਾ ਜਵਾਬ ਕੱਢ ਮਾਰਿਆ—

"ਮੈਨੂੰ ਨਹੀਂ ਪਰਵਾਹ ਲੋਕਾਂ ਦੀ, ਨਾਲੇ ਤੇਰੀ, ਮੈਂ ਤਾਂ ਦੀਪ ਨਾਲ ਸ਼ਾਦੀ ਕਰ ਰਿਹਾਂ, ਸਮਝੀ !" ਬਲਵੀਰ ਨੇ ਕਿੱਡੀ ਗੱਲ ਕਿਵੇਂ ਮੂੰਹ ਪਾੜ ਕੇ ਕਹਿ ਦਿਤੀ ਜਿਵੇਂ ਮੈਂ ਮਿੱਟੀ ਗਾਰਣੀ ਦੀ ਬਣੀ ਬੇਜਾਨ ਵਸਤੂ, ਉਸ ਦੀ ਕੁਝ ਵੀ ਨਾ ਲਗਦੀ ਹੋਵਾਂ ! 'ਤੇ ਫੇਰ ਅੱਜ ਉਹ ਅਣਹੋਣੀ ਵੀ ਹੋ ਗਈ ! ਰਾਤ ਪਤਾ ਨਹੀਂ ਉਹ ਕਿਹੜੀ ਪਾਪ ਕੁਟੀਆ 'ਚ ਸੁੱਤੇ, ਸਵੇਰੇ ਦੋਵੇਂ ਇਕੱਠੇ ਆਏ। ਕੁਲਦੀਪ ਮੀਸਣੀ ਬਣੀ ਕਾਰ 'ਚ ਐਨਕਾਂ ਲਗਾਈ ਸਵੈਟਰ ਬੁਣਦੀ ਰਹੀ ਜਿਵੇਂ ਕਿਸੇ ਮੁਆਮਲੇ ਨਾਲ ਕੋਈ ਸਰੋਕਾਰ ਹੀ ਨਾ ਹੋਵੇ। ਬਲਵੀਰ ਅੰਦਰ ਆਇਆ। ਅਟੈਚੀ, ਬਿਸਤਰਾ,

ਕਿਤਾਬਾਂ ਸਭ ਚੀਜ਼ਾਂ ਆਪ ਕਾਰ ਦੀ ਡੱਗੀ 'ਚ ਰੱਖੀਆਂ 'ਤੇ ਗੱਡੀ ਬੈਕ ਕਰਦਾ ਪਿਛਾਂਹ ਨੂੰ ਵੇਖਦਾ ਹੋਇਆ ਬਾਹਰ ਹੋ ਗਿਆ। ਜਿਵੇਂ ਕਦੇ ਉਸ ਨੇ ਮੁੜ ਕੇ ਹੀ ਨਾ ਆਉਣਾ ਹੋਵੇ। ਜਾਂਦਿਆਂ ਉਸ ਤੋਂ ਇਕ ਅੱਖਰ ਵੀ ਨਾ ਸਰਿਆ। ਪਿਛੋਂ ਦਫਤਰ ਦੇ ਚਪੜਾਸੀ ਦੇ ਹੱਥ ਦੋ ਸਤਰਾਂ ਦੀ ਟਾਈਪ ਕੀਤੀ ਸਲਿਪ ਆਈ ਕਿ ਉਹ ਨੈਨੀਤਾਲ ਜਾ ਰਹੇ ਨੇ। ਜੇ ਹਰਿਦੇਵ ਵੀਰ ਆਏ ਤਾਂ ਉਹਨੂੰ ਠਹਿਰਾ ਲੈਣਾ।

ਮੈਂ ਬਿਨ ਬੋਲਿਆਂ ਦਰਵਾਜ਼ਾ ਖੋਲ੍ਹ ਦਿਤਾ ਜਿਵੇਂ ਪਤੀ ਦੇ ਕਹੇ ਦੀ ਪਾਲਨਾ ਕਰ ਰਹੀ ਹੋਵਾਂ। ਹਰਿਦੇਵ ਵੀਰ ਉਵੇਂ ਅਟੈਚੀ ਚੁੱਕੀ ਅੰਦਰ ਆ ਗਏ 'ਤੇ ਹੈਰਾਨੀ ਨਾਲ ਆਲਾ ਦੁਆਲਾ ਵੇਖਣ ਲੱਗੇ ਜਿਵੇਂ ਹੁਣ ਦੀ ਤੇ ਤਿੰਨ ਸਾਲ ਪਹਿਲਾਂ ਦੀ ਜ਼ਿੰਦਗੀ ਦੇ ਫਰਕ ਦਾ ਜਾਇਜ਼ਾ ਲੈ ਰਹੇ ਹੋਣ। ਠੀਕ ਤਿੰਨ ਵਰ੍ਹੇ ਹੋਏ ਇਹਨਾਂ ਹਲਕੀ ਸਰਦੀ ਦੇ ਦਿਨਾਂ 'ਚ ਹੀ ਹਰਿਦੇਵ ਵੀਰ ਪ੍ਰਦੇਸਾਂ ਤੋਂ ਮੁੜੇ ਸਨ 'ਤੇ ਪੂਰਾ ਇਕ ਹਫਤਾ ਸਾਡੇ ਕੋਲ ਇਸੇ ਸ਼ਾਹਦਰੇ ਰੁਕੇ ਸਨ। ਉਹ ਦਿਨ ਕਿੰਨੇ ਪਿਆਰੇ ਸਨ। ਗੇਲਾਰਡ ਦੀ ਕਾਫੀ, ਗੋਲਚਾ 'ਚ ਗੈਵਾ ਕਲਰ ਫ਼ਿਲਮਾਂ—ਲਾਲ ਕਿਲ੍ਹਾ, ਕੁਤਬ ਮੀਨਾਰ, ਆਗਰੇ ਦੀ ਸ਼ਰਦ ਪੂਰਨਿਮਾ, ਸਕੰਦਰੀਆ 'ਤੇ ਇਤਮੁਦ। ਹੋਰ ਕਿੰਨਾ ਕੁਝ ਅਸਾਂ ਦੇਖਿਆ ਸੁਣਿਆ ਸੀ ਸੱਤਾਂ ਦਿਨਾਂ 'ਚ। ਹਰਿਦੇਵ ਵੀਰ ਕਿੰਨੀਆਂ ਦਿਲਚਸਪ ਗੱਲਾਂ ਕਰਿਆ ਕਰਦੇ ਸਨ ਆਪਣੀ ਬਦੇਸ਼ ਯਾਤਰਾ ਦੀਆਂ 'ਤੇ ਅਸੀਂ ਬਲਵੀਰ, ਜਸਜੀਤ, ਕੁਲਦੀਪ ਸਾਰੇ ਕਿੰਨੇ ਹੱਸਿਆ ਕਰਦੇ ਸਾਂ ਉੱਚੀ ਉੱਚੀ ਤੇ ਬੇਮੁਹਾਰ। ਉਹਨਾਂ ਪਿਆਰੇ ਦਿਨਾਂ ਦੀਆਂ ਹਰਿਦੇਵ ਵੀਰ ਨੇ ਕਿੰਨੀਆਂ ਪਿਆ-ਰੀਆਂ ਰੰਗਦਾਰ ਤਸਵੀਰਾਂ ਖਿਚੀਆਂ ਸਨ। ਹੋਰ, ਉਹ ਪਤਾ ਨਹੀਂ ਕਿਵੇਂ ਛੁਪ ਛੁਪ ਕੇ ਮੇਰੀ ਤੇ ਬਲਵੀਰ ਦੀ ਹੱਸਦਿਆਂ, ਪਿਆਰ ਕਰਦਿਆਂ ਦੀ ਮੂਵੀ (movie) ਤਿਆਰ ਕਰਦੇ ਰਹੇ। ਉਦੋਂ ਪਤਾ ਲੱਗਾ ਜਦੋਂ ਉਨ੍ਹਾਂ ਡਾਇਨਿੰਗ ਰੂਮ 'ਚ ਸਕਰੀਨ ਲਗਾ ਸਾਰਿਆਂ ਨੂੰ ਫ਼ਿਲਮ ਦੇਖਣ ਦਾ ਤਾਲੀ ਬਜਾ ਕੇ ਸੱਦਾ ਵੀ ਦੇ ਦਿਤਾ। ਫ਼ਿਲਮ ਦਾ ਨਾਂ ਸੀ **Happy married life** (ਪ੍ਰਸੰਨ ਵਿਆ-ਹੁਤਾ ਜੀਵਨ) ਰੀਲ ਦੇਖ ਅਸੀਂ ਸਾਰੇ ਕਿੰਨੇ ਸਰਪ੍ਰਾਈਜ਼ ਹੋਏ ਸਾਂ। ਮੇਰੇ ਤਾਂ ਉਹ ਸੀਨ (ਜਿਸ 'ਚ ਬਲਵੀਰ ਮੇਰੇ ਮੇਕ ਅੱਪ ਕਰਦੀ ਦੇ ਅੱਗੇ ਹੱਥ ਜੋੜੀ ਖੜਾ ਹੈ, ਜਦ ਕਿ ਸਿਨਮੇਂ ਦਾ ਟਾਈਮ ਖੁੰਜਦਾ ਜਾ ਰਿਹਾ......) ਦੇਖ, ਹੱਸਦੀ ਹੱਸਦੀ ਦੇ ਅੱਖਾਂ 'ਚ ਹੰਝੂ ਹੀ ਨਿਕਲ ਆਏ। ਤੇ ਆਉਣ ਸਾਲਾਂ 'ਚ ਪਤਾ ਨਹੀਂ ਕਿੰਨੀ ਵਾਰ ਇਕੱਲੀ ਨੇ ਉਹ ਰੀਲ੍ਹ ਰੋਂਦਿਆਂ ਦੇਖੀ ਸੀ ਤੇ ਹਰਿਦੇਵ ਵੀਰ ਨੂੰ ਯਾਦ ਕੀਤਾ ਸੀ।

ਹਰਿਦੇਵ ਵੀਰ ਵਿਹੜੇ 'ਚ ਡੱਠੇ ਅਲਾਹਣੇ ਮੰਜੇ 'ਤੇ ਹੀ ਬੈਠ ਗਏ। ਇਕ ਹੱਥ 'ਚ ਉਨ੍ਹਾਂ ਦੇ ਬੈਟਰੀ ਸੀ 'ਤੇ ਦੂਜੇ ਹੱਥ ਨਾਲ ਖੁਸ਼ਕ ਵਾਲ ਸੁਆਰਦੇ ਉਬਾਸੀਆਂ ਲੈ ਰਹੇ ਸਨ। ਉਨ੍ਹਾਂ ਸਫੈਦ ਟਾਈ ਨਾਲ ਸ਼ੋਖ ਲਾਲ ਚੈਕ ਦੀ ਸ਼ਰਟ ਪਾਈ ਹੋਈ ਸੀ 'ਤੇ ਵਧੀ ਹੋਈ ਦਾਹੜੀ ਨਾਲ ਕਾਫੀ ਕਮਜ਼ੋਰ ਹੋ ਗਏ ਲਗਦੇ ਸਨ। ਲੰਮੇ ਸਫਰ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਥਕਾ ਦਿਤਾ ਸੀ। ਉਨ੍ਹਾਂ ਨੂੰ ਗਰਮ ਪਾਣੀ ਨਾਲ ਨਹਾਉਣ 'ਤੇ ਅਰਾਮ ਕਰਨ ਦੀ ਜ਼ਰੂਰਤ ਸੀ। ਉਹ ਮੇਰੇ ਨਾਲ ਸਰਸਰੀ ਗੱਲ ਬਾਤ ਕਰਕੇ ਅਟੈਚੀ ਫੜੀ, ਮਚਕ ਮਚਕ ਤੁਰਦੇ ਹੋਏ ਗੈਸਟ ਰੂਮ 'ਚ ਚਲੇ ਗਏ। ਨਹਾਉਂ-ਦਿਆਂ ਉਹ ਦੇਰ ਤਕ ਪਾਣੀ ਉਛਾਲਦੇ ਹੌਲੀ ਹੌਲੀ ਗੁਣ-ਗੁਣਾਉਂਦੇ ਰਹੇ ਜਿਵੇਂ ਉਹਨਾਂ ਦੀ ਆਦਤ ਸੀ। ਫੇਰ ਉਹ ਆਪਣਾ ਪੁਰਾਣਾ ਕਸ਼ਮੀਰੀ ਗਾਊਨ ਪਾਈ ਟੈਰਿਸ 'ਚ ਡੱਠੀ ਆਰਾਮ ਕੁਰਸੀ 'ਤੇ ਆ ਬੈਠੇ। ਕਾਫੀ ਦਾ ਕੱਪ ਪੀਣ ਤੋਂ ਪਹਿਲਾਂ ਹੀ ਟੇਢੇ ਹੋ ਗਏ। ਡੁਬਦੀ ਸ਼ਾਮ ਅੱਖਾਂ

ਮਲਦੇ ਉਠੇ । ਇੰਨੇ ਚਿਰ ਨੂੰ ਮੈਂ ਉਹਨਾਂ ਲਈ ਚਾਹ ਤੇ ਫਰੈਂਚ-ਟੋਸਟ ਤਿਆਰ ਕਰ ਲਏ ਸਨ । ਟੋਸਟ ਖਾਂਦਿਆਂ 'ਤੇ ਚਾਹ 'ਚ ਖੰਡ ਘੋਲਦਿਆਂ ਉਨ੍ਹਾਂ ਮੈਨੂੰ ਪੁਛਿਆ—"ਕੀ ਗੱਲ ਤੁਸੀਂ ਚੁੱਪ ਚੁੱਪ ਕਿਉਂ ਹੋ ? ਬਲਵੀਰ ਕਿਥੇ ਗਿਆ ?"

ਉਨ੍ਹਾਂ ਦੇ ਸੰਖੇਪ ਜਿਹੇ ਸਵਾਲ 'ਚ ਜਿਵੇਂ ਸਭ ਕੁਝ ਆ ਗਿਆ । ਦਿਲ 'ਚ ਆਈ ਕਿ ਹਰਿਦੇਵ ਵੀਰ ਨੂੰ ਸਭ ਕੁਝ ਦੱਸ ਦਿਆਂ । ਦਿਲ ਚੀਰ ਕੇ ਦਿਖਾ ਦਿਆਂ । ਫਿਰ ਸੋਚਿਆ, ਦੱਸਾਂ ਵੀ ਤਾਂ ਕਿਵੇਂ ? ਅਟਕ ਕੇ ਮੈਂ ਝੂਠੀ ਮੂਠੀ ਕਹਿ ਦਿਤਾ ਕਿ ਬਲਵੀਰ ਜ਼ਰੂਰੀ ਕੰਮ ਕਲਕੱਤੇ ਗਿਆ ਹੋਇਆ । ਹਫਤਾ ਦੋ ਹਫਤੇ ਤਕ ਵਾਪਸ ਆਏਗਾ । ਮੇਰੀ ਗੱਲ ਸੁਣ ਹਰਿਦੇਵ ਵੀਰ ਕਿੰਨੀ ਦੇਰ ਪਰੇਸ਼ਾਨੀ 'ਚ ਸਿਰ ਝਟਕਦੇ ਰਹੇ ਤੇ ਫੇਰ ਉਠ ਕੇ ਨੀਵੀਂ ਪਾਈ ਲਾਅਨ 'ਚ ਟਹਿਲਣ ਲੱਗੇ । ਜਦੋਂ ਮੈਂ ਚਾਹ ਦਾ ਸਾਮਾਨ ਚੁਕੀ ਅੰਦਰ ਗਈ ਤਾਂ ਉਹ ਮੁੜ ਕੁਰਸੀ 'ਤੇ ਅੱਖਾਂ ਤੇ ਹੱਥ ਰੱਖੀ ਬੈਠ ਗਏ ਸਨ । ਰਾਤ ਖਾਣੇ ਦੀ ਮੇਜ਼ ਤੇ ਵੀ ਉਹ ਚੁੱਪ ਚਾਪ ਸਨ । ਉਹ ਹਰ ਵੇਲੇ ਹੱਸਣ ਵਾਲਾ ਹਰਿਦੇਵ ਪਤਾ ਨਹੀਂ ਕਿਥੇ ਚਲਾ ਗਿਆ ਸੀ । ਮੈਂ ਆਪਣੀਆਂ ਪਰੇਸ਼ਾਨੀਆਂ ਨੂੰ ਕੁਝ ਦੇਰ ਲਈ ਦਿਲੋਂ ਭੁਲਾ, ਉਹਨਾਂ ਦਾ ਮਨ ਪਸੰਦ ਖਾਣਾ ਤਿਆਰ ਕੀਤਾ ਸੀ ਪਰ ਉਨ੍ਹਾਂ ਕੁਝ ਹੀ ਗਰਾਹੀਆਂ ਖਾਧੀਆਂ ਤੇ ਹੱਥ ਧੋ ਲਏ । ਮੈਂ ਉਨ੍ਹਾਂ ਦੀ ਪਤਨੀ ਦਾ ਹਾਲ ਪੁਛਿਆ ਤਾਂ ਹੱਥ ਪੂੰਝਦਿਆਂ ਉਨ੍ਹਾਂ ਦੀਆਂ ਅੱਖਾਂ 'ਚ ਹੰਝੂ ਛਲਕ ਆਏ 'ਤੇ ਉਂਝ ਹੀ ਬੈਠੇ ਕਾਫੀ ਦੇਰ ਰੋਂਦੇ ਰਹੇ । ਮੇਰੇ ਮੁੜ ਮੁੜ ਪੁਛਣ ਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਤਨੀ ਬੱਚੇ ਦੀ ਪਦਾਇਸ਼ ਦੇ ਦੁਰਾਨ ਚਲ ਵਸੀ । ਖਾਣ ਵਾਲੀ ਮੇਜ਼ 'ਤੇ ਅਸੀਂ ਦੋਵੇਂ ਇਕੱਲੇ ਸਾਂ । ਮੈਨੂੰ ਸੁਝ ਨਹੀਂ ਸੀ ਰਿਹਾ ਕਿ ਕਿਵੇਂ ਉਹਨਾਂ ਨੂੰ ਢਾਰਸ ਦਿਆਂ, ਹਮਦਰਦੀ ਜ਼ਾਹਰ ਕਰਾਂ । ਸਾਰੀ ਰਾਤ, ਮੈਂ ਆਪਣੇ ਦੁਖ ਵਿਸਾਰ ਹਰਿਦੇਵ ਵੀਰ ਦੇ ਦੁੱਖਾਂ ਬਾਰੇ ਮੁੜ ਮੁੜ ਸੋਚਦੀ, ਰੋਂਦੀ ਰਹੀ 'ਤੇ ਸਵੇਰੇ ਜਦੋਂ ਉਹ ਅਟੈਚੀ ਚੁਕ ਹੋਟਲ 'ਚ ਰਹਿਣ ਲਈ ਜਾਣ ਲੱਗੇ ਤਾਂ ਮੈਨੂੰ ਉਨ੍ਹਾਂ 'ਤੇ ਤਰਸ ਆ ਗਿਆ । ਮੈਂ ਉਹਨਾਂ ਤੋਂ ਅਟੈਚੀ ਖੋਹ ਅੰਦਰ ਲੈ ਗਈ ਤੇ ਉਹ ਵੀ ਬਿਨਾਂ ਕੁਝ ਕਿਹਾਂ ਰਹਿਣ ਲਈ ਰਜ਼ਾਮੰਦ ਹੋ ਗਏ ।

ਹਰਿਦੇਵ ਵੀਰ ਅਟਕ ਕੇ ਸਟੇਸ਼ਨ ਤੇ ਗਏ । ਆਪਣੀਆਂ ਪੇਂਟਿੰਗਜ਼ ਦਾ ਵੱਡਾ ਬਕਸਾ, ਸੂਟਕੇਸ, ਰੰਗਾਂ ਤੇ ਬੁਰਸ਼ਾਂ ਦੇ ਡੱਬੇ ਤੇ ਹੋਰ ਕਿੰਨਾ ਨਿਕੜ ਸੁਕੜ ਟਾਂਗੇ 'ਤੇ ਲਈ ਆ ਗਏ । ਮੈਨੂੰ ਤਾਂ ਇਕ ਵਾਰ ਇਵੇਂ ਮਹਿਸੂਸ ਹੋਇਆ ਜਿਵੇਂ ਉਹ ਸਦਾ ਲਈ ਸਾਡੇ ਘਰ ਰਹਿਣ ਲਈ ਆ ਗਏ ਨੇ—ਮੈਂ ਆਪਣਾ ਤੇ ਗੁਆਂਢੀਆਂ ਦਾ ਨੌਕਰ ਬੁਲਾ ਉਨ੍ਹਾਂ ਦਾ ਸਾਰਾ ਸਾਮਾਨ ਅੰਦਰ ਰਖਵਾਇਆ । ਉਹਨਾਂ ਪੂਰਬ ਵੱਲ ਦੇ ਪਾਸੇ ਵੱਡੀਆਂ ਤਾਕੀਆਂ ਵਾਲੇ ਲਿਵਿੰਗ ਰੂਮ 'ਚ ਸਾਰਾ ਸਾਮਾਨ ਅਜੀਬ ਤਰਤੀਬ ਨਾਲ ਖਿਲਾਰ ਲਿਆ ਅਤੇ ਐਨਕ ਲਗਾ ਸਟਰੈਚ ਕੀਤੀਆਂ ਖਾਲੀ ਕੈਨਵਸਾਂ ਨੂੰ ਘੂਰ ਘੂਰ ਵੇਖਣ ਲੱਗੇ । ਜਦੋਂ ਮੈਂ ਦੁਪਹਿਰ ਦੀ ਰੋਟੀ ਲਈ ਕਹਿਣ ਗਈ ਤਾਂ ਉਹ ਡਾਂਗਰੀ ਪਾਈ ਭੁੰਜੇ ਰੱਖੀ ਕੈਨਵੈਸ 'ਤੇ ਝੁਕੇ ਕਾਂਡੀ ਨਾਲ ਕਾਹਲੀ ਕਾਹਲੀ ਆਇਲ ਪੇਂਟ ਲਗਾ ਰਹੇ ਸਨ । ਮੈਨੂੰ ਅੰਦਰ ਆਈ ਨੂੰ ਦੇਖ ਉਠ ਕੇ ਖੜੇ ਹੋ ਗਏ ਤੇ ਮੂੰਹ ਦੇ ਆਸੇ ਪਾਸੇ ਹੱਥ ਰੱਖ ਕੈਨਵੈਸ ਦਾ ਵੱਖ ਵੱਖ ਕੋਣਾਂ ਤੋਂ ਅੰਦਾਜ਼ਾ ਕਰਨ ਲੱਗੇ । ਮੇਰੇ ਬੁਲਾਉਣ ਤੇ ਉਹ ਚੌਂਕੇ ਤੇ ਬੇਖਿਆਲੀ 'ਚ ਤੁਰਦੇ ਪਿਛਾਂਹ ਮੁੜ ਕੇ ਦੇਖਦੇ ਖਾਣੇ ਦੀ ਮੇਜ਼ 'ਤੇ ਆ ਬੈਠੇ । ਉਨ੍ਹਾਂ ਸਬਜ਼ੀਆਂ ਤਰਕਾਰੀਆਂ ਨੂੰ ਇਕ ਨਜ਼ਰ ਦੇਖਿਆ ਫੇਰ ਇਕੋ ਤਰਕਾਰੀ 'ਚ ਵਾਰ ਵਾਰ ਬੁਰਕੀ ਡੋਬਦੇ ਕੁਝ

ਸੋਚਦੇ ਮੂੰਹ ਹਲਾਉਂਦੇ ਰੋਟੀ ਖਾਣ ਲੱਗੇ । ਥੋੜ੍ਹੀ ਜਿਹੀ ਖਾ ਮੁੜ ਤਸਵੀਰ ਦੇ ਦੁਆਲੇ । ਸ਼ਾਮ ਦੀ ਚਾਹ ਵੇਲੇ ਉਨ੍ਹਾਂ ਆਪਣਾ ਕੱਪ ਵੀ ਅੰਦਰ ਹੀ ਮੰਗਵਾ ਲਿਆ 'ਤੇ ਟਾਵਾਂ ਟਾਵਾਂ ਘੁਟ ਭਰਦੇ ਤਸਵੀਰ ਦੀ ਨੋਕ ਪਲਕ ਸੰਵਾਰਨ ਲੱਗੇ । ਰਾਤ ਦੇ ਖਾਣੇ ਸਮੇਂ ਪਤਾ ਨਹੀਂ ਬਿਨਾਂ ਦੱਸਿਆਂ ਕਿਧਰ ਲਾ ਪਤਾ ਹੋ ਗਏ । ਤੇ ਗਈ ਰਾਤ ਦਰਵਾਜ਼ਾ ਖੁਲਣ ਦਾ ਖੜਾਕ ਹੋਇਆ । ਜ਼ਰਾ ਦੀ ਜ਼ਰਾ ਲਾਈਟ ਆਨ ਹੋਈ ਤੇ ਫਿਰ ਹਨੇਰਾ ਛਾ ਗਿਆ ।

ਹਰਿਦੇਵ ਵੀਰ ਦੀਆਂ ਅਜੀਬ ਅਜੀਬ ਆਦਤਾਂ 'ਤੇ ਆਪਣੀ ਹੀ ਰੌਂ ਸੀ । ਉਹ ਸਾਰੀ ਸਾਰੀ ਰਾਤ ਘਰ 'ਚ ਬਣਾਏ ਸਟੂਡੀਓ 'ਚ ਅਮੂਰਤ ਚਿਤ੍ਰ ਉਲੀਕਦੇ ਬਣਾਉਂਦੇ ਰਹਿੰਦੇ । ਤੜਕ-ਸਾਰ ਸੌਂ ਜਾਂਦੇ ਫੇਰ ਉਨ੍ਹਾਂ ਨੂੰ ਕੋਈ ਦਸ ਵਜੇ ਤੋਂ ਪਹਿਲਾਂ ਨਾ ਜਗਾ ਸਕਦਾ । ਅੱਧੇ ਦਿਨ ਉਠ ਕਿੰਨਾ ਕਿੰਨਾ ਚਿਰ ਸ਼ੇਵ ਬਣਾਉਂਦੇ ਨਹਾਉਂਦੇ ਗੁਣ ਗੁਣਾਉਂਦੇ ਰਹਿੰਦੇ । ਫੇਰ ਬਾਰਾਂ ਵਜੇ ਬਰੰਚ ਕਰਕੇ ਜਿਉਂ ਸ਼ਹਿਰ ਨੂੰ ਜਾਂਦੇ ਕਿ ਮੁੜਨ ਦਾ ਨਾਉਂ ਨਾ ਲੈਂਦੇ । ਵਾਪਸੀ 'ਤੇ ਉਹਨਾਂ ਦੇ ਕਲਾਵੇ 'ਚ ਨਵੇਂ ਨਵੇਂ ਛੋਟੇ ਵੱਡੇ ਬਰੁਸ਼, ਰੰਗਾਂ ਦੀਆਂ ਟੀਊਬਾਂ 'ਤੇ ਸਿਗਰਟਾਂ ਦੇ ਕਾਰਟਨ ਹੁੰਦੇ । ਬਾਹਰ ਲਾਨ 'ਚ ਹੀ ਸਭ ਚੀਜ਼ਾਂ ਢੇਰੀ ਕਰ ਬੈਂਤ ਦੀ ਕੁਰਸੀ 'ਤੇ ਆਪਣੇ ਆਪ ਨੂੰ ਸੁਟ ਸਿਗਰਟ ਪੀਣਾ ਸ਼ੁਰੂ ਕਰ ਦਿੰਦੇ । ਜ਼ਰਾ ਉਠਦੇ ਅੰਦਰ ਜਾਂਦੇ, ਕੈਨਵੈਸ 'ਤੇ ਝਾਤੀ ਮਾਰ, ਮੁੜ ਉਸੇ ਥਾਂ । ਘਰ 'ਚ ਲੰਘਦਿਆਂ ਵੜਦਿਆਂ ਉਨ੍ਹਾਂ ਦੇ ਗਰਦਨ ਦੇ ਘੁੰਘਰਾਲੇ ਵਾਲਾਂ 'ਤੇ ਸਿਗਰਟਾਂ ਦਾ ਧੂੰਆਂ ਉਠਦਾ ਦਿਖਾਈ ਦਿੰਦਾ ਰਹਿੰਦਾ । ਇਹ ਹਾਲਤ ਬਹੁਤੀ ਦੇਰ ਨਾ ਰਹਿੰਦੀ । ਅਚਾਨਕ ਹੁਣੇ ਲਗਾਈ ਸਿਗਰਟ ਨੂੰ ਸੁਟ ਬੂਟ ਹੇਠਾਂ ਮਸਲ ਉਠ ਖੜੋਂਦੇ ਤੇ ਅੰਦਰ ਜਾ ਕੈਨਵੈਸ ਉਤੇ ਤੇਜ਼ ਤੇਜ਼ ਬਰੁਸ਼ ਲਗਾਉਣ ਲੱਗ ਜਾਂਦੇ । ਕਈ ਵਾਰ ਪੇਂਟ ਕਰਦਿਆਂ ਦਾ ਉਨ੍ਹਾਂ ਦਾ ਚਿਹਰਾ ਦਗ ਉਠਦਾ ਜਿਵੇਂ ਖ਼ੂਨ ਨਿਚੜ ਰਿਹਾ ਹੋਵੇ ਤੇ ਫੇਰ ਜਦੋਂ ਕੰਮ ਮੁਕਾ ਬਾਹਰ ਬਰਾਂਡੇ 'ਚ ਆ ਕੇ ਖੜੇ ਹੁੰਦੇ ਤਾਂ ਉਹ ਪੀਲੇ ਭੂਕ ਹੋ ਗਏ ਹੁੰਦੇ ਜਿਵੇਂ ਉਨ੍ਹਾਂ ਆਪਣਾ ਸਾਰਾ ਖ਼ੂਨ ਸਾਰੀ ਸਤਿਆ ਕੈਨਵੈਸ 'ਤੇ ਡੋਲ੍ਹ ਦਿਤੀ ਹੋਵੇ ।

ਕਦੇ ਕਦੇ ਉਹ ਲਾਈਟ ਮੂਡ 'ਚ ਵੀ ਹੁੰਦੇ । ਉਸ ਦਿਨ ਉਨ੍ਹਾਂ ਪੀਲੀਆਂ ਬੂਟੀਆਂ ਵਾਲੀ ਸਪੋਰਟਸ-ਸ਼ਰਟ ਪਾਈ ਹੁੰਦੀ ਤੇ ਬਰਾਮਦੇ 'ਚ ਆਪ ਮੁਹਾਰੇ ਗਾਉਂਦੇ ਫਿਰਦੇ, ਗਜ਼ਲਾਂ ਤੇ ਉਹ ਵੀ ਕਲਾਸਕੀ ਰੰਗ 'ਚ :

"ਹੈਰਤ ਸੇ ਤਕ ਰਹਾ ਹੈ ਜਹਾਨੇ ਵਫ਼ਾ ਮੁਝੇ...

... ..."

'ਤੇ ਮੈਨੂੰ ਰਹਿ ਰਹਿ ਕੇ ਚੜਾਉਂਦੇ :-'ਦੇਖ ਲੈ ਭਾਬੀ ਦੋ ਹਫਤੇ ਹੋ ਚਲੇ ਆ ਤੇਰਾ ਨੱਟ ਖੱਟ ਅਜੇ ਤਕ ਨਹੀਂ ਆਇਆ—ਉਹਨੇ ਜ਼ਰੂਰ ਕਿਸੇ ਲੰਮੇ ਵਾਲਾਂ 'ਤੇ ਮੋਟੀਆਂ ਅੱਖਾਂ ਵਾਲੀ ਨਾਲ ਰਾਸ ਲੀਲਾ ਰਚਾ ਲਈ ਹੋਣੀ ਆ—"

ਹਰਿਦੇਵ ਵੀਰ ਦੀਆ ਗੱਲਾਂ ਸੁਣ ਸੁਣ ਮੈਨੂੰ ਹਾਸਾ ਵੀ ਆਉਂਦਾ 'ਤੇ ਰੋਣਾ ਵੀ । ਮੋਟੀਆਂ ਅੱਖਾਂ ਤੇ ਲੰਮੇ ਵਾਲਾਂ ਬਾਰੇ ਸੁਣ ਮੇਰੇ ਸਾਹਮਣੇ ਕੁਲਦੀਪ ਆ ਖੜੀ ਹੁੰਦੀ 'ਤੇ ਮੈਨੂੰ ਸ਼ੱਕ ਹੋਣ ਲੱਗਦਾ ਜਿਵੇਂ ਹਰਿਦੇਵ ਵੀਰ ਨੂੰ ਸਭ ਗੱਲਾਂ ਦਾ ਪਤਾ ਹੋਵੇ । ਮੈਂ ਅੰਦਰ ਵੜ ਸਰ੍ਹਾਣੇ 'ਚ ਮੂੰਹ ਦੇ ਕੇ ਰੋਂਦੀ ਜਦੋਂ ਅੱਖਾਂ ਪੂੰਝ ਬਾਹਰ ਆਉਂਦੀ ਤਾਂ ਹਰਿਦੇਵ ਵੀਰ ਇਹੋ ਜਿਹੀ ਗੱਲ ਛੱਡਦੇ

ਕਿ ਮੈਂ ਭਰੀਆਂ ਅੱਖਾਂ ਨਾਲ ਮੁਸਕਰਾ ਪੈਂਦੀ 'ਤੇ ਮੇਰਾ ਸ਼ੱਕ ਕੱਚ ਦੀ ਵੰਗ ਵਾਂਗ ਚੂਰ ਚੂਰ ਹੋ ਜਾਂਦਾ।

ਹਰਿਦੇਵ ਵੀਰ ਨਾਲ ਭਾਵੇਂ ਮੇਰਾ ਬਹੁਤ ਘੱਟ ਵਾਸਤਾ ਪੈਂਦਾ ਸੀ ਪਰ ਉਨ੍ਹਾਂ ਦੇ ਹੁੰਦਿਆਂ, ਘਰ 'ਚ ਫਿਰਦਿਆਂ ਤੁਰਦਿਆਂ ਮੇਰਾ ਜੀਅ ਵੀ ਪਰਚਿਆ ਰਹਿੰਦਾ। ਸਵੇਰੇ ਉਠਦਿਆਂ ਮੇਰਾ ਪਹਿਲਾ ਧਿਆਨ ਉਨ੍ਹਾਂ ਵੱਲ ਜਾਂਦਾ। ਭਾਵੇਂ ਉਨ੍ਹਾਂ ਨੂੰ ਬੈਡ-ਟੀ ਪੀਣ ਦੀ ਆਦਤ ਨਹੀਂ ਸੀ ਪਰ ਫੇਰ ਵੀ ਮੈਂ ਆਪਣੀ ਆਦਤ ਅਨੁਸਾਰ ਚਾਹ ਦਾ ਕੱਪ ਉਨ੍ਹਾਂ ਦੇ ਸਰਾਹਣੇ ਸਟੂਲ 'ਤੇ ਰੱਖ ਆਉਂਦੀ। ਕਈ ਵਾਰ ਸੁਤ ਉਨੀਂਦਿਆਂ ਉਨ੍ਹਾਂ ਨੂੰ ਪਿਰਚ ਪਿਆਲੀ ਦੀ ਖਣਕ ਸੁਣਾਈ ਦੇ ਜਾਂਦੀ ਤਾਂ ਉਹ ਕੂਹਣੀ ਭਾਰ ਹੋ ਕੱਪ ਚੁਕ ਪੀ ਲੈਂਦੇ ਤੇ ਮੁੜ ਸੌਂ ਜਾਂਦੇ। ਮੈਂ ਉਨ੍ਹਾਂ ਦੇ ਉਠਣ ਤਕ ਕੋਈ ਵੀ ਕੰਮ ਨਾ ਨਬੇੜ ਸਕਦੀ। ਨੌਂ ਸਾਢੇ ਨੌਂ ਤਕ ਉਹ ਵੱਖ ਪਰਤਣੇ ਸ਼ੁਰੂ ਕਰਦੇ 'ਤੇ ਮੈਂ ਉਨ੍ਹਾਂ ਲਈ ਨਾਸ਼ਤਾ ਤਿਆਰ ਕਰਨਾ ਸ਼ੁਰੂ ਕਰ ਦਿੰਦੀ। ਮੈਂ ਟੋਸਟ ਸੇਕਣ 'ਚ ਕਾਹਲ ਜ਼ਰਾ ਨਾ ਕਰਦੀ ਮਤਾਂ ਟੋਸਟ ਬਹੁਤੇ ਸੜ ਜਾਣ 'ਤੇ ਹਰਿਦੇਵ ਵੀਰ ਦੀ ਆਰਟਿਸਟਕ ਤਬੀਅਤ ਨੂੰ ਨ-ਗਵਾਰ ਗੁਜ਼ਰਨ। ਜਾਂ ਮੈਂ ਟੋਸਟ ਤਿਆਰ ਕਰਕੇ ਰੱਖ ਲਵਾਂ ਤੇ ਉਹ ਹਾਲੀ ਗੁਸਲਖਾਨੇ 'ਚ ਹੀ ਪਾਣੀ ਉਛਾਲ ਰਹੇ ਹੋਣ। ਜਿਉਂ ਹੀ ਉਹ ਗੁਣਗਣਾਉਣਾ ਸ਼ੁਰੂ ਕਰਦੇ ਮੈਂ ਸਮਝ ਜਾਂਦੀ ਉਹ ਹੁਣ ਕਪੜੇ ਪਾ ਰਹੇ ਨੇ।

ਮੈਂ ਕੱਪ ਪਲੇਟਾਂ ਮੇਜ਼ 'ਤੇ ਰੱਖਣੀਆਂ ਸ਼ੁਰੂ ਕਰਦੀ ਤਾਂ ਉਹ ਬਾਥ ਰੂਮ ਵਿਚੋਂ ਸਿਧੇ ਗਿੱਲੇ ਸਿਰ 'ਚ ਕੰਘੀ ਫੇਰਦੇ ਸੋਫੇ 'ਤੇ ਆ ਬਹਿੰਦੇ 'ਤੇ ਅਖ਼ਬਾਰ ਦੇਖਣ ਲਗਦੇ। ਮੇਰੇ ਮਤਲਬ ਦੀ ਕੋਈ ਨਾ ਕੋਈ ਖ਼ਬਰ ਢੂੰਡ ਕੇ ਜ਼ਰੂਰ ਸੁਣਾਉਂਦੇ :

'ਭਾਬੀ ਦੇਖ ਇਹ ਤੇਰਾ ਬਲਵੀਰ ਕਿੰਨਾ ਮੂਰਖ ਆ, ਕਲਕੱਤੇ 'ਚ ਕਿੰਨੀ ਗੜਬੜ ਪਈ ਹੋਈ ਆ, ਟੀਅਰ ਗੈਸ, ਲਾਠੀ ਚਾਰਜ, ਗੋਲੀਆਂ ਤੇ ਬੰਬ—ਉਹ ਬੈਠਾ ਤਮਾਸ਼ਾ ਦੇਖਦਾ। ਘਰ ਨਾ ਚਿੱਠੀ ਨਾ ਟੈਲੀਫੋਨ......ਮੈਨੂੰ ਉਨ੍ਹਾਂ ਦੀ ਗੱਲ ਸੁਣ ਡਰ ਵੀ ਲੱਗਦਾ ਤੇ ਸ਼ਰਮਿੰਦਗੀ ਵੀ ਹੁੰਦੀ। ਮੇਰੇ ਦਿਲ 'ਚ ਰਹਿ ਰਹਿ ਕੇ ਖਾਹਿਸ਼ ਉਠਦੀ ਕਿ ਹਰਿਦੇਵ ਵੀਰ ਜਿਹੇ ਦੇਵਤਾ ਸਰੂਪ ਨੂੰ ਸਭ ਕੁਝ ਸਚ ਸਚ ਦੱਸ ਦਿਆਂ। ਫਿਰ ਖਿਆਲ ਆਉਂਦਾ :

ਦੱਸ ਕੇ ਵੀ ਕੀ ਬਣੇਗਾ ? ਹੁਣ ਤਾਂ ਸਗੋਂ ਮੈਨੂੰ ਇਹ ਝੂਠ ਹੀ ਪਿਆਰਾ ਲਗਣ ਲੱਗ ਪਿਆ ਸੀ। ਮੈਨੂੰ ਯਕੀਨ ਹੁੰਦਾ ਜਾ ਰਿਹਾ ਸੀ ਕਿ ਬਲਵੀਰ ਸਚਮੁਚ ਹੀ ਪਿਛਲੇ ਸਾਲ ਵਾਂਗ ਕਲਕੱਤੇ ਗਿਆ ਹੋਇਆ ਤੇ ਇਸ ਹਫਤੇ ਦੇ ਕਿਸੇ ਵੀ ਦਿਨ ਥਕਿਆ ਹਾਰਿਆ ਆ ਧਮਕੇਗਾ 'ਤੇ ਆਉਂਦਾ ਰੇਲ ਦੇ ਸਫਰ ਤੇ ਹੋਟਲਾਂ ਦੀਆਂ ਰੋਟੀਆਂ ਦੀ ਸ਼ਕਾਇਤ ਕਰੇਗਾ। ਫੇਰ ਮੈਂ, ਬਲਵੀਰ, ਹਰਿਦੇਵ ਵੀਰ ਤਿੰਨ ਜਣੇ ਇਕੱਠੇ ਗੇਲਾਰਡ 'ਚ ਕਾਫੀ ਪੀਆਂਗੇ 'ਤੇ ਗੋਲਚੇ 'ਚ ਰੰਗਦਾਰ ਫਿਲਮ 'ਪਾਲਕੀ'' ਦੇਖਣ ਜਾਵਾਂਗੇ।

ਹਰਿਦੇਵ ਵੀਰ ਨੂੰ ਆਇਆਂ ਅਜੇ ਦੋ ਹਫਤੇ ਹੀ ਮਸਾਂ ਹੋਏ ਸਨ ਲਗਦਾ ਇੰਜ ਸੀ ਜਿਵੇਂ ਕਈ ਮਹੀਨੇ ਬੀਤ ਗਏ ਹੋਣ। ਇਸ ਦੁਰਾਨ 'ਚ ਉਨ੍ਹਾਂ ਉਦਾਸ ਉਦਾਸ ਰੰਗਾਂ 'ਚ ਦਰਜਨਾਂ ਚਿਤ੍ਰ ਬਣਾ ਸੁਟੇ। ਇਨ੍ਹਾਂ ਚਿਤ੍ਰਾਂ ਦੀ ਮੈਨੂੰ ਸਮਝ ਤਾਂ ਨਹੀਂ ਸੀ ਪੈਂਦੀ ਪਰ ਦੇਖਿਆਂ ਦਿਲ ਦੀਆਂ ਅੰਤਰੀਵ ਤਹਾਂ 'ਚ ਖੋਹ ਜਿਹੀ ਪੈਂਦੀ ਮਹਿਸੂਸ ਹੁੰਦੀ ਸੀ। ਕਲਿਆ ਲੇਟਿਆਂ ਇੰਜ ਮਹਿਸੂਸ ਹੁੰਦਾ

ਸੀ ਜਿਵੇਂ ਅਤੀਤ ਦੇ ਝਰੋਖੇ ਚੋਂ ਕੋਈ ਸੈਨਤਾਂ ਮਾਰ ਮਾਰ ਬੁਲਾ ਰਿਹਾ ਹੋਵੇ। ਮੈਂ ਤਸਵੀਰਾਂ ਦੀ ਅਕਹਿ ਵੇਦਨਾ ਨੂੰ ਸੁਣੀ ਅਣਸੁਣੀ ਕਰੀ ਕੰਮ 'ਚ ਲਗੀ ਰਹਿੰਦੀ। ਹਰਿਦੇਵ ਵੀਰ ਨੇ ਸ਼ੋਖ ਰੰਗਾਂ 'ਚ ਕੁਝ ਹੋਰ ਚਿੱਤਰ ਬਣਾਏ ਤੇ ਲਗਦਾ ਸੀ ਜਿਵੇਂ ਚਿੱਤਰਾਂ ਦੇ ਨਾਲ ਹੀ ਆਪਣੀ ਉਦਾਸੀ ਦੀ ਕੁੰਜ ਵੀ ਲਾਹ ਦਿਤੀ। ਉਨ੍ਹਾਂ ਹੋਰ ਤਸਵੀਰਾਂ ਬਣਾਉਣੀਆਂ ਬੰਦ ਕਰ ਦਿਤੀਆਂ। ਹੁਣ ਉਹ ਆਪਣੀ ਨੁਮਾਇਸ਼ 'One man show' ਦੀ ਤਿਆਰੀ 'ਚ ਲੱਗ ਗਏ। ਜਿਉਂ ਹੀ ਹਰਿਦੇਵ ਵੀਰ ਨੇ ਚਿੱਤਰ ਪੇਂਟ ਕਰਨੇ ਬੰਦ ਕੀਤੇ ਉਨ੍ਹਾਂ ਦੇ ਨਿੱਤ ਪ੍ਰਤੀ ਪਰੋਗਰਾਮ 'ਚ ਵੀ ਤਬਦੀਲੀ ਆ ਗਈ। ਹੁਣ ਉਹ ਵੱਡੇ ਤੜਕੇ ਹੀ ਉਠ ਖੜੋਂਦੇ ਤੇ ਮੇਰੇ ਜਾਗਣ ਤੋਂ ਪਹਿਲਾਂ ਹੀ ਚਾਹ ਪੀ, ਤਿਆਰ ਹੋ ਚਲੇ ਜਾਂਦੇ। ਮੈਨੂੰ ਨਾਸ਼ਤਾ ਤਿਆਰ ਕਰਨ ਦਾ ਵੀ ਮੌਕਾ ਨਾ ਦਿੰਦੇ। ਮੈਂ ਦੁਪਹਿਰ ਨੂੰ ਵੀ ਇਸੇ ਦੁਚਿਤੀ 'ਚ ਰਹਿੰਦੀ ਕਿ ਆਉਣਗੇ ਜਾਂ ਨਹੀਂ। ਕਦੇ ਕਦੇ ਤਾਂ ਸਾਰਾ ਸਾਰਾ ਦਿਨ ਉਡੀਕ ਕਰਵਾ ਕੇ ਸ਼ਾਮ ਦੀ ਚਾਹ ਵੇਲੇ ਆ ਪਰੌਠਾ ਪਕਾਉਣ ਦੀ ਮੰਗ ਰੱਖ ਦਿੰਦੇ। ਮੈਨੂੰ ਉਨ੍ਹਾਂ 'ਤੇ ਥੋੜ੍ਹੀ ਥੋੜ੍ਹੀ ਖਿਝ ਵੀ ਛੁਟਦੀ ਤੇ ਮੱਠਾ ਮੱਠਾ ਤੇਹ ਵੀ ਮਹਿਸੂਸ ਹੁੰਦਾ। ਇਸੇ ਅਜੀਬ ਨਸ਼ੇ 'ਚ ਮੈਂ ਉਨ੍ਹਾਂ ਦੀਆਂ ਵਕਤ ਬੇਵਕਤ ਫ਼ਰਮਾਇਸ਼ਾਂ ਪੂਰੀਆਂ ਕਰਦੀ ਰਹਿੰਦੀ।

ਅਖੀਰ ਹਰਿਦੇਵ ਵੀਰ ਦੀ ਚਿੱਤਰ ਪ੍ਰਦਰਸ਼ਨੀ ਦਾ ਦਿਨ ਵੀ ਆਣ ਢੁਕਿਆ। ਪ੍ਰਦਰਸ਼ਨੀ ਤੋਂ ਕਈ ਦਿਨ ਪਹਿਲਾਂ ਹੀ ਉਨ੍ਹਾਂ ਪੂਰੀ ਸੰਜੀਦਗੀ ਨਾਲ ਬਲਵੀਰ ਦੇ ਆਉਣ ਬਾਰੇ ਪੁਛ ਗਿਛ ਸ਼ੁਰੂ ਕਰ ਦਿਤੀ। ਇਕ ਦਿਨ ਪਹਿਲਾਂ ਤਾਂ ਉਹ ਬਹੁਤ ਹੀ ਬਹਿਵਲ ਹੋ ਗਏ ਜਾਪਦੇ ਸਨ। ਉਹ ਮੈਨੂੰ ਬਲਵੀਰ ਦਾ ਪਤਾ ਠਿਕਾਣਾ, ਟੈਲੀਫੋਨ ਨੰਬਰ ਆਦਿ ਬਾਰ ਬਾਰ ਪੁਛਦੇ ਸਨ ਤੇ ਮੈਂ ਅੰਦਰੋਂ ਪੱਥਰ ਹੋਈ ਉਨ੍ਹਾਂ ਨੂੰ ਕੋਈ ਵੀ ਲੜ ਨਹੀਂ ਸਾਂ ਫੜਾ ਰਹੀ। ਉਹ ਬੜੀ ਝੁੰਝਲਾਹਟ 'ਚ ਅੰਦਰ ਬਾਹਰ ਆਉਂਦੇ ਅਜੀਬ ਅਚਵੀ 'ਚ ਘੁੰਮ ਫਿਰ ਰਹੇ ਸਨ। ਉਨ੍ਹਾਂ ਨੂੰ ਇੰਜ ਮਹਿਸੂਸ ਹੁੰਦਾ ਸੀ ਜਿਵੇਂ ਅਸੀਂ (ਮੈਂ ਤੇ ਬਲਵੀਰ ਨੇ) ਰਲ ਕੇ ਉਨ੍ਹਾਂ ਦੇ ਖਿਲਾਫ ਕੋਈ ਬਹੁਤ ਵੱਡੀ ਸਾਜ਼ਸ਼ ਕੀਤੀ ਹੋਵੇ ਜਿਸ ਦਾ ਪਤਾ ਲਗਾਉਣ ਲਈ ਉਹ ਬੇਚੈਨ ਸਨ। ਮੈਨੂੰ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਪੂਰੀ ਪੂਰੀ ਹਮਦਰਦੀ ਸੀ ਪਰ ਮੈਨੂੰ ਸਮਝ ਨਹੀਂ ਸੀ ਪੈਂਦੀ ਕਿ ਮੈਂ ਕੀ ਕਰਾਂ? ਉਨ੍ਹਾਂ ਨੂੰ ਬਲਵੀਰ ਦੀ ਦੋਸਤੀ ਤੇ ਕਿੰਨਾ ਮਾਣ ਸੀ। ਇਹ ਉਹ ਖਿਆਲ ਵੀ ਨਹੀਂ ਸਨ ਕਰ ਸਕਦੇ ਕਿ ਉਨ੍ਹਾਂ ਦੀ ਪਹਿਲੀ ਪ੍ਰਦਰਸ਼ਨੀ ਸਾਡੇ ਸ਼ਹਿਰ ਦਿੱਲੀ 'ਚ ਹੋਏ, ਉਸ 'ਚ ਬਲਵੀਰ ਨਾ ਆਏ। ਉਪਰੇ ਲੋਕ ਤਾਂ ਬੇਸ਼ੁਮਾਰ ਹੋਣਗੇ ਆਪਣਾ ਇਕ ਤਾਂ ਹੋਏ। ਕਾਫੀ ਸਟਪਟਾਏ—ਮੇਰੇ ਨਾਲ ਲੜੇ ਫਿਰ ਥਕ ਹਾਰ ਕੇ ਆਪੇ ਚੁਪ ਹੋ ਰਹੇ। ਅਗਲੇ ਦਿਨ ਸਵੇਰੇ ਸ਼ਹਿਰ ਜਾਣ ਲੱਗੇ ਕਹਿ ਗਏ ਕਿ ਮੈਂ ਨੁਮਾਇਸ਼ 'ਤੇ ਜਾਣ ਲਈ ਤਿਆਰ ਰਹਾਂ। ਆਖਰ ਕੋਈ ਤਾਂ ਆਪਣਾ ਹਾਜ਼ਰ ਹੋਏ ਇਸ ਮੌਕੇ 'ਤੇ। ਮੇਰੇ ਦਿਲ 'ਚ ਆਈ ਕਿ ਮੈਂ ਹਰਿਦੇਵ ਵੀਰ ਨੂੰ ਨਾਂਹ ਕਰ ਦਿਆਂ ਪਰ ਨਾਂਹ ਕਹਿੰਦੀ ਤਾਂ ਕਿਹੜੇ ਦਿਲ ਨਾਲ!

ਉਨ੍ਹਾਂ ਦੀ ਪ੍ਰਦਰਸ਼ਨੀ ਦਾ ਉਦਘਾਟਨ ਵਿੰਡਸਰ ਹੋਟਲ ਦੇ ਖੁਲ੍ਹੇ ਲਾਨ 'ਚ ਹੋਇਆ। ਤਸਵੀਰਾਂ ਨੂੰ ਲੱਕੜੀ ਦੇ ਉੱਚੇ ਉੱਚੇ ਈਜ਼ਲਾਂ ਉੱਤੇ ਬੜੇ ਹੀ ਭਾਵ ਪੂਰਤ ਢੰਗ ਨਾਲ ਲਟਕਾਇਆ ਗਿਆ ਜਿਸ ਨਾਲ ਚਿੱਤਰ ਕੈਨਵੈਸਾਂ ਤੋਂ ਬਾਹਰ ਆ ਪੂਰੇ ਵਾਯੂ ਮੰਡਲ ਦਾ ਹਿੱਸਾ ਬਣ ਗਏ। ਟੂਣਾ ਕਰਦੀ ਸੰਧਿਆ ਦੀ ਲਾਲੀ 'ਚ ਚਿੱਤਰ ਸੱਚ ਮੁੱਚ ਬੋਲ ਉਠੇ ਸਨ। ਅਜਿਹੇ ਬੋਲ ਜੋ ਅੰਤਾਂ ਦੇ ਸੂਖਮ ਸੰਗੀਤ ਦੀਆਂ ਧੁਨੀਆਂ ਤੋਂ ਵੀ ਨਾ ਅਲਾਪੇ ਜਾਣ। ਮੈਂ ਚਿੱਤਰਾਂ ਵਿਚਲੀ ਕਵਿਤਾ,

ਸੰਗੀਤ 'ਤੇ ਅਨੰਤ ਨੂੰ ਦੇਖ ਝੂਣੀ ਗਈ। ਜ਼ਿੰਦਗੀ 'ਚ ਪਹਿਲੀ ਵਾਰ ਡੂੰਘਾਈ, ਸੂਖਮਤਾ ਤੇ ਵਿਸ਼ਾਲਤਾ ਨੂੰ ਇਕ ਸੁਰ ਇਕ ਰੂਪ ਹੋਏ ਦੇਖਿਆ। ਪਤਾ ਨਹੀਂ ਹੋਰ ਕਿੰਨਾ ਚਿਰ ਮਨ-ਮੁਘਧ ਹੋਈ ਉਨ੍ਹਾਂ ਚਿੱਤਰਾਂ 'ਚ ਚਿੱਤਰ ਬਣੀ ਖੜੋਤੀ ਰਹਿੰਦੀ ਜੇ ਮੈਨੂੰ ਇਨਸਾਨੀ ਆਵਾਜ਼ਾਂ ਦਾ ਸ਼ੋਰ ਨਾ ਚੋਂਕਾ ਦਿੰਦਾ। ਮੈਂ ਪਰਤ ਕੇ ਦੇਖਿਆ ਕਿ ਖੁਸ਼ ਪੋਸ਼ ਲੋਕਾਂ ਦੀ ਬਹੁਤ ਵੱਡੀ ਭੀੜ ਦੇ ਐਨ ਵਿਚ-ਕਾਰ ਹਰਿਦੇਵ ਵੀਰ ਸਲੇਟੀ ਸੂਟ ਪਾਈ ਪੈਗ ਫੜੀ ਲੁਕੇ ਖੜੇ ਸਨ। ਬਾਕੀ ਲੋਕ ਆਪਣੇ ਆਪਣੇ ਪੈਗ ਹਵਾ ਵਿਚ ਉਲਾਰਦੇ 'ਚੀਅਰ......ਚੀਅਰ...ਦਾ ਰੌਲਾ ਪਾ ਰਹੇ ਸਨ। ਐਨ ਇਸ ਸਮੇਂ ਅਛੋਪਲੇ ਹੀ ਕੋਈ ਸ਼ੈਰੀ ਦਾ ਜਾਮ ਮੇਰੇ ਹੱਥ 'ਚ ਵੀ ਥਮਾ ਗਿਆ। ਮੈਂ ਡੁਲ੍ਹ ਡੁਲ੍ਹ ਪੈਂਦੀ ਖੁਸ਼ੀ ਦੇ ਵੇਗ 'ਚ ਇਕ ਨਜ਼ਰ ਹਰਿਦੇਵ ਵੀਰ ਨੂੰ ਦੇਖਿਆ, ਮਨ ਹੀ ਮਨ 'ਚ "ਚੀਅਰੀਓ" ਕਿਹਾ 'ਤੇ ਸ਼ੈਰੀ ਦਾ ਘੁੱਟ ਭਰ ਲਿਆ ਜੋ 'ਲਿਸਲਿਸਾ' 'ਤੇ ਖੱਟ ਮਿਠਾ ਸੀ। ਮੈਨੂੰ ਯਾਦ ਨਹੀਂ ਕਿ ਮੈਂ ਇਸ ਤੋਂ ਪਿਆਰੇ ਸਵਾਦ ਵਾਲੀ ਕੋਈ ਚੀਜ਼ ਕਦੇ ਚਖੀ ਹੋਵੇ। ਮੈਂ ਦੂਸਰਾ ਘੁਟ ਭਰਨ ਤੋਂ ਪਹਿਲਾਂ ਹਰਿਦੇਵ ਵੀਰ ਨੂੰ ਮੁੜ ਦੇਖਣਾ ਚਾਹੁੰਦੀ ਸਾਂ ਪਰ ਫਲੈਸ਼-ਬਲਬਾਂ ਦੇ ਜਗਣ ਬੁਝਣ ਨਾਲ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ ਤੇ ਉਹ ਸ਼ਾਇਦ ਉਤਸੁਕ ਔਰਤਾਂ 'ਤੇ ਜਰਨਲਿਸਟਾਂ ਦੇ ਘੇਰੇ 'ਚ ਆ ਗਏ ਸਨ।

ਪ੍ਰਦਰਸ਼ਨੀ ਤੋਂ ਵਾਪਸ ਆ ਮੈਨੂੰ ਆਪ ਮੁਹਾਰੀ ਨੂੰ ਅੰਤਾਂ ਦੀ ਖ਼ੁਸ਼ੀ ਦਾ ਝੱਲ ਚੜ੍ਹਿਆ ਹੋਇਆ ਸੀ। ਨਾ ਹੱਸ ਹੁੰਦਾ ਸੀ ਨਾ ਹੱਸੇ ਬਿਨਾ ਰਹਿ ਹੁੰਦਾ ਸੀ। ਧੁਰ ਕਾਲਜੇ ਦੇ ਹੇਠਾਂ ਅਜੀਬ ਖੁਤਖੁਤੀ ਜਿਹੀ ਲਹਿਰ ਜਿਹੀ ਛਿੜੀ ਹੋਈ ਸੀ 'ਤੇ ਸਮਝ ਨਹੀਂ ਸੀ ਆਉਂਦਾ ਕੀ ਕਰਾਂ ? ਲੇਟਾਂ, ਜਾਗਾਂ, ਪੜ੍ਹਾਂ ਜਾਂ ਸੰਗੀਤ ਸੁਣਾਂ। ਕਦੇ ਮੈਂ ਉਠ ਉਠ ਬਾਰੀਆਂ ਖੋਲ੍ਹਦੀ ਸਾਂ, ਕਦੇ ਗੁਤ ਨੂੰ ਹਲਾਉਂਦੀ ਪੈਂਡਲ ਨੂੰ ਛੇੜੀ ਜਾਂਦੀ ਸਾਂ। ਕਾਂਜੀਵਰਮ ਦੀ ਸਾੜ੍ਹੀ 'ਚ ਵੀ ਮੈਨੂੰ ਹੁਟ ਲੱਗਦਾ ਸੀ ਤੇ ਲਾਹੁਣ ਨੂੰ ਹਾਲੀ ਦਿਲ ਨਹੀਂ ਸੀ ਕਰਦਾ। ਜੀਅ ਕਰਦਾ ਸੀ ਕੋਈ ਹੁਣ ਹੋਵੇ, ਬਹੁਤ ਵੱਡੇ ਹੋਟਲ ਦੀ ਸਭ ਤੋਂ ਉੱਚੀ ਮੰਜ਼ਲ 'ਤੇ ਜਾ ਕੇ ਤੇਜ਼ ਟੀਊਬਾਂ ਦੀ ਰੌਸ਼ਨੀ 'ਚ ਬੈਠ ਗੱਲਾਂ ਕਰੀਏ, ਇਕ ਦੂਜੇ ਦੇ ਹੱਥ ਘੁਟੀਏ—'ਤੇ ਕਾਫੀ ਦਾ ਗਰਮ ਗਰਮ ਕੱਪ ਪੀਈਏ !

ਮੈਂ ਬਾਹਰ ਆ ਗੈਸਟ ਰੂਮ 'ਚ ਝਾਤੀ ਮਾਰੀ ਦਰਵਾਜ਼ਾ ਚੋਫਾੜ ਖੁਲ੍ਹਾ ਪਿਆ ਸੀ। ਹਰਿਦੇਵ ਵੀਰ ਮੈਨੂੰ ਛੱਡ ਪਤਾ ਨਹੀਂ ਕਦੋਂ ਕਮਰੇ 'ਚ ਆਏ 'ਤੇ ਪਤਾ ਨਹੀਂ ਕਦੋਂ ਅਲੋਪ ਵੀ ਹੋ ਗਏ। ਉਨ੍ਹਾਂ ਦਾ ਸਲੇਟੀ ਸੂਟ ਜੋ ਉਨ੍ਹਾਂ ਪਾਰਟੀ ਤੇ ਪਾਇਆ ਸੀ, ਪਲੰਘ ਉਤੇ ਬੇਪ੍ਰਵਾਹੀ ਨਾਲ ਲਾਹ ਕੇ ਸੁਟਿਆ ਹੋਇਆ ਸੀ। ਮੈਂ ਬੜੇ ਧਿਆਨ ਨਾਲ ਸੂਟ ਨੂੰ ਹੈਂਗਰ 'ਚ ਟੰਗ ਉਨ੍ਹਾਂ ਦੀ ਵਾਰਡਰੋਵ 'ਚ ਲਟਕਾ ਚਿਟਕਣੀ ਲਗਾ ਦਿਤੀ। ਫੇਰ ਪਤਾ ਨਹੀਂ ਕਿਉਂ ਮੈਂ ਕੁਰਸੀ 'ਤੇ ਬੈਠ, ਖਿਲਰੇ ਰੰਗਾਂ—ਤੇ ਅਧੂਰੀਆਂ ਕੈਨਵੈਸਾਂ ਨੂੰ ਦੇਖਣ ਲੱਗੀ। ਦੇਖਦਿਆਂ ਮੈਨੂੰ ਖਿਆਲ ਆਇਆ ਹਰਿਦੇਵ ਵੀਰ ਦੀ ਵਾਸਤਵ ਜ਼ਿੰਦਗੀ ਇਹ ਅਧੂਰੀਆਂ ਕੈਨਵੈਸਾਂ ਅਤੇ ਖਿਲਰੇ ਰੰਗ ਹੀ ਨੇ...ਕਿਤੇ ਕਿਤੇ ਕੋਈ ਖੂਬਸੂਰਤ ਬੁਰਸ਼...ਛੋਹ ਹੈ। ਬਾਕੀ ਹਿੱਸਾ ਉਦਾਸ ਤੇ ਸਖਣਾ ਸਖਣਾ—ਆਸਾਂ, ਉਮੀਦਾਂ ਦੇ ਰੰਗਾਂ ਤੋਂ ਕੋਰਾ, ਧੜਕਣਾਂ ਤੋਂ ਰਹਿਤ, ਬੇਜਾਨ ਜਿਹਾ......ਫਿਰ ਮੇਰੀ ਨਜ਼ਰ ਉਨ੍ਹਾਂ ਦੇ ਮੰਜੇ ਹੇਠ ਚਲੇ ਗਈ। ਉਸ ਹੇਠਾਂ ਦੰਦਾਂ ਦੀ ਦਵਾਈ, ਅੱਖਾਂ ਦਾ ਸੁਰਮਾ ਤੇ ਨੀਂਦ ਦੀਆਂ ਗੋਲੀਆਂ ਦਾ ਵੱਡਾ ਡੱਬਾ ਪਿਆ ਸੀ। ਨਾ ਜਾਣੇ ਮੇਰੇ ਦਿਲ 'ਚ ਕੀ ਆਈ, ਡੱਬਾ ਚੁਕ ਲਿਆ ਸੋਚਿਆ : ਅੱਜ ਦੀ ਐਨੀ ਸ਼ਾਨਦਾਰ ਕਲਾ—ਪ੍ਰਦਰਸ਼ਨੀ ਤੋਂ ਪਿਛੋਂ ਉਨ੍ਹਾਂ ਨੂੰ ਨੀਂਦ ਲਿਆਉਣ ਲਈ ਇਨ੍ਹਾਂ

ਗਾਲੀਆਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਅੱਜ ਤਾਂ ਉਹ ਇੰਜ ਸੌਣਗੇ ਜਿਵੇਂ ਕਿਸੇ ਨੂੰ ਐਡੀ ਸ਼ਾਨਦਾਰ ਪ੍ਰਦਰਸ਼ਨੀ ਪਿਛੋਂ ਸੌਣਾ ਚਾਹੀਦਾ !

ਮੈਂ ਆਪਣੇ ਕਮਰੇ 'ਚ ਆ ਨਾਈਟ—ਬਲਬ ਜਗਾਇਆ 'ਤੇ ਪਲੰਘ ਤੇ ਲੇਟ, ਸੌਣ ਦਾ ਬਹਾਨਾ ਕਰਨ ਲਗੀ । ਮੈਂ ਆਪਣੇ ਆਪ ਨੂੰ ਨੀਂਦ 'ਚ ਲਿਆਉਣ ਲਈ ਦੋ ਤਿੰਨ ਉਬਾਸੀਆਂ ਵੀ ਲਈਆਂ—ਪਰ ਬੇਅਰਥ । ਨੀਂਦ ਸੀ ਕਿ ਪਤਾ ਨਹੀਂ ਖੰਭ ਲਗਾ ਕਿਹੜੇ ਪਰੀਆਂ ਦੇ ਦੇਸ਼ ਨੂੰ ਉੱਡ ਗਈ ਸੀ । ਮੈਂ ਕਿੰਨਾ ਚਿਰ ਨਾਈਟ ਬਲਬ ਦੀ ਸੁਪਨਿਆਲੀ ਰੋਸ਼ਨੀ ਵੱਲ ਵੇਖਦੀ ਰਹੀ 'ਤੇ ਫੇਰ ਜਾਗੋ ਮੀਟੀ ਦੀ ਹਾਲਤ 'ਚ ਆਪਣੀ ਬੀਤੀ ਜ਼ਿੰਦਗੀ ਦੇ ਖੁਸ਼ੀਆਂ ਭਰੇ ਛਿਣ ਗਿਣਨ ਲੱਗੀ । ਮੈਨੂੰ ਯਾਦ ਹੈ ਮੈਂ ਆਪਣੀ ਮਾਂ ਨਾਲ ਨਾਨਕੇ ਜਾ ਰਹੀ ਸਾਂ—ਅਸਾਂ ਲੁਧਿਆਣੇ ਤੋਂ ਬਸ ਬਦਲਣੀ ਸੀ ਅੱਡੇ 'ਤੇ ਸਾਨੂੰ ਇਕ ਤੀਵੀਂ ਮੁੰਡੇ ਨਾਲ ਆਉਂਦੀ ਦਿਸੀ । ਨੇੜੇ ਹੁੰਦਿਆਂ ਉਹਨੇ ਸਾਨੂੰ ਪਹਿਚਾਣ ਲਿਆ—ਤੇ ਸਾਨੂੰ ਮੱਲੋਜ਼ੋਰੀ ਆਪਣੇ ਘਰ ਲੈ ਗਈ । ਉਨ੍ਹਾਂ ਦਾ ਘਰ ਕਿੱਡਾ ਖੁਲ੍ਹਾ ਸੀ । ਮੈਂ ਰਾਜੂ (ਮੁੰਡਾ) 'ਤੇ ਉਹਦੀ ਭੈਣ ਸਾਰੇ ਘਰ 'ਚ ਆਪ ਮੁਹਾਰੇ ਭੱਜੇ ਫਿਰਦੇ ਸਾਂ—ਉਸ ਦਿਨ ਉਨ੍ਹਾਂ ਦੇ ਘਰ ਬਿੱਲੀ ਨੇ ਬਲੂੰਗੜੇ ਜੰਮੇ ਸਨ, ਅਸੀਂ ਕਿਵੇਂ ਹੈਰਾਨ ਹੋਏ ਉਨ੍ਹਾਂ ਨੂੰ ਚੁਕ ਚੁਕ ਦੇਖ ਖੁਸ਼ ਹੁੰਦੇ ਸਾਂ 'ਤੇ ਬਿੱਲੀ ਘਿਰ ਘਿਰ ਕਰਦੀ ਸਾਨੂੰ ਨਹੁੰਦਰਾਂ ਮਾਰਨ ਪੈਂਦੀ ਸੀ......।

ਬਾਹਰ ਬੂਹਾ ਖੁਲਣ ਦਾ ਜ਼ਰਾ ਖੜਾਕ ਹੋਇਆ—ਬੱਤੀ ਜਗੀ ਤੇ ਕੋਈ ਦਬੇ ਪੈਰੀਂ ਕਮਰੇ ਦੇ ਅੰਦਰ ਚਲਾ ਗਿਆ । ਸੋਚਿਆ ਹਰਿਦੇਵ ਵੀਰ ਹੋਣਗੇ ਮੈਨੂੰ ਡਿਸਟਰਬ ਕੀਤੇ ਬਿਨਾ ਸੌਂ ਜਾਣਾ ਚਾਹੁੰਦੇ ਹੋਣਗੇ । 'ਤੇ ਮੈਂ ਵਖ ਲੈ ਦੂਸਰੀ ਘਟਨਾ ਬਾਰੇ ਸੋਚਣ ਲੱਗੀ......ਇਹ ਦੂਸਰੀ ਦਿਲ-ਚਸਪ ਘਟਨਾ ਕਦੋਂ ਹੋਈ ? ਸ਼ਾਇਦ ਉਦੋਂ ਜਦੋਂ, ਇਕ ਦਿਨ ਡੱਬਲ ਡੈਕਰ 'ਚ ਜਾ ਰਹੀ ਸਾਂ । ਇਕ ਖੂਬ ਰੋ ਜੁਆਨ ਮੇਰੇ ਵੱਲ ਘੂਰ ਘੂਰ ਦੇਖੀ ਜਾ ਰਿਹਾ ਸੀ । ਮੈਂ ਉਸ ਦੀ ਤੇਜ਼ ਨਜ਼ਰ ਦੇ ਸਾਹਮਣੇ ਪਾਣੀ ਪਾਣੀ ਹੋਈ ਜਾ ਰਹੀ ਸਾਂ ਤੇ ਮੇਰੇ 'ਚ ਐਨੀ ਹਿੰਮਤ ਨਹੀਂ ਸੀ ਕਿ ਉਸ ਨੂੰ ਘ੍ਰਾਬਰ ਕੇ ਕਹਿ ਦਿਆਂ—ਐ ਮਿਸਟਰ...ਮੇਰੇ ਵੱਲ ਕਿਉਂ ਦੇਖ ਰਹੇ ਹੋ......?

ਮੈਂ ਉਤਰੀ ਤਾਂ ਉਹ ਵੀ ਮਗਰੇ ਉਤਰ ਗਿਆ—ਜਿਸ ਗਲੀ ਮੈਂ ਮੁੜੀ ਉਹ ਵੀ ਮੁੜ ਪਿਆ—ਮੈਂ ਡਰਦੀ ਭੱਜਕੇ ਇਕ ਸਹੇਲੀ ਦੇ ਘਰ ਜਾ ਵੜੀ । ਰੁਕ ਕੇ ਘਰ ਪਹੁੰਚੀ ਤਾਂ ਸਾਡੇ ਘਰ ਵਿਹੜੇ 'ਚ ਬੈਠਾ ਉਹ ਮੁਸਕਾਂਦਾ ਚਾਹ ਦੇ ਘੁਟ ਭਰ ਰਿਹਾ ਸੀ ਨਟ ਖਟ ਬਲਵੀਰ ਜੋ ਮੇਰਾ ਪਿਛਾ ਕਰਦਾ ਆ ਗਿਆ ਸੀ ਮੈਨੂੰ ਦੇਖਣ ਤੇ ਪਸੰਦ ਕਰਨ ਲਈ ! ਭਲਾ ਉਦੋਂ ਜੇ ਮੈਂ ਉਹਨੂੰ ਨਾ ਪਸੰਦ ਕਰ ਦਿੰਦੀ ਤਾਂ ਹੁਣ ਜ਼ਿੰਦਗੀ ਕਿਹੋ ਜਿਹੀ ਹੁੰਦੀ ?

ਬਾਹਰ ਵਾਲੇ ਕਮਰੇ 'ਚ ਫਿਰ ਖੜਾਕ ਹੋਇਆ—ਪਹਿਲਾਂ ਕੋਈ ਚੀਜ਼ ਡਿਗਣ ਦੀ ਆਵਾਜ਼ ਆਈ ਫਿਰ ਦੋ ਜਣਿਆਂ ਦੀ ਘੁਸਰ ਮੁਸਰ, ਮੈਨੂੰ ਸੋਚ ਫੁਰੀ, ਇਹ ਹਰਿਦੇਵ ਵੀਰ ਨਾਲ ਐਡੀ ਰਾਤ ਗਏ ਕੌਣ ਗੱਲਾਂ ਕਰਦਾ ? ਸੋਚਿਆ ਕੋਈ ਸਿਰ ਫਿਰਿਆ ਜਰਨਲਿਸਟ ਹੋਣਾ—ਉਨ੍ਹਾਂ ਦੀ ਇੰਟਰਵੀਊ ਲੈ ਰਿਹਾ—ਕਲ੍ਹ ਦੇ ਈਵਨਿੰਗ ਐਡੀਸ਼ਨ ਲਈ.........

.........'ਤੇ ਮੈਂ ਆਪਣੀ ਜ਼ਿੰਦਗੀ ਦੀ ਤੀਜੀ ਅਹਿਮ ਘਟਨਾ ਬਾਰੇ ਸੋਚਣ ਲਗੀ ! ...ਰੌਲਾ ਹੋਰ ਵੀ ਵੱਧ ਗਿਆ । ਉਪਰੋਥਲੀ ਕਈ ਚੀਜ਼ਾਂ ਦੇ ਕਾੜ ਕਾੜ ਟੁਟਣ ਦੀ ਆਵਾਜ਼ ਆਈ । ਫਿਰ ਕਿਸੇ ਨੇ ਜ਼ੋਰ ਨਾਲ ਨਸਵਾਨੀ ਆਵਾਜ਼ 'ਚ ਚੀਕ ਮਾਰੀ । ਮੈਂ ਤ੍ਰਬਕ ਕੇ ਉਠ ਬੈਠੀ 'ਤੇ ਤੜਪ ਕੇ ਕਮਰੇ ਤੋਂ ਬਾਹਰ ਆ ਗਈ । ਮੈਨੂੰ ਗੈਸਟ ਰੂਮ ਦੇ ਬਾਹਰ ਲੱਗੇ ਜ਼ੀਰੋ ਦੇ ਬਲਬ ਦੀ ਫਿਕੀ ਰੋਸ਼ਨੀ 'ਚ ਦੋ ਪਰਛਾਵੇਂ ਨਜ਼ਰ ਆਏ—ਇਕ ਪਰਛਾਵਾਂ ਛੋਟੇ ਕੱਦ ਦਾ ਕਿਸੇ ਔਰਤ ਦਾ

ਸੀ ਤੇ ਦੂਜਾ ਡਰੈਸਿੰਗ ਗਾਊਨ ਵਾਲਾ ਸ਼ਾਇਦ ਹਰਿਦੇਵ ਵੀਰ ਦਾ। ਛੋਟਾ ਪਰਛਾਵਾਂ ਵੱਡੇ ਪਰਛਾਵੇਂ ਨੂੰ ਮੁਖਾਤਬ ਸੀ : "ਮੈਨੂੰ ਨਹੀਂ ਸੀ ਪਤਾ ਤੁਸੀਂ ਮੈਨੂੰ ਘਰ ਬੁਲਾ ਕੇ ਮੇਰੀ ਇਜ਼ਤ ਨੂੰ ਇਸ ਤਰ੍ਹਾਂ ਹੱਥ ਪਾਉਗੇ !" ਵੱਡਾ ਸਾਇਆ ਖਾਮੋਸ਼ ਸੀ 'ਤੇ ਲੜ ਖੜਾ ਰਿਹਾ ਸੀ ਜਿਵੇਂ ਹੁਣ ਹੀ ਢਹਿ ਢੇਰੀ ਹੋ ਜਾਏਗਾ......।

ਉਫ ! ਹਰਿਦੇਵ ਵੀਰ ਨੇ ਇਹ ਕੀ ਕੀਤਾ ?.........ਕੀ ਉਹ ਉਨ੍ਹਾਂ ਦਾ ਮਖੌਟਾ ਹੀ ਸੀ ਜੋ ਮੈਂ ਦੇਖਦੀ ਰਹੀ ?......ਆਹ ! ਮੈਨੂੰ ਪਤਾ ਕਿਉਂ ਨਾ ਲੱਗਾ ਕਿ ਕਾਗਜ਼ੀ ਫੁੱਲ ਵੀ ਟਹਿਕਣਗੇ 'ਤੇ ਸੁੱਕੀਆਂ ਟਾਹਣਾਂ ਲਹਿਰਾਉਣਗੀਆਂ। ਤੇ ਮੈਂ ਸਮਝ ਬੈਠੀ ਕਿ ਬਹਾਰ ਆ ਗਈ...ਪਤਾ ਵੀ ਕਿਵੇਂ ਲਗਦਾ—ਜੇ ਹਰਿਦੇਵ ਵੀਰ ਸਾਡੇ ਇਸ ਨਗੂਣੇ ਨਿਮਾਣੇ ਘਰ 'ਚ ਨਾ ਆਉਂਦੇ। ਮੈਨੂੰ ਇਹ ਨਹੀਂ ਸੀ ਪਤਾ ਕਿ ਸਲੀਪਿੰਗ ਪਿਲਜ਼ ਐਨੀਆਂ ਛੋਟੀਆਂ ਛੋਟੀਆਂ ਹੁੰਦੀਆਂ, ਇਹੋ ਜਿਹੀਆਂ ਤਾਂ ਸੌ ਇਕੋ ਫੱਕੇ ਨਾਲ ਅੰਦਰ ਲੰਘਾਈਆਂ ਜਾ ਸਕਦੀਆਂ......ਹਾਏ ! ਇਸ ਗੱਲ ਦਾ ਮੈਂ ਉਦੋਂ ਕਿਉਂ ਨਾ ਪਤਾ ਕੀਤਾ—ਜਿਸ ਦਿਨ ਬਲਵੀਰ ਕੁਲਦੀਪ ਨੂੰ ਕਾਰ ਦੀ ਫਰੰਟ ਸੀਟ 'ਤੇ ਬੈਠਾ ਕੇ ਘਰ ਲਿਆਇਆ ਸੀ।

—0—

ਫੇਰ ਕਿਆਮਤ
ਕਦ
ਆਵੇਗੀ

ਪ੍ਰੀਤਮ ਸਿਘ

ਇਕ ਨੇਜ਼ੇ ਦੀ ਵਿੱਥ ਤੇ ਲਹਿ ਕੇ
ਧੁਖ ਧੁਖ ਸੂਰਜ ਬੁਝ ਚੁਕਾ ਹੈ
ਚੋਹੀਂ ਕੂਟੀਂ ਖ਼ੇਹ ਉੜਦੀ ਹੈ
ਚੋਹੀਂ ਕੂਟੀਂ ਨ੍ਹੇਰ ਪਿਆ ਹੈ
ਅਜ ਕਿਸੇ ਨਹੀਂ ਲੇਖਾ ਮੰਗਿਆ
ਅਜ ਕਿਸੇ ਨਹੀਂ ਸੰਖ ਵਜਾਇਆ
ਨਾ ਕੋਈ ਮੁਰਦਾ ਰੂਹਾਂ ਉਠੀਆਂ
ਨਾ ਕੋਈ ਪੀਰ ਪੈਗੰਬਰ ਆਇਆ
ਕੁੱਤੇ ਭੌਂਕਣ ਜਾਗੋ ਜਾਗੋ
ਗਿੱਦੜ ਬੋਲਣ ਜਾਗ ਰਹੇ ਹਾਂ
ਚਾਰੇ ਪਾਸੇ ਕਾਵਾਂ ਰੌਲੀ
ਚਾਰੇ ਪਾਸੇ ਸ਼ੋਰ ਪਿਆ ਹੈ
ਕੋਈ ਕਿਸੇ ਦੀ ਵਾਜ ਨਹੀਂ ਸੁਣਦਾ
ਇਕ ਨੇਜ਼ੇ ਦੀ ਵਿੱਥ ਤੇ ਆਕੇ
ਭਾਵੇਂ ਸੂਰਜ ਬੁਝ ਚੁੱਕਾ ਹੈ

—0—

ਇਕ ਮਿੱ ਤ ਰ

ਹਰਭਜਨ ਸਿਘ ਹੁੰਦਲ

(ਪਾਤਰ ਅਧਿਅਨ)

ਪਹਿਲੀ ਬੜ੍ਹਕ ਅਚੰਭਿਤ ਕਰਦੀ
ਦੂਜੀ ਨੂੰ ਕੋਈ ਵਿਰਲਾ ਝੱਲੇ
ਤੇ ਤੀਜੀ ਦੀ
ਲੋੜ ਨਾ ਰਹਿੰਦੀ ।

ਪਰ ਜੇ ਕੋਈ ਅੱਥਰਾ ਬੰਦਾ
ਤਿੰਨੇ ਬੜ੍ਹਕਾਂ ਸੁਣਕੇ ਵੀ
ਨਾ ਪੈਰੋਂ ਹਿੱਲੇ,
ਮੇਰਾ ਮਿੱਤਰ
ਓਸ ਪੁਰਸ਼ ਦੇ ਚਰਨੀਂ ਡਿੱਗੇ ।
ਤੇ ਉਸ ਦੇ ਪੈਰਾਂ ਦੀ ਮਿੱਟੀ
ਚੁੱਕ ਚੁੱਕ ਆਪਣੇ ਮਸਤਕ ਲਾਵੇ ।

ਫੇਰ ਵੀ ਜੇ ਕੋਈ
ਨਾ ਪੰਘਰੇ ਤਾਂ
ਇਕ ਛਿਣ ਲਈ
ਜਜ਼ਬਾਤੀ ਹੋ ਕੇ
ਰੋ ਪੈਂਦਾ ਹੈ ।
ਅੱਥਰੂਆਂ ਵਿਚ ਕਿੰਨੀ ਸ਼ਕਤੀ !!

ਵਾਕਫ ਲੋਕੀਂ

ਗੱਲਾਂ ਕਰਦੈ,
"ਉਸ ਦੇ ਬਾਪ ਅਖੀਰੀ ਵੇਲੇ
ਇਕੋ ਗਲ ਹੀ ਸਮਝਾਈ ਸੀ"
"ਵੇਖੀਂ ਪੁਤਰਾ !
ਮੇਰੇ ਨਾਂ ਨੂੰ ਲਾਜ ਨਾ ਲਾਵੀਂ ।
ਅਗਲੇ ਨੂੰ ਪਹਿਲਾਂ ਯਰਕਾਵੀਂ ।
ਜੇ ਕੋਈ ਠਰ ਜਾਵੇ
ਤਾਂ ਵਾਹਵਾ ।
ਜੇ ਕੋਈ ਅੱਗੋਂ ਆਕੜ ਜਾਵੇ
ਲਾਹ ਕੇ ਸਿਰੋਂ ਆਪਣੀ ਪੱਗੜੀ
ਉਸ ਦੇ ਪੈਰਾਂ ਉੱਤੇ ਰੱਖੀਂ ।"

ਮੇਰੇ ਮਿੱਤਰ
ਇਸ ਗੱਲ ਨੂੰ
ਆਗਿਆਕਾਰ ਸਪੁੱਤਰ ਵਾਂਗੂ
ਪੱਲੇ ਬੱਧਾ ।

—0—

Oct - Dec 1968

ਓਭੜ ਲੋ ਕ

ਕੁਲਵੰਤ ਸਿੰਘ ਵਿਰਕ

ਅਜ ਕਲ੍ਹ ਇਕ ਇਹ ਖਿਆਲ ਪਸਰਿਆ ਹੋਇਆ ਹੈ ਕਿ ਮਨੁਖ ਇਕੱਲਾ ਰਹਿ ਗਿਆ ਹੈ ਅਤੇ ਇਸ ਦੁਨੀਆਂ ਵਿਚ ਉਹ ਓਭੜਾਂ ਵਾਂਗ ਫਿਰ ਰਿਹਾ ਹੈ । ਨਾ ਕੋਈ ਕੰਮ ਅਤੇ ਨਾ ਕੋਈ ਮਨੁਖ ਉਸ ਨੂੰ ਚੰਗੀ ਤਰ੍ਹਾਂ ਟੁੰਬਦਾ ਹੈ ਅਤੇ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਉਹ ਕੀ ਕਰੇ ਅਤੇ ਕਿਧਰ ਜਾਵੇ ।ਜੇ ਉਹ ਸੋਚਵਾਨ ਕਿਸਮ ਦਾ ਹੋਵੇ ਤਾਂ ਹੋਰ ਵੀ ਪੂਰੀ ਤਰ੍ਹਾਂ ਕਟਿਆ ਜਾਂਦਾ ਹੈ। ਸਾਹਿਤ ਅਕਾਡਮੀ ਦੇ ਅੰਗਰੇਜ਼ੀ ਪਰਚੇ **Indian Literature** ਦੇ ਸਜੱਰੇ ਅੰਕ ਵਿਚ ਇਕ ਲੇਖ ਛਪਿਆ ਹੈ ਜਿਸ ਵਿਚ ਮੁਖੀ ਹਿੰਦੀ ਕਹਾਣੀ ਲੇਖਕਾਂ ਦੀ ਅਜਿਹੇ ਆਦਮੀ ਨੂੰ ਸਫਲਤਾ ਨਾਲ ਚਿਤਰਨ ਲਈ ਉਸਤਤ ਕੀਤੀ ਗਈ ਹੈ । ਕਿਹਾ ਜਾਂਦਾ ਹੈ ਕਿ ਸਾਰੇ ਮਨੁਖ ਚਾਬੀ ਵਾਲੇ ਬਾਵਿਆਂ ਵਾਂਗ ਫਿਰ ਰਹੇ ਹਨ । ਭਾਵੇਂ ਉਨ੍ਹਾਂ ਦੀ ਬਣਤਰ ਇਕੋ ਜਹੀ ਹੈ ਪਰ ਉਨ੍ਹਾਂ ਦੀ ਆਪੋ ਵਿਚ ਕੋਈ ਸਾਂਝ ਨਹੀਂ ਹੈ । ਕਹਿੰਦੇ ਹਨ ਕਿ ਇਹ ਹਾਲਤ ਉਦਿਓਗਿਕ ਧੰਦਿਆਂ ਦੇ ਵਧਣ ਕਰਕੇ ਅਤੇ ਬਹੁਤੇ ਲੋਕਾਂ ਦੇ ਸ਼ਹਿਰਾਂ ਵਿਚ ਆ ਵਸਣ ਕਰ ਕੇ ਹੋਈ ਹੈ ਜਿਥੇ ਗਵਾਂਢੀ ਗਵਾਂਢੀ ਦਾ ਨਾਂ ਨਹੀਂ ਜਾਣਦਾ ।

ਮੈਨੂੰ ਕਈ ਸਾਲ ਦਿੱਲੀ ਦੇ ਵੱਡੇ ਸ਼ਹਿਰ ਵਿਚ ਰਹਿੰਦਿਆਂ ਹੋ ਗਏ ਹਨ । ਮੈਂ ਆਪ ਉਨ੍ਹਾਂ ਲੋਕਾਂ ਵਿਚੋਂ ਹਾਂ ਜਿਹੜੇ ਗਵਾਂਢੀਆਂ ਦਾ ਨਾਂ ਨਹੀਂ ਜਾਣਦੇ ਅਤੇ ਜਿਨ੍ਹਾਂ ਦਾ ਨਾਂ ਗਵਾਂਢੀ ਬਿਲਕੁਲ ਹੀ ਨਹੀਂ ਜਾਣਦੇ । ਜੇ ਕੋਈ ਮੈਨੂੰ ਮੇਰੇ ਕਿਸੇ ਗਵਾਂਢੀ ਦਾ ਪਤਾ ਪੁਛੇ ਤਾਂ ਮੈਨੂੰ ਵਖਤ ਪੈ ਜਾਂਦਾ ਹੈ ਅਤੇ ਜੇ ਕੋਈ ਮੇਰੇ ਕਿਸੇ ਗਵਾਂਢੀ ਤੋਂ ਮੇਰਾ ਪਤਾ ਪੁਛੇ ਤਾਂ ਉਸ ਨੂੰ ਵਖਤ ਪੈ ਜਾਂਦਾ ਹੈ । ਪਰ ਮੈਂ ਇਸ ਹਾਲਤ ਤੋਂ ਅਸੰਤੁਸ਼ਟ ਨਹੀਂ । ਸ਼ਹਿਰ ਵਿਚ ਤੁਹਾਡਾ ਮਕਾਨ ਕਿਸ ਥਾਂ ਹੈ, ਇਹ ਇਕ ਇਤਫਾਕ ਦੀ ਗੱਲ ਹੈ । ਜਿਥੇ ਕਿਧਰੇ ਉਨੇ ਕੁ ਕਿਰਾਏ ਵਿਚ ਮਕਾਨ ਮਿਲਿਆ ਲੈ ਲਿਆ । ਖਰੀਦਿਆ ਹੋਇਆ ਜਾਂ ਬਣਾਇਆ ਹੋਇਆ ਮਕਾਨ ਵੀ ਇਸੇ ਤਰ੍ਹਾਂ ਇਤਫਾਕ ਦੀ ਗੱਲ ਹੈ, "ਜਿਥੇ ਢੋ ਢੁਕ ਗਿਆ ।ਇਸ ਵਿਚ ਗਵਾਂਢ ਦਾ ਕੋਈ ਹਿੱਸਾ ਜਾਂ ਹਥ ਨਹੀਂ,ਨਾ ਹੀ ਉਸ ਵਿਚ ਖੁਭਣਾ ਜ਼ਰੂਰੀ ਹੈ । ਇਸ ਲਈ ਜੇ ਉਨ੍ਹਾਂ ਨਾਲ ਵਾਕਫ਼ੀ ਨਹੀਂ ਤਾਂ ਕੋਈ ਫ਼ਿਕਰ ਦੀ ਗੱਲ ਨਹੀਂ । ਕੋਈ ਗਵਾਂਢ ਬਹੁਤ ਪਸੰਦ ਵੀ ਆ ਸਕਦਾ ਹੈ । ਉਸ ਨਾਲ ਗੂੜ੍ਹ ਵੀ ਹੋ ਸਕਦਾ ਹੈ । ਕੋਈ ਰੁਕਾਵਟ ਵੀ ਨਹੀਂ ।

ਕੀ ਆਂਢ ਗਵਾਂਢ ਵਿਚ ਦੋਸਤੀ ਜਾਂ ਜਾਣ ਪਹਿਚਾਣ ਨਾ ਹੋਣ ਕਰ ਕੇ ਮਨੁਖ ਔਖਾ ਨਹੀਂ ਹੋ ਜਾਂਦਾ ? ਮੱਝਾਂ ਗਾਵਾਂ ਵੀ ਆਪਣੀਆਂ ਸਹੇਲੀਆਂ ਦੀ ਸੰਗਤ ਪਸੰਦ ਕਰਦੀਆਂ ਹਨ ਅਤੇ

ਨਿਖੜ ਕੇ ਦੁਖੀ ਹੁੰਦੀਆਂ ਹਨ, ਅਜੇ ਉਨ੍ਹਾਂ ਲਈ ਆਪੋ ਵਿਚ ਕਹਿਣ ਸੁਨਣ ਨੂੰ ਕੁਝ ਨਹੀਂ ਹੁੰਦਾ ਪਰ ਇਹ ਜਾਣ ਪਹਿਚਾਣ ਜਾਂ ਦੋਸਤੀ ਮਨੁਖ ਦੇ ਆਪਣੇ ਕਿੱਤੇ ਵਿਚ ਹੋ ਸਕਦੀ ਹੈ। ਪੰਜਾਬੀ ਵਿਚ ਲਿਖਦਾ ਹੋਣ ਕਰਕੇ ਮੇਰੀ ਬਹੁਤ ਸਾਰੇ ਪੰਜਾਬੀ ਲੇਖਕਾਂ ਨਾਲ ਦੋਸਤੀ ਹੈ।ਪਿਛੇ ਜਹੇ ਮੈਂ ਅਮਰੀਕੀ ਨਾਟਕ **A Streetcar Named Desire** ਪੜ੍ਹਿਆ। ਇਕ ਫਰਮ ਵਿਚ ਕੰਮ ਕਰਦੇ ਕੁਝ ਆਦਮੀ ਸਾਡੇ ਜੱਟਾਂ ਵਾਂਗ ਇਕੱਲੇ ਸ਼ਰਾਬ ਪੀਂਦੇ ਹਨ, ਤਾਸ਼ ਖੇਡਦੇ ਹਨ, ਆਪਣੀਆਂ ਵਹੁਟੀਆਂ ਨੂੰ ਕੁਟਦੇ ਅਤੇ ਨਾਲੇ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ। ਜਦੋਂ ਇਕ ਆਦਮੀ ਨੂੰ ਪਤਾ ਲਗਦਾ ਹੈ ਕਿ ਉਸ ਦੀ ਸਾਲੀ ਮਾੜੇ ਚਾਲ ਚਲਣ ਦੀ ਹੈ ਤਾਂ ਉਹ ਇਹ ਗੱਲ ਅਗਾਂਹ ਦੱਸ ਕੇ ਉਸ ਦੀ ਆਪਣੇ ਬੇਲੀ ਨਾਲ ਮੰਗਣੀ ਹੋਣੋਂ ਰੋਕ ਦੇਂਦਾ ਹੈ। ਇਸ ਕੰਮ ਵਿਚ ਉਸ ਦੀ ਕੋਈ ਜ਼ੁਮੇਂਵਾਰੀ ਨਹੀਂ ਸੀ ਕਿਉਂਕਿ ਉਹ ਆਪ ਤਾਂ ਇਹ ਸਾਕ ਨਹੀਂ ਸੀ ਕਰਵਾ ਰਿਹਾ। ਪਰ ਉਹ ਕਹਿੰਦਾ ਹੈ ਕਿ ਹੁਣ ਜਦੋਂ ਮੈਨੂੰ ਇਸ ਗਲ ਦਾ ਪਤਾ ਲਗ ਗਿਆ ਹੈ ਤਾਂ ਜੇ ਮੈਂ ਉਸ ਨੂੰ ਨਾ ਦੱਸਾਂ ਤਾਂ ਮੈਂ ਸਾਰੀ ਉਮਰ ਉਸ ਦੇ ਸਾਹਮਣੇ ਸੱਚਾ ਨਹੀਂ ਹੋ ਸਕਦਾ। ਆਖਰ ਅਸੀਂ ਦੋਵੇਂ ਇਕੋ ਥਾਂ ਕੰਮ ਕਰਦੇ ਹਾਂ। ਕਿੱਤੇ ਤੋਂ ਬਿਨਾਂ ਖਿਆਲਾਂ ਦੀ ਸਾਂਝ ਵੀ ਇਕ ਤਗੜੀ ਸਾਂਝ ਹੈ। ਭਾਰਤ ਵਿਚ ਅਤੇ ਬਾਹਰ ਵੱਡੀਆਂ ਵੱਡੀਆਂ ਹੜਤਾਲਾਂ ਜਾਂ ਹੜਤਾਲਾਂ ਦੀਆਂ ਗੱਲਾਂ ਹੁੰਦੀਆਂ ਹਨ। ਕਈ ਲੋਕਾਂ ਦਾ ਖਿਆਲ ਹੈ ਕਿ 1956 ਵਿਚ ਜਿਹੜਾ ਪੰਜਾਬੀ ਸੂਬੇ ਲਈ ਸਿਖਾਂ ਦਾ ਜਲੂਸ ਨਿਕਲਿਆ ਓਡਾ ਜਲੂਸ ਭਾਰਤ ਦੇ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਨਿਕਲਿਆ ਹੋਣਾ, ਕੀ ਇਹ ਸਾਰੇ ਓਭੜ ਲੋਕਾਂ ਦੇ ਕੰਮ ਹਨ?

ਪਿੰਡਾਂ ਦਾ ਜੀਵਨ ਜਾਂ ਪਹਿਲੇ ਸਮੇਂ ਦਾ ਜੀਵਨ ਮੱਥੇ ਲਗਦੇ ਸਮਾਜ ਦਾ ਜੀਵਨ ਹੈ। ਤੁਸੀਂ ਕਿਸੇ ਕੋਲੋਂ ਬਿਨਾਂ ਉਸ ਨੂੰ ਪਹਿਚਾਣੇ ਜਾਂ ਗੱਲ ਕੀਤੇ ਨਹੀਂ ਲੰਘ ਸਕਦੇ। ਕੋਈ ਆਪਣੀ ਚਿਠੀ ਪੜ੍ਹ ਰਿਹਾ ਹੈ ਤਾਂ ਵੀ ਤੁਹਾਡਾ ਖਲੋ ਕੇ ਉਹ ਚਿਠੀ ਸੁਣਨੀ ਵਾਜਬ ਹੈ। ਸ਼ਹਿਰ ਵਿਚ ਇਹ ਬਹੁਤ ਵੱਡਾ ਐਬ ਸਮਝਿਆ ਜਾਵੇਗਾ। ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਪਹਿਲਾ ਸਮਾਜ ਬਹੁਤੇ ਪਿਆਰ ਵਾਲਾ ਜਾਂ ਆਮ ਲੋਕਾਂ ਵਿਚ ਬਹੁਤੀ ਦਿਲਚਸਪੀ ਵਾਲਾ ਸਮਾਜ ਸੀ। ਓਥੇ ਵੀ ਕਦੀ ਕਦੀ ਆਪਣੇ ਗਵਾਂਢੀਆਂ ਅਤੇ ਸਕਿਆਂ ਨੂੰ ਵਢ ਦੇਣ ਨੂੰ ਜੀਅ ਕਰਦਾ ਹੈ ਅਤੇ ਕਦੀ ਉਨ੍ਹਾਂ ਦੀ ਖਾਤਰ ਵਢੇ ਜਾਣ ਨੂੰ। ਇਹ ਦੋਵੇਂ ਜਜ਼ਬੇ ਨਾਲੋ ਨਾਲ ਹੀ ਪਲ ਰਹੇ ਹੁੰਦੇ ਹਨ। ਇਹ ਖਿਆਲ ਗਲਤ ਤੌਰ ਤੇ ਪਰਚਲਤ ਹੋਇਆ ਹੈ ਕਿ ਉਥੇ ਪਿਆਰ ਦੇ ਦਰਿਆ ਭਰ ਭਰ ਕੇ ਕੰਢਿਆਂ ਤੋਂ ਉਛਲਦੇ ਰਹਿੰਦੇ ਸਨ।

ਪੇਂਡੂ ਲੋਕ ਵੀ ਬਿਨਾਂ ਮਤਲਬ ਤੋਂ ਕਿਧਰੇ ਸਬੰਧ ਪੈਦਾ ਨਹੀਂ ਕਰਨਾ ਚਾਹੁੰਦੇ। ਜਿਸ ਚੌਗਿਰਦੇ ਨਾਲ ਉਨ੍ਹਾਂ ਦਾ ਸਿਧਾ ਵਾਸਤਾ ਨਾ ਹੋਵੇ ਉਥੇ ਉਹ ਵੀ ਓਭੜ ਬਣ ਜਾਂਦੇ ਹਨ। ਜਿਵੇਂ ਗੱਡੀ ਜਾਂ ਬੱਸ ਵਿਚ ਬੈਠੇ ਜਾਂ ਓਪਰੇ ਸ਼ਹਿਰ ਵਿਚ ਫਿਰਦੇ। ਕਹਿੰਦੇ ਹਨ ਦੋ ਘੜੀ ਵੇਲਾ ਟਪਾਣਾ ਹੈ, ਕਿਹੜਾ ਬਹਿ ਰਹਿਣਾ ਹੈ। ਝਟ ਕੁ ਔਖ ਸੌਖ ਕੱਟ ਲਵੋ। ਕਿਸੇ ਨਾਲ ਕਿਉਂ ਝਗੜਾ ਕਰਨਾ ਹੈ। ਕਿਸੇ ਗੱਲ ਵਿਚ ਕਿਉਂ ਆਉਣਾ ਹੈ। ਹਰ ਗੱਲ ਵਿਚ ਨੀਵੀਂ ਖਿਚਣ ਲਈ ਤਿਆਰ ਹੁੰਦੇ ਹਨ ਪਰ ਕਿਸੇ ਨਾਲ ਮੇਲ ਵਧਾਣ ਨੂੰ ਕਾਹਲੇ ਨਹੀਂ ਹੁੰਦੇ। ਆਪਣੀ ਜੂਹ ਜਾਂ ਵਾਕਫ਼ੀ ਦੇ ਘੇਰੇ ਵਿਚ ਅੱਪੜ ਕੇ ਉਹੋ ਆਦਮੀ ਹੋਰ ਦਾ ਹੋਰ ਹੋ ਜਾਂਦਾ ਹੈ।

ਦੂਜੇ ਪਾਸੇ ਸ਼ਹਿਰੀ ਵੀ ਦੂਜੇ ਲੋਕਾਂ ਦੇ ਸੁਖ ਤੋਂ ਅਵੇਸਲਾ ਨਹੀਂ ਹੁੰਦਾ। ਜਿਹੜੇ ਲੋਕ ਸ਼ਹਿਰ ਦੇ ਅੰਦਰ ਚਲਣ ਵਾਲੀਆਂ ਬੱਸਾਂ ਵਿਚ ਚੜ੍ਹੇ ਹਨ ਉਹ ਜਾਣਦੇ ਹਨ ਕਿ ਗਰਮੀਆਂ ਵਿਚ ਉਨ੍ਹਾਂ ਵਿਚ ਖਲੋ ਕੇ ਸਫਰ ਕਰਨਾ ਕਿਡਾ ਔਖਾ ਹੈ। ਹਵਾ ਨਹੀਂ ਲਗਦੀ ਅਤੇ ਭੀੜ ਹੋਣ ਕਰ ਕੇ ਮੁੜ੍ਹਕੇ ਭਿਜੇ ਪਿੰਡੇ ਨਾਲ ਘਸਰਦੇ ਹਨ। ਫਿਰ ਵੀ ਜਦੋਂ ਕਿਧਰੇ ਬੱਸ ਰੁਕਦੀ ਹੈ ਤਾਂ ਇਹ ਮੁੜ੍ਹਕੇ ਭਿਜੇ ਖੜੇ ਲੋਕ ਕਹਿੰਦੇ ਹਨ, 'ਨਾਲ ਨਾਲ ਹੋ ਜਾਵੋ, ਦੋ ਚਾਰ ਬੰਦੇ ਹੋਰ ਚੜ੍ਹ ਆਉਣਗੇ।' ਉਤੇ ਚੜ੍ਹਿਆਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਹੇਠਾਂ ਚੜ੍ਹਨ ਵਾਲੇ ਕੌਣ ਹਨ ਅਤੇ ਨਾ ਹੀ ਹੇਠਲਿਆਂ ਨੂੰ ਪਤਾ ਹੁੰਦਾ ਹੈ ਕਿ ਉਤੇ ਉਨ੍ਹਾਂ ਲਈ ਥਾਂ ਬਨਾਣ ਲਈ ਕੌਣ ਪਰਚਾਰ ਕਰ ਰਿਹਾ ਹੈ।

ਪੇਂਡੂ ਜੀਵਨ ਵਿਚ ਸਰੀਰਕ ਇਕੱਲ ਦੀ ਘਾਟ ਨਹੀਂ ਸੀ। ਪੁਰਾਣਾ ਜੀਵਨ ਕੇਵਲ ਇਕ ਛਿੰਝਾਂ ਮੇਲਿਆਂ ਦਾ ਹੀ ਜੀਵਨ ਨਹੀਂ ਸੀ। ਬਹੁਤੇ ਘਰਾਂ ਦਾ ਇਕੋ ਇਕ ਹਲ ਹੁੰਦਾ ਹੈ, ਹਲਾਂ ਦੇ ਮੌਸਮ (ਹਾੜ, ਸੌਣ, ਭਾਦੋਂ, ਅਸੂ ਆਦਿ) ਵਿਚ ਹਾਲੀ ਇਕੱਲਾ ਸਵੇਰੇ ਤਿੰਨ ਚਾਰ ਵਜੇ ਤੋਂ ਲੈ ਕੇ ਗਿਆਰਾਂ ਬਾਰਾਂ ਵਜੇ ਤਕ ਹਲ ਵਾਹੁੰਦਾ ਰਹਿੰਦਾ ਸੀ। ਇਸ ਸਮੇਂ ਵਿਚ ਸਵਾਏ ਰੋਟੀ ਲੈ ਕੇ ਆਈ ਵਹੁਟੀ ਜਾਂ ਕਿਸੇ ਬੱਚੇ ਤੋਂ ਉਹ ਕਿਸੇ ਮਨੁਖ ਨਾਲ ਕੋਈ ਗੱਲ ਨਹੀਂ ਕਰਦਾ। ਉਸ ਤੋਂ ਪਿਛੋਂ ਵੀ ਬਹੁਤਾ ਕੰਮ ਉਸ ਇਕੱਲੇ ਦਾ ਹੀ ਹੈ, ਇਹ ਵੱਖਰੀ ਗੱਲ ਹੈ ਕਿ ਉਸ ਦਾ ਆਪਣੇ ਕੰਮ ਵਿਚ ਜਾਂ ਆਲੇ ਦੁਆਲੇ ਵਿਚ ਜੀਅ ਬਹੁਤਾ ਲਗਦਾ ਹੋਵੇ। ਜਿਹੜੇ ਲੋਕ ਪਿੰਡ ਦੀ ਆਰਥਕਤਾ ਜਾਂ ਰਾਜਨੀਤੀ ਵਿਚ ਬਹੁਤਾ ਹਿੱਸਾ ਨਾ ਪਾ ਸਕਦੇ ਹੋਣ (ਜਿਵੇਂ ਅਣ-ਵਿਆਹੇ ਜਾਂ ਰੋਗੀ ਬੰਦੇ ਜਾਂ ਬੁਢੇ ਜਿਨ੍ਹਾਂ ਦੇ ਪੁਤਰਾਂ ਨੇ ਆਕੀ ਹੋ ਕੇ ਆਪ ਕੰਮ ਸੰਭਾਲ ਲਿਆ ਹੋਵੇ) ਉਹ ਵੀ ਉਸ ਇਕੱਲ ਦੀ ਮਾਰ ਹੇਠ ਆਏ ਹੁੰਦੇ ਸਨ। ਦੂਜੇ ਪਾਸੇ ਕਨਿੰਘਮ ਨੇ ਆਪਣੀ 'ਸਿਖਾਂ ਦਾ ਇਤਿਹਾਸ' ਪੁਸਤਕ ਵਿਚ ਇਕ ਸਿੰਘ ਨਾਲ ਮੇਲ ਦਾ ਜ਼ਿਕਰ ਕੀਤਾ ਹੈ ਜਿਹੜਾ ਕਈ ਮਹੀਨਿਆਂ ਤੋਂ ਬਿਲਕੁਲ ਇਕੱਲਾ ਹੀ ਪਹਾੜ ਵਿਚ ਲੋਕਾਂ ਦੇ ਲੰਘਣ ਲਈ ਇਕ ਸੜਕ ਬਣਾ ਰਿਹਾ ਸੀ। ਉਸ ਨੂੰ ਇਕੱਲ ਨਹੀਂ ਸੀ ਲਗਦਾ।

ਜਦੋਂ ਪਾਕਿਸਤਾਨੋਂ ਉਖੜ ਕੇ ਸਾਡੇ ਪਿੰਡਾਂ ਦੇ ਲੋਕ ਅੰਮ੍ਰਿਤਸਰ ਆਏ ਤਾਂ ਮੇਰਾ ਇਹ ਖਿਆਲ ਸੀ ਕਿ ਜਿਹੜਾ ਹੁਣ ਆਪਣੇ ਪਿੰਡ ਜਾਂ ਢਾਣੀ ਨਾਲੋਂ ਨਿਖੜ ਗਿਆ ਉਹ ਫਿਰ ਕਦੀ ਵੀ ਉਸ ਨੂੰ ਲਭ ਨਹੀਂ ਸਕੇਗਾ। ਜਿਹੜਾ ਇਕ ਵਾਰ ਕਿਸੇ ਹੋਰ ਜ਼ਿਲੇ ਦੇ ਪਿੰਡ ਵਿਚ ਬੈਠ ਗਿਆ, ਮੈਂ ਸੋਚਦਾ, ਉਸ ਦੀ ਕੋਈ ਉਘ ਸੁਘ ਕਿਸ ਤਰ੍ਹਾਂ ਨਿਕਲ ਸਕਦੀ ਹੈ, ਉਸ ਨੂੰ ਕਿਵੇਂ ਪਤਾ ਲਗੇਗਾ ਕਿ ਇਸ ਓਪਰੇ ਦੇਸ਼ ਵਿਚ ਦੂਜੇ ਲੋਕ ਕਿਥੇ ਬੈਠੇ ਹੋਏ ਹਨ। ਪਰ ਚਾਰ ਪੰਜ ਮਹੀਨੇ ਪਿਛੋਂ ਜਦੋਂ ਮੈਂ ਆ ਕੇ ਆਪਣੇ ਪਿੰਡ ਦੇ ਲੋਕਾਂ ਨੂੰ ਮਿਲਿਆ ਤਾਂ ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਹਰ ਇਕ ਨੂੰ ਆਪਣੇ ਪਿੰਡ ਦੇ ਲੋਕਾਂ ਦਾ ਤੇ ਕੀ, ਹੋਰ ਪਿੰਡਾਂ ਦੇ ਲੋਕਾਂ ਬਾਰੇ ਵੀ ਸਾਰਾ ਪਤਾ ਸੀ ਕਿ ਕਿਹੜਾ ਕਿਸ ਜ਼ਿਲੇ ਦੇ ਕਿਸ ਪਿੰਡ ਵਿਚ ਬੈਠਾ ਹੈ ਅਤੇ ਗੱਡੀ ਦਾ ਕਿਹੜਾ ਸਟੇਸ਼ਨ ਜਾਂ ਬੱਸ ਦਾ ਕਿਹੜਾ ਅੱਡਾ ਓਥੇ ਲਗਦਾ ਹੈ, ਜਿਨ੍ਹਾਂ ਜਾ ਕੇ ਉਹ ਥਾਂ ਨਹੀਂ ਵੇਖੇ ਸਨ ਉਨ੍ਹਾਂ ਵੀ ਬੜੇ ਧਿਆਨ ਨਾਲ ਉਸ ਬਾਰੇ ਸਾਰਾ ਕੁਝ ਸੁਣ ਕੇ ਗ੍ਰਹਿਣ ਕੀਤਾ ਹੋਇਆ ਸੀ। ਉਨ੍ਹਾਂ ਇਸ ਸਾਰੇ ਨਵੇਂ 'ਮਿਲੇ' ਇਲਾਕੇ ਨੂੰ ਬਚਿਆਂ ਵਰਗੀ ਦਿਲਚਸਪੀ ਨਾਲ ਜਾਣਿਆਂ ਅਤੇ ਘੋਖਿਆ ਸੀ ਅਤੇ ਇਸ ਦੀ ਕੋਈ ਗੁਠ ਉਨ੍ਹਾਂ ਤੋਂ ਛੁਪੀ ਹੋਈ ਨਹੀਂ ਸੀ। ਇਸ ਨਵੇਂ ਪੰਜਾਬ ਅਤੇ ਇਸ ਦੀਆਂ ਰਿਆਸਤਾਂ ਵਿਚ ਉਹ ਓਭੜ ਬਣ ਕੇ ਨਹੀਂ ਰਹਿਣਾ ਚਾਹੁੰਦੇ ਸਨ।

ਅਸਲ ਮਸਲਾ ਦੁਨੀਆਂ ਅਤੇ ਦੁਨੀਆਂ ਦੇ ਲੋਕਾਂ ਵਿਚ ਦਿਲਚਸਪੀ ਲੈਣ ਦਾ ਹੈ। ਜਿਸ ਦੇ ਮਨ ਵਿਚ ਬਹੁਤ ਸਾਰੇ ਖਿਆਲ ਹੋਣ ਅਤੇ ਉਨ੍ਹਾਂ ਖਿਆਲਾਂ ਨੂੰ ਜਾਂ ਦੁਨੀਆਂ ਨੂੰ ਮਨ ਚਾਹਿਤ ਸ਼ਕਲ ਦੇਣ ਦੀ ਇੱਛਾ ਹੋਵੇ ਉਹ ਕਦੀ ਵੀ ਓਭੜ ਜਾਂ ਇਕੱਲਾ ਅਨੁਭਵ ਨਹੀਂ ਕਰਦਾ। ਪਹਿਲਾਂ ਪਹਿਲਾਂ ਮੈਂ ਇਹ ਵੇਖ ਕੇ ਬਹੁਤ ਹੈਰਾਨ ਹੁੰਦਾ ਕਿ ਪ੍ਰੋਫੈਸਰ ਸੇਖੋਂ ਦੀ ਵੱਖ ਵੱਖ ਦੇਸਾਂ ਦੀ ਰਾਜਨੀਤੀ ਵਿਚ ਦਿਲਚਸਪੀ ਅਤੇ ਜਾਣਕਾਰੀ ਕਿੰਨੀ ਜ਼ਿਆਦਾ ਹੈ। ਫਿਰ ਮੈਨੂੰ ਖਿਆਲ ਆਇਆ ਕਿ ਇਹ ਉਨ੍ਹਾਂ ਦੀ ਕਮਿਊਨਿਸਟ ਪਾਰਟੀ ਨਾਲ ਸਾਂਝ ਕਰ ਕੇ ਹੈ। ਇਸ ਦਾ ਅਰਥ ਇਹ ਨਹੀਂ ਕਿ ਕਮਿਊਨਿਸਟ ਪਾਰਟੀ ਨਾਲ ਸਾਂਝ ਬਨਾਣਾ ਦੁਨੀਆਂ ਵਿਚ ਦਿਲਚਸਪੀ ਲੈਣ ਦਾ ਇਕੋ ਇਕ ਸਾਧਨ ਹੈ। ਅੰਗਰੇਜ਼ ਲਿਖਾਰੀ ਹੈਜ਼ਲਿਟ ਨੇ ਲਿਖਿਆ ਹੈ ਕਿ ਸਭ ਤੋਂ ਘੱਟ ਇਕੱਲ ਮੈਂ ਉਸ ਵੇਲੇ ਅਨੁਭਵ ਕਰਦਾ ਹਾਂ ਜਦੋਂ ਮੈਂ ਇਕੱਲਾ ਹੋਵਾਂ। ਉਸ ਵੇਲੇ ਉਸ ਨੂੰ ਆਪਣੇ ਖਿਆਲਾਂ ਨਾਲ ਜੂਝਣ ਦਾ ਮੌਕਾ ਮਿਲਦਾ ਸੀ।

ਸਾਹਿੱਤਕਾਰਾਂ ਦੀ ਇਕੱਲਤਾ ਉਨ੍ਹਾਂ ਦੀ ਅੰਦਰਲੀ ਹਉਮੈ ਕਰ ਕੇ ਹੈ। ਉਹ ਸਮਝਦੇ ਹਨ ਕਿ ਉਹ ਵੱਖਰੀ ਤਰ੍ਹਾਂ ਦੇ ਆਦਮੀ ਹਨ ਅਤੇ ਹੋਰ ਕੋਈ ਉਨ੍ਹਾਂ ਨੂੰ ਠੀਕ ਸਮਝ ਨਹੀਂ ਸਕਦਾ। ਉਨ੍ਹਾਂ ਨਾਲ ਕੋਈ ਗੱਲ ਕਰੇ ਵੀ ਤਾਂ ਉਹ ਲਤੀਫ਼ੇ ਬਾਜ਼ੀ ਦੀ ਪੱਧਰ ਉਤੇ ਰਹਿੰਦੀ ਹੈ। ਉਹ ਆਪਣੇ ਦਿਲ ਦੀ, ਆਪਣੇ ਕਿੱਤੇ ਦੀ, ਆਪਣੇ ਘਰ ਦੀ, ਆਪਣੇ ਪਲਣ ਪੋਸਣ ਦੀ ਗੱਲ ਘੱਟ ਕਰਦੇ ਹਨ। ਅਗਲੇ ਦਿਨ ਇਕ ਬੰਗਾਲੀ ਮੁੰਡਾ ਮੈਨੂੰ ਮਿਲਣ ਆਇਆ। ਇਕ ਦੋ ਗੱਲਾਂ ਪਿਛੋਂ ਮੈਂ ਇਕ ਦਮ ਕਿਹਾ, 'ਤੂੰ ਆਪਣੇ ਘਰ ਦੀਆਂ ਗੱਲਾਂ ਦੱਸ ਮੈਨੂੰ।' ਕਹਿਣ ਸਾਰ ਹੀ ਮੈਨੂੰ ਲਗਾ ਕਿ ਇਹ ਬੜੀ ਮੂਰਖਤਾ ਹੋਈ। ਪਰ ਉਸ ਤੋਂ ਪਿਛੋਂ ਗੱਲਬਾਤ ਬਹੁਤ ਗੂੜ੍ਹੀ ਹੋ ਗਈ ਅਤੇ ਲਾਹੇਵੰਦ ਵੀ। ਕਈ ਸਾਲ ਪਹਿਲਾਂ ਇਕ ਪੰਜਾਬੀ ਲੇਖਕ, ਜਿਹੜਾ ਅਧਿਆਪਕ ਵੀ ਸੀ, ਮੈਨੂੰ ਮਿਲਿਆ। ਮੈਨੂੰ ਹਿੰਦੀ ਪੰਜਾਬੀ ਵਿਚ ਨਵੀਂ ਚਲੀ ਪੜ੍ਹਾਈ ਵਿਚ ਬੜੀ ਦਿਲਚਸਪੀ ਸੀ। ਇਸ ਬਾਰੇ ਮੈਂ ਉਸ ਤੋਂ ਬਹੁਤ ਸਾਰੀਆਂ ਗੱਲਾਂ ਪੁਛੀਆਂ। ਅਖੀਰ ਉਹ ਅੱਕ ਗਿਆ ਅਤੇ ਕਹਿਣ ਲਗਾ, 'ਕੋਈ ਸਾਹਿਤ ਬਾਰੇ ਗੱਲ ਕਰ। ਇਹ ਕੀ ਲੈ ਬੈਠਾ ਹੈਂ।' ਸਾਹਿਤ ਬਾਰੇ ਮੈਨੂੰ ਕੋਈ ਗੱਲ ਕਰਨੀ ਨਹੀਂ ਆਉਂਦੀ ਸੀ; ਗੱਲਬਾਤ ਖਤਮ ਹੋ ਗਈ।

ਇਕ ਪਾਸੇ ਤਾਂ ਸਾਹਿਤਕਾਰ ਸਮਾਜ ਨਾਲ ਡਾਂਗੋ ਡਾਂਗੀ ਹੋਣ ਦਾ ਭੇਖ ਕਰ ਰਿਹਾ ਹੈ ਅਤੇ ਦੂਜੇ ਪਾਸੇ ਉਸ ਬਾਰੇ ਕੁਝ ਜਾਨਣਾ ਜਾਂ ਸੁਨਣਾ ਨਹੀਂ ਚਾਹੁੰਦਾ। ਆਪਣੀ ਬਾਹਰਲੀ ਸ਼ਕਲ ਵਿਚ, ਆਦਤਾਂ ਵਿਚ ਅਤੇ ਗੱਲਬਾਤ ਵਿਚ ਉਹ ਆਪਣੇ ਆਪ ਨੂੰ ਸਮਾਜ ਤੋਂ ਵੱਖ ਅਤੇ ਉਸ ਹਥੋਂ ਦੁਖਿਆ ਹੋਇਆ ਪਰਗਟ ਕਰਦਾ ਹੈ ਪਰ ਜਿਥੇ ਹੋਰ ਲੋਕ ਅਤੇ ਜਥੇਬੰਦੀਆਂ ਆਪਣੇ ਦੁਸ਼ਮਣ ਬਾਰੇ ਜਾਨਣ ਲਈ ਬੇਸ਼ੁਮਾਰ ਰੁਪਿਆ ਖਰਚ ਕਰਨ ਨੂੰ ਤਿਆਰ ਹਨ ਉਥੇ ਇਹ ਉਸ ਵਲ ਅੱਖ ਭਰ ਕੇ ਵੇਖਣਾ ਵੀ ਨਹੀਂ ਚਾਹੁੰਦਾ। ਵਧ ਰਹੀ ਸਾਇੰਸ ਦੀ ਸਹਾਇਤਾ ਨਾਲ ਦਿਨੋਂ ਦਿਨ ਬਦ-ਲਦੇ ਸਮਾਜ ਨੂੰ ਬੁਝ ਸਕਣਾ ਸੌਖਾ ਨਹੀਂ। ਪੀਅਰਜ਼ ਇਨਸਾਈਕਲੋਪੀਡੀਆ ਦੀ ਸੱਜਰੀ ਐਡੀਸ਼ਨ ਦੇ ਮੁਖ-ਬੰਦ ਵਿਚ ਲਿਖਿਆ ਹੈ ਕਿ ਇਹ ਕੋਈ ਨਹੀਂ ਦੱਸ ਸਕਦਾ ਕਿ ਪਿਛਲੇ ਪੰਦਰਾਂ ਸਾਲਾਂ ਵਿਚ ਪਛਮੀ ਦੇਸ਼ ਐਨੇ ਅਮੀਰ ਕਿਸ ਤਰ੍ਹਾਂ ਹੋ ਗਏ ਹਨ। ਪਰ ਇਸ ਦਾ ਮਤਲਬ ਇਹ ਹੈ ਕਿ ਅਸੀਂ ਇਸ ਕੰਮ ਵਿਚ ਹੋਰ ਵਧੇਰੀ ਦਿਲਚਸਪੀ ਲਈਏ ਅਤੇ ਮਿਹਨਤ ਕਰੀਏ ਨਾ ਕਿ ਇਹ ਕਿ ਲੁਕ ਕੇ ਇਸ ਨੂੰ ਗਾਲਾਂ ਕਢਣ ਉਤੇ ਹੀ ਸਬਰ ਕਰ ਛਡੀਏ ਅਤੇ ਫਿਰ ਇਹ ਸ਼ਕਾਇਤ ਕਰੀਏ ਕਿ ਸਾਡਾ ਜੀਅ ਨਹੀਂ ਲਗਦਾ।

———

ਕੁਰਸੀ ਦੌੜਵਾਨਾਂ ਦਾ ਚਿੱਤਰ

ਤ੍ਰੈਲੋਚਨ

ਘੋੜੇ ਦੀ ਸੁੰਮ ਹਥੇਲੀਆਂ ਤੇ ਜੜ
ਤੁਰੇ ਨੇ ਕੁੱਝ ਅਖਬਾਰ ਨਵੀਸ
ਇਨਾਮੀਅਤ ਰੁਚੀ ਨਾਲ
ਅਗਜ਼ੈਜਰੇਸ਼ਨ ਲਈ ਨਵੇਂ ਸ਼ਬਦ ਖੋਜਣ—

ਤੇ ਕੁਝ ਰਾਜਨੀਤਕ ਗੁੱਟ
ਹਫ ਰਹੇ ਨੇ ਕੁਰਸੀ ਦੌੜ 'ਚ
ਕੁਰਸੀ ਸੰਭਾਲਣ ਦੇ ਚੱਕਰ 'ਚ—

ਤੇ ਕੁੱਝ ਹੋਰ ਨੇ
ਜੋ ਜੇਲ੍ਹਾਂ 'ਚ ਡੱਕ ਦਿੱਤੇ ਜਾਂਦੇ ਨੇ
ਹਰ ਤੀਜੇ ਦਿਨ
ਤੇ ਉਨ੍ਹਾਂ ਦੀਆਂ ਰਗਾਂ ਵਿਚਲੀ ਲਾਲ ਰੰਗਤ
ਮਾਫਕ ਨਹੀਂ ਮੇਰੇ ਦੇਸ਼ ਨੂੰ
ਮਾਫਕ ਨਹੀਂ ਉਨ੍ਹਾਂ ਨੂੰ
ਜਿਨ੍ਹਾਂ ਨੂੰ ਕੁਰਸੀ ਦੌੜ 'ਚ
ਕੁਰਸੀ ਖੁੱਸ ਜਾਣ ਦਾ ਡਰ ਹੈ ।

ਤੇ ਇਕ ਮੈਂ ਹਾਂ ਜਿਸਨੇ
ਘੋੜੇ ਦੀ ਸੁੰਮ, ਘੋੜ ਦੌੜ ਤੇ ਕੁਰਸੀ ਦੌੜ 'ਚ
ਜਦ ਕਦੇ ਵੀ ਅੰਤਰ ਕਰ ਚਾਹਿਆ ਹੈ
ਕਿਸੇ ਕੈਨਵੱਸ ਤੇ ਵਾਹੁਣਾ
ਵੀਅਤਨਾਮੀ ਮਾਂ ਦੀ ਹਿੱਕ 'ਚੋਂ
ਲੋਹ ਕਣੀ-ਮਿਸ਼ਰਤ ਦੁੱਧ ਚੁੰਘਦੇ ਬੱਚੇ ਦਾ ਚਿੱਤਰ
ਜਾਂ ਬੰਬ ਦੇ ਮੂੰਹ 'ਚ ਖਿੜ ਖਿੜ ਹੱਸਦੇ
ਝੁਲਸੇ ਜਾ ਰਹੇ ਨੌਂ ਵਰਸ਼ੇ ਬੱਚੇ ਦਾ ਚਿੱਤਰ

ਜਾਂ ਕਦੇ ਅਮਰੀਕਨ ਮਾਂ ਦੇ ਮੂੰਹ 'ਚ
ਜ਼ਬਰਦਸਤੀ ਧੱਕੇ ਜਾ ਰਹੇ
ਵੀਅਤਨਾਮੀ ਬੱਚਿਆਂ ਦਾ ਸ਼ੋਰਬਾ
ਜਾਂ ਝੁਲਸੇ ਜਾ ਰਹੇ ਹਰੇ ਕਚੂਰ ਫਸਲਾਂ ਦੇ ਖੇਤ

ਤਦ ਮੇਰੇ ਬਾਪ ਵਾਂਗ ਮੇਰੇ ਵੀ ਹੱਥ ਕੱਟ ਕੇ
ਤੋੜ ਦਿੱਤਾ ਗਆ ਹੈ ਬੁਰਸ਼, ਜਲਾ ਦਿੱਤੀ ਗਈ ਹੈ ਕੈਨਵੱਸ—
ਤੇ ਕਟੇ ਹੱਥਾਂ ਖੂਨ ਚਿਹਰੇ ਤੇ ਮਲ, ਧਰਤੀ ਤੇ ਸੁੱਟ
ਅਪਣੇ ਦੇਸ਼ ਦੇ ਲੋਕਾਂ ਵਲ ਵਧਾ—ਮੈ ਦੁਆ ਮੰਗਦਾ ਹਾਂ

ਵਗਦਾ ਰਹੇ ਮੇਰੇ ਹੱਥਾਂ ਦਾ ਖੂਨ
ਤਾਂ ਕਿ ਮੈਂ ਸੰਪੂਰਨ ਕਰ ਲਵਾਂ
"ਕੁਰਸੀ ਦੋੜਵਾਨਾਂ ਦਾ ਅਸਲ ਰੂਪ"
ਨਾਮੀ ਅਧੂਰਾ ਚਿੱਤਰ.........
......ਤੇ ਹਰ ਦਿਵਾਰ ਤੇ ਵਾਹ ਦਿਆਂ
"ਕੁਰਸੀ ਦੋੜਵਾਨਾਂ ਦੀ ਮੋਈ ਜ਼ਮੀਰ
'ਤੇ ਕੁੱਤੇ ਪਿਸ਼ਾਬ ਕਰਦੇ ਨੇ"
ਨਾਮੀ ਆਖਰੀ ਚਿੱਤਰ-ਆਖਰੀ ਚਿੱਤਰ...ਆ...!

—0—

ਜਾ
ਦੂ
ਗਰ

ਕਸ਼ਮੀਰ ਕਾਦਰ

ਭੁੱਖੇ ਲੋਕੋ ! ਮੈਂ ਤੁਹਾਡੇ ਸ਼ਹਿਰ ਦੇ ਅੰਦਰ
ਨਵਾਂ ਮਦਾਰੀ ਆਇਆ ਹਾਂ ।

ਮੇਰਾ ਕੰਮ ਤਮਾਸ਼ਾ ਕਰਨਾ ।
ਮੈਂ ਇੱਕ ਜਾਦੂਗਰ ਵੀ ਹਾਂ ।

ਮੇਰਾ 'ਖੇਲ' ਅਜੀਬ ਕਿਸਮ ਦਾ !
ਹੱਥ 'ਚ ਮੇਰੇ ਡੁਗਡੁਗੀ ਨਹੀਂ ।
ਕੋਲ ਮੇਰੇ ਕੋਈ ਬਾਂਦਰ ਵੀ ਨਹੀਂ ।
ਖੇਲ ਵਿਖਾ ਕੇ ਪੈਸੇ ਮੰਗਣੇ ਕੰਮ ਨਾ ਮੇਰਾ ।

ਖੇਲ ਮੈਂਡੜਾ
ਇੱਕ ਬੱਚੇ ਸੰਗ ਹੋਵੇਗਾ
ਬੱਚਾ-ਜਿਸਨੇ ਰੱਜ ਕੇ ਰੋਟੀ ਖਾਧੀ ਹੋਵੇ ।
ਉਹ ਬੱਚਾ ਹੈ ਤੁਸਾਂ ਹੀ ਮੈਨੂੰ ਦੇਵਣਾ ।

ਸਭ ਤੋਂ ਪਹਿਲਾਂ ਮੈਂ ਬੱਚੇ ਨੂੰ
ਕੋਲ ਆਪਣੇ ਸੱਦਾਂਗਾ ।
ਫਿਰ ਮੈਂ ਇਕ ਤਲਵਾਰ ਮੰਗਾ ਕੇ
ਉਸ ਬੱਚੇ ਨੂੰ ਵੱਢਾਂਗਾ ।

ਧੜ ਤੇ ਗਰਦਨ ਉਸ ਬੱਚੇ ਦੀ
ਦੋ ਹਿੱਸੇ ਕਰ ਦੇਵਾਂਗਾ
ਘਬਰਾਣਾ ਨਾ ਜ਼ਖ਼ਮ ਜੇ ਹੋ ਜਾਏ
ਉਸੇ ਵੇਲੇ ਹੀ ਜ਼ਖ਼ਮਾਂ ਨੂੰ ਭਰ ਦੇਵਾਂਗਾ ।

ਬਾਦ ਏਸ ਤੋਂ ਉਸ ਬੱਚੇ ਦੇ
ਨਿੱਕੇ ਨਿੱਕੇ ਟੁੱਕ ਕਰਾਂਗਾ
ਟੁਕੜੇ ਫਿਰ ਉਹ
ਧਰਤੀ ਵਿੱਚ ਦੱਬ ਦੇਵਾਂਗਾ ।

ਭੁੱਖੇ ਲੋਕੋ ਖੇਲ ਮੇਰਾ ਫਿਰ
ਵੇਖਣ ਵਾਲਾ ਹੋਵੇਗਾ ।
ਜਿਸ ਥਾਂ ਆਪਾਂ
ਉਸ ਬੱਚੇ ਨੂੰ ਦੱਬਿਆ ਸੀ
ਉਸ ਥਾਂ ਤੋਂ ਫਿਰ ਅਜਬ ਕਿਸਮ ਦੇ
ਕੁਝ ਫੁਹਾਰੇ ਫੁੱਟਣਗੇ
ਉਹੋ ਫੁਹਾਰੇ ਧਰਤੀ ਵਿਚੋਂ
ਖਾਣ ਪੀਣ ਦੀਆਂ ਵਸਤਾਂ
ਬਾਹਰ ਸੁਟਣਗੇ ।
ਕਦੇ ਜਿਹੜੀਆਂ ਤੁਹਾਥੋਂ ਸਨ ਲੁਕਾਈਆਂ ਗਈਆਂ
ਮੇਰਾ ਨਾਂ ਵੀ "ਜਾਦੂਗਰ" ਨਹੀਂ
ਜੇ ਨਾ ਤੁਹਾਨੂੰ ਖੁਆਈਆਂ ਗਈਆਂ ।

ਬਾਦ ਏਸ ਤੋਂ ਭੈਣੋ ਵੀਰੋ ।
ਜਿਹੜਾ ਬੱਚਾ ਧਰਤੀ ਦੇ ਵਿੱਚ ਦੱਬਿਆ ਸੀ
ਵੇਖੋਗੇ ਕਿ ਉਹ ਵੀ ਨਿਕਲ ਆਏਗਾ ।
ਚਿਹਰੇ ਉਸਦੇ ਤੇ ਮਾਯੂਸੀ ਨਹੀਂ ਹੋਵੇਗੀ
ਵੇਖੋਗੇ ਕਿ ਫੁੱਲ ਜਿਉਂ ਮੁਸਕਾਏਗਾ ।
ਸਦੀਆਂ ਬੱਧੀ, ਸੌਂਹ ਖਾਂਦਾ ਹਾਂ
ਫੁੱਲ ਨਾ ਉਹ ਮੁਰਝਾਏਗਾ ।

ਛੇਤੀ ਛੇਤੀ ਕਰੋ ਦੋਸਤੋ
ਰੱਜਿਆ ਹੋਇਆ ਬੱਚਾ ਲਿਆਉ ।

ਕੀ ਕਹਿੰਦੇ ਹੋ......
ਪਾਸ ਤੁਹਾਡੇ ਕੋਈ ਵੀ ਐਸਾ ਬੱਚਾ ਨਹੀਂ ਹੈ ?......
ਹੱਦ ਹੋ ਗਈ !!
ਅਜਬ ਸ਼ਹਿਰ ਹੈ !!!

———

ਪੰਜਾਬੀ ਸਾਹਿੱਤ ਦਾ ਸ਼ਿਲਾਜੀਤ ਸੰਤ ਸਿੰਘ ਸੇਖੋਂ

ਦਿਓਲ

ਅਪਰੈਲ ਦਾ ਆਖਰੀ ਹਫਤਾ ਸੀ । ਪ੍ਰਿੰ: ਸੰਤ ਸਿੰਘ ਸੇਖੋਂ ਨੂੰ ਉਦੋਂ ਕੋਈ ਛੁਟੀਆਂ ਸਨ ਸ਼ਾਇਦ । ਲੁਧਿਆਣੇ, ਉਹਨਾਂ ਦੇ ਘਰ ਮੈਂ ਉਹਨਾਂ ਨੂੰ ਮਿਲਣ ਲਈ ਚਲਾ ਗਿਆ । ਮਾਡਲ ਟਾਊਨ ਦੀ ਲਾਲ ਕੋਠੀ ਦੇ ਨੇੜੇ ਕਰ ਕੇ, ਆਪਣੇ ਅਧੂਰੇ ਮਕਾਨ ਦੇ ਇਕ ਖੁਲ੍ਹੇ ਕਮਰੇ ਵਿਚ ਸੇਖੋਂ, ਆਪਣੀ ਪੂਰਨ ਸ਼ਖਸੀਅਤ ਲਈ ਮੰਜੇ ਉਤੇ ਅੱਧਲੇਟਿਆ ਅਖਬਾਰ ਪੜ੍ਹ ਰਿਹਾ ਸੀ । ਸੇਖੋਂ ਦੀ ਖਿੰਡੀ ਦਾਹੜੀ ਵਾਂਗ ਹੀ ਉਹਦੇ ਕਮਰੇ ਵਿੱਚ ਕਤਾਬਾਂ ਵੀ ਥਾਂ ਕੁ ਥਾਂ ਖਿੰਡੀਆਂ ਪਈਆਂ ਸਨ । ਕਿਤਾਬਾਂ ਅਤੇ ਦਾਹੜੀ ਵਾਂਗ ਹੀ ਉਹਦੀਆਂ ਸੋਚਾਂ ਵੀ ਬਹੁਤ ਸਾਰੇ ਕੰਮਾਂ ਵਿਚ ਖਿੰਡੀਆਂ ਹੋਈਆਂ ਸਨ । ਇਹਨਾਂ ਖਿੰਡੀਆਂ ਸੋਚਾਂ ਨੂੰ ਸੇਖੋਂ ਇਕ ਬਿੰਦੂ ਉੱਤੇ ਕੇਂਦਰਤ ਕਰਨ ਦਾ ਯਤਨ ਕਰ ਰਿਹਾ ਸੀ । ਬਿੰਦੂ ਸੀ, 'ਟੈਗੋਰ' ਉੱਤੇ ਇੱਕ ਲੇਖ ਲਿਖਣਾ । ਇਹ ਲੇਖ ਕਿਸੇ ਸਾਹਿੱਤਕ ਸੰਗਮ ਯਾ ਸੰਸਥਾ ਵਲੋਂ ਸ਼ਾਇਦ ਲਿਖਵਾਇਆ ਜਾ ਰਿਹਾ ਸੀ ।

ਸ਼ਾਇਦ ਇਹੋ ਕਾਰਨ ਸੀ, ਸੇਖੋਂ ਨੇ ਉਦੋਂ ਮੇਰੇ ਨਾਲ ਗੱਲਬਾਤ ਵਿੱਚ ਬਹੁਤ ਘੱਟ ਸ਼ਬਦ ਵਰਤੇ । ਪਰ ਜਿੰਨੇ ਸ਼ਬਦ ਵੀ ਵਰਤੇ, ਮੈਨੂੰ ਇੰਜ ਜਾਪਿਆ ਜਿਵੇਂ ਕਿਸੇ ਗੁੰਬਦ ਵਿਚੋਂ ਮਸੀਂ ਜਹੇ ਘੁੰਮਦੇ ਬਾਹਰ ਨਿਕਲੇ ਹੋਣ ।

......ਗੱਲ ਮਨੁੱਖ ਦੇ ਮਾਨਸਿਕ ਖਿਲਾਅ ਉੱਤੇ ਆ ਟਿਕੀ । ਸੇਖੋਂ ਨੇ ਕਿਹਾ, "ਇਹ ਖਿਲਾਅ ਹੀ ਹੈ ਜਿਹੜਾ ਸਾਨੂੰ ਭਰਪੂਰ ਹੋਣ ਦੇ ਵਿੱਚ ਨਿੱਤ ਅਗਾਂਹ ਵੱਲ ਖਿਚੀਂ ਲਈ ਜਾ ਰਿਹਾ ਹੈ ।"

"ਬੜੀ ਵਾਰੀ ਇੰਜ ਲਗਦਾ ਹੈ, ਜਿਵੇਂ ਅਸੀਂ ਆਪਣੇ ਅੰਦਰ ਦੀ ਗੱਲ ਨਹੀਂ ਜਾਣਦੇ ਹੁੰਦੇ । ਆਪਣਾ ਆਪ ਹੀ ਸਾਡੇ ਲਈ ਅਜਨਬੀ ਹੋ ਜਾਂਦਾ ਹੈ ?" ਮੇਰਾ ਸ਼ੰਕਾ ਸੀ ।

ਸੇਖੋਂ ਨੇ ਉੱਤਰ ਵਿੱਚ ਆਪਣੀ ਇੱਕ ਕਵਿਤਾ ਸੁਣਾਈ, ਜਿਸ ਦਾ ਭਾਵ ਅਰਥ ਕੁਝ ਇੰਝ ਦਾ ਸੀ । 'ਮੇਰੀ ਮਹਿਬੂਬ ! ਮੈਂ ਆਪਣੇ ਆਪ ਨੂੰ ਹੀ ਅਜੇ ਪੂਰਣ ਭਾਂਤ ਨਹੀਂ ਜਾਣ ਸਕਿਆ, ਤੈਨੂੰ ਸਾਰੀ ਨੂੰ ਕਿਵੇਂ ਜਾਣ ਸਕਦਾ ਹਾਂ !'

ਤੇ ਮੈਨੂੰ ਲੱਗਾ, ਜਿਵੇਂ ਏਸ ਸਰਬ ਗਿਆਨੀ ਲਈ ਅਜੇ ਹੋਰ ਕਿੰਨਾ ਕੁਝ ਜਾਨਣਾ ਬਾਕੀ ਹੈ ।

ਸੇਖੋਂ ਦੇ ਮੱਥੇ ਦੀਆਂ ਰੇਖਾਵਾਂ ਕੁਝ ਵਧੇਰੇ ਡੂੰਘੀਆਂ ਹੋ ਗਈਆਂ ਸਨ, ਜਿਸ ਤੋਂ ਸਪਸ਼ਟ

ਸੀ ਕਿ ਸੇਖੋਂ ਦੇ ਧੁਰ ਅੰਦਰ ਵਿੱਚ ਇੱਕ ਵੇਦਨਾ ਯਥਾਰਥ ਨਾਲ ਘੁਲਦੀ ਪਈ ਹੈ ।

ਸਖਤ ਕਿਸਮ ਦੇ ਪੱਥਰ ਦੀ ਚਟਾਨ ਵਰਗੇ ਯਥਾਰਥ ਵਿੱਚ ਇੱਕ ਤਰੇੜ ਪੈਂਦੀ ਪਈ ਸੀ । ਇੱਕ ਵੇਦਨਾ ਦਾ ਤਰਲ ਅਤੇ ਗਾੜ੍ਹਾ ਪਦਾਰਥ ਟਿਪਕਣ ਲੱਗ ਪਿਆ ਸੀ । ਸੇਖੋਂ ਦਾ ਇੱਕ ਕੋਈ ਰਿਸ਼ਤੇਦਾਰ ਹਸਪਤਾਲ ਵਿੱਚ ਬੀਮਾਰ ਪਿਆ ਸੀ । ਸੇਖੋਂ ਦੀ ਭੈਣ ਦੀ ਪਿਛਲੇ ਦਿਨੀਂ ਮ੍ਰਿਤੂ ਹੋ ਚੁੱਕੀ ਸੀ । ਉਹਦੇ ਬਿਮਾਰ ਸ਼ਕੀਰੀਦਾਰ ਦੀ ਖਬਰ ਲੈਣ ਜਾਣ ਜੋਗੀ ਉਹਦੇ ਕੋਲ ਵਿਹਲ ਨਹੀਂ ਸੀ ਤੇ ਹੋਰ ਕਿੰਨਾ ਕੁਝ ਕਰਨ ਦੀ ਉਹਨੂੰ ਵਿਹਲ ਨਹੀਂ ਸੀ ਮਿਲਦੀ । ਮੇਰੀ ਸਮਝ ਵਿੱਚ ਆਇਆ ਕਿ ਝੋਰਾ ਉਹਨੂੰ ਇਹ ਨਹੀਂ ਸੀ ਕਿ ਇਹ ਸਭ ਕੁਝ ਕਰ ਸਕਣ ਦੀ ਵਿਹਲ ਉਹਨੂੰ ਨਹੀਂ ਮਿਲਦੀ । ਝੋਰਾ ਉਹਨੂੰ ਇਹ ਸੀ ਕਿ ਇਹ 'ਸਭ ਕੁਝ' ਦਾ ਭਵ-ਸਾਗਰ ਤਰ ਜਾਣ ਦੀ ਦਲੇਰੀ ਦੇ ਸਕਣ ਵਾਲੀ ਉਹਦੀ ਭੈਣ ਹੁਣ ਨਹੀਂ ਸੀ ਰਹੀ ਅਤੇ ਨਾ ਹੀ ਦਲੇਰੀ ਦੀ ਸ਼ਕਤੀ ਦੀ ਪ੍ਰਤੀਕ 'ਪੇਮੀ' ਹੀ ਇਸ ਜ਼ਿੰਦਗੀ ਵਿੱਚ ਰਹੀ ਸੀ । ਮੈਨੂੰ ਜਾਪਿਆ, ਹਰ ਸਮੇਂ ਮਨੁੱਖ ਨੂੰ ਕਿਸੇ 'ਪੇਮੀ' ਦੀ ਲੋੜ ਹੈ, ਜਿਸਦਾ ਨਿਆਣਾ ਬਣ ਕੇ ਉਹ ਹਰ ਸਮੇਂ ਨਿਸ਼ਚਿੰਤ ਸਭ ਕੁਝ ਕਰਦਾ ਤੁਰਿਆ ਜਾਵੇ । ਹਰ ਸਮੇਂ ਤੇ ਹਰ ਉਮਰ ਵਿੱਚ ਇਸ 'ਪੇਮੀ' ਦੀ ਚੇਤਨਾ ਮਨ ਵਿੱਚ ਜਗਾ ਸਕਣ ਵਾਲੀ ਭੈਣ, ਪਤਨੀ, ਦੋਸਤ, ਮਹਿਬੂਬਾ ਦੇ ਰੂਪ ਵਿਚ ਇਕ ਔਰਤ ਦੀ ਮਨੁੱਖ ਨੂੰ ਲੋੜ ਹੈ । ਇਕ ਔਰਤ ਦੀ, ਇੱਕ ਪਰੇਰਣਾ ਦੀ । ਇੱਕ ਬੋਝ ਦੀ ਨਹੀਂ ! ਬੋਝ ਤੇ ਉਂਜ ਹੀ ਹਰ ਚਿੰਤਕ ਆਪਣੇ ਉੱਤੇ ਬਥੇਰੇ ਲੱਦ ਲੈਂਦਾ ਹੈ ।

ਤੇ ਅੱਜ ਇਕੱਲਾ ਸੇਖੋਂ, ਚਿੰਤਕ ਮਨ ਦੀ ਵੇਦਨਾ ਨਾਲ ਘੁਲਦਾ ਟੈਗੋਰ ਉੱਤੇ ਇੱਕ ਲੇਖ ਲਿਖ ਸਕਣ ਲਈ ਆਪਣੇ ਮਨ ਨੂੰ ਇਕਾਗਰ ਕਰ ਰਿਹਾ ਸੀ ।

ਸੇਖੋਂ ਦੀਆਂ ਕਹਾਣੀਆਂ ਅਤੇ ਨਾਟਕ ਪੜ੍ਹ ਕੇ ਜੋ ਪਰਭਾਵ ਉਹਨਾਂ ਦਾ ਮੇਰੇ ਮਨ ਵਿੱਚ ਬਣ ਚੁੱਕਾ ਸੀ, ਇੱਕ ਦਿਨ ਇੱਕਾ ਇੱਕ ਉਸ ਵਿੱਚ ਇੱਕ ਹੋਰ ਰੰਗ ਆ ਘੁਲਿਆ । ਸੇਖੋਂ ਦੀ ਇੱਕ ਕਵਿਤਾ ਉਹਨੀਂ ਦਿਨੀਂ 'ਪੰਜ ਦਰਿਆ' ਵਿੱਚ ਮੋਹਨ ਸਿੰਘ ਨੇ ਛਾਪੀ ਸੀ । ਕਵਿਤਾ ਦੀਆਂ ਦੋ ਲਾਈਨਾਂ ਮੈਨੂੰ ਇੰਜ ਫੜ ਕੇ ਬਹਿ ਗਈਆਂ ਕਿ ਅੱਜ ਵੀ ਉਹ ਰੰਗ ਜਿਉਂ ਦਾ ਤਿਉਂ ਕਾਇਮ ਹੈ :—

"ਇਸ਼ਕ ਸਾਨੂੰ ਅੱਗ ਲਾ ਕੇ ਫੂਕਣਾ
ਜੱਗ ਸਾਨੂੰ ਛੱਜ ਪਾ ਕੇ ਛੱਟਣਾ ।"

ਇੰਜ ਦਾ ਇਹ ਤਰਲ ਪਦਾਰਥ, ਕੇਹੀ ਗਰਮੀ ਦੀ ਤਪਸ਼ ਨਾਲ ਪੰਘਰ ਕੇ ਫੁੱਟਦਾ ਹੋਵੇਗਾ ? ਇਸ ਨੂੰ ਸੇਖੋਂ ਦਾ ਮਨ ਹੀ ਜਾਣ ਸਕਦਾ ਹੈ । ਸੇਖੋਂ ਦਾ ਮਨ ਜਿਹੜਾ ਸਦਾ ਉਹਦੀ ਬੁੱਧੀ ਦੇ ਭਾਰ ਹੇਠਾਂ ਦੱਬਿਆ ਰਹਿੰਦਾ ਹੈ । ਧਰਮ, ਸਿਆਸਤ ਦੀਆਂ ਸਖਤ ਚਟਾਨਾਂ ਨਾਲ ਟਕਰਾਂਦਾ ਇਹ ਚਿੰਤਕ ਕਦੇ ਕਦੇ ਸਭਯਾਚਾਰ ਬਣ ਕੇ ਬਹੁਤ ਥੋੜ੍ਹੀ ਮਾਤ੍ਰਾ, ਪਰ ਬਹੁਤ ਸ਼ਕਤੀ ਸ਼ਾਲੀ ਅਤੇ ਤਰਲ ਰੂਪ ਵਿੱਚ ਫੁੱਟ ਪੈਂਦਾ ਹੈ । ਠੀਕ ਓਵੇਂ, ਜਿਵੇਂ ਸਖਤ ਚਟਾਨਾਂ ਵਾਲੇ ਪਹਾੜਾਂ ਦੀ ਵੱਖੀ ਵਿਚੋਂ ਸ਼ਿਲਾਜੀਤ ਨਾਂ ਦਾ ਇੱਕ ਸਾਂਵਲੇ ਰੰਗ ਦਾ ਗਾਹੜਾ ਤਰਲ ਪਦਾਰਥ ਫੁੱਟ ਪੈਂਦਾ ਹੈ ।

ਸੇਖੋਂ ਜੱਟ ਹੈ, ਜਟਕਾ ਸੁਭਾਅ ਉਹਦਾ ਸਾਹਿਤ ਵਿੱਚ ਵੀ ਬਣਿਆ ਰਿਹਾ ਹੈ । ਥੋੜੇ

ਸ਼ਬਦਾਂ ਵਿੱਚ ਸਾਫ ਸੱਚੀ ਤੇ ਸਿੱਧੀ ਗੱਲ ਕਹਿ ਦੇਣੀ । ਵਿਚਾਰ ਦੀ ਸਚਾਈ ਅਨੁਭਵ ਕਰਨਾ ਤੇ ਉਸ ਅਨੁਭਵ ਨੂੰ ਉਸੇ ਸਚਾਈ ਨਾਲ ਵਿਅਕਤ ਕਰ ਦੇਣਾ । ਬਿਨਾਂ ਕਿਸੇ ਲੋਭ ਲਾਲਚ ਤੋਂ । ਵਿਆਗਪਨਬਾਜ਼ੀ ਤੋਂ ਖਾਲੀ । ਜੱਟ ਬੀ ਬੀਜਣ ਤੋਂ ਪਹਿਲਾਂ ਖੇਤ ਦੀ ਬਹਾਈ ਚੰਗੀ ਤਰ੍ਹਾਂ ਕਰਦਾ ਹੈ । ਫੇਰ ਬੀਜਦਾ ਥੋੜ੍ਹਾ ਹੈ । ਉਹਦੀ ਪਾਲਣਾ ਚੰਗੀ ਤਰ੍ਹਾਂ ਕਰਦਾ ਹੈ । ਸੇਖੋਂ ਇਸ ਉੱਤੇ ਦ੍ਰਿੜ੍ਹ ਹੈ।

ਸ਼ਿਲਾਜੀਤ ਨੂੰ ਹਕੀਮ ਲੋਕ ਸ਼ੁਧ ਕਰ ਕੇ ਕਮਰ ਮਜ਼ਬੂਤ ਕਰਨ ਲਈ ਖਾਣ ਨੂੰ ਦਿੰਦੇ ਹਨ । ਸ਼ਾਇਦ ਇਹ ਤਾਂ ਕਮਰ ਤਕੜੀ ਕਰਨ ਵਾਲਿਆਂ ਨੂੰ ਪਤਾ ਹੋਵੇਗਾ । ਪਰ ਇਹ ਸਹੀ ਹੈ ਕਿ ਸੇਖੋਂ ਨੇ ਜਿਹੜੀ ਮਜ਼ਬੂਤੀ ਪੰਜਾਬੀ ਸਾਹਿਤ ਦੀ ਰੀੜ੍ਹ ਦੀ ਹੱਡੀ ਨੂੰ ਦਿੱਤੀ ਹੈ, ਉਸ ਵਿੱਚ ਕਦੇ ਕੋਈ ਕਮਜ਼ੋਰੀ ਨਹੀਂ ਆ ਸਕਦੀ । ਹੋ ਸਕਦਾ ਹੈ ਪੰਜਾਬੀ ਸਾਹਿਤ ਦਾ ਦਿਮਾਗ ਸਮੇਂ ਦੇ ਅਸਰਾਂ ਹੇਠਾਂ ਆ ਕੇ ਕਿਸੇ ਪਾਸੇ ਘੁੰਮ ਜਾਵੇ । ਪਰ ਇਹ ਜਾਨਦਾਰ ਰਹੇਗਾ ।

ਅੱਜ ਦੇ ਅਸਰ ਹੇਠਾਂ, ਕਵਿਤਾ ਛਾਤੀ ਵਿਚੋਂ ਉੱਠ ਕੇ, ਰੁਖਸਾਰਾਂ ਉੱਤੋਂ ਹੁੰਦੀ ਹੋਈ, ਦਿਮਾਗ ਵਿਚ ਜਾ ਬੈਠੀ ਹੈ ਤੇ ਵਾਰਤਕ ਬੁੱਧੀ ਵਿੱਚੋਂ ਉੱਤਰ, ਔਰਤ ਦੀਆਂ ਛਾਤੀਆਂ ਨੂੰ ਲਤਾੜਦੀ ਨਿਤੰਬਾਂ ਉੱਤੋਂ ਹੁੰਦੀ, ਪੱਟਾਂ ਦੁਆਲੇ ਘੁੰਮਣ ਲੱਗ ਪਈ ਹੈ । ਉਹ ਵੀ ਔਰਤ ਨੂੰ ਅਲਫ ਨੰਗਿਆਂ ਕਰ ਕੇ ।

ਪੰਜਾਬੀ ਸਾਹਿਤ ਦਾ ਸ਼ਿਲਾਜੀਤ ਸੇਖੋਂ ਇਸ ਸਾਹਿਤ ਨੂੰ ਕਿਸ ਤਰ੍ਹਾਂ ਦੀ ਮਜ਼ਬੂਤੀ ਦਿੰਦਾ ਹੈ ? ਇਹ ਅਜੇ ਦੇਖਣ ਵਾਲੀ ਗੱਲ ਹੈ ।

—0—

ਨੀਲ ਕੰਠ ਦਾ
ਕਥਾਕਾਰ
ਆਖਦਾ ਹੈ

ਵਰਿਆਮ ਅਸਰ

ਮੈਂ ਜਦ ਤੇਰੇ ਮੂੰਹ ਵੱਲ ਡੂੰਘੀਆਂ ਨਜ਼ਰਾਂ ਤੱਕਾਂ
ਜਰ ਨਾ ਸੱਕਾਂ ।
ਤੂੰ ਜਦ ਮੇਰੇ ਮੂੰਹ ਵੱਲ ਭਰਵੀਂ ਨਜ਼ਰ ਟਿਕਾਵੇਂ,
ਤੂੰ ਘਬਰਾਵੇਂ ।

ਵਕਤ ਤਾਂ ਕਹਿੰਦਾ—
ਬੂਹੇ ਉੱਤੇ ਦਸਤਕ ਦੇ ਕੇ
ਲੁੱਕ ਛਿਪ ਜਾਵੋ ।
ਗਿਰਗਟ ਦੇ ਸਿਰ ਤੇ ਤਿੱਲੇ ਦੀ ਟੋਪੀ ਪਾਵੋ ।

ਪਰ ਇਹ ਠੰਡੀ ਪੌਣ ਦੀ ਚੱਕੀ,
ਜੋ ਇਕ ਤਿੱਖੇ ਆਰੇ ਵਾਕਣ,
ਤੇਰੇ ਮੇਰੇ ਗਿਰਦ ਚਿਰੋਕੀ ਚੱਕਰ ਕੱਢੇ,
ਇਹ ਤਾਂ ਸਾਰੇ ਨਗਰ ਨੂੰ ਜੱਫਾ ਮਾਰ ਲਵੇਗੀ !
ਬੰਦ ਖਿੜਕੀਆਂ, ਬੂਹੇ ਢੋ ਕੇ,
ਮੋਟੇ ਕੱਪੜੇ ਪਾ ਕੇ ਆਖਰ ਕੀ ਬਣਦਾ ਹੈ ?
ਇਸ ਹਾਲਤ ਵਿਚ ਮਨ ਦਾ ਡਰ ਤਾਂ
ਕਦੇ ਵੀ ਸਿਰ ਤੋਂ ਨਹੀਂ ਟਲੇਗਾ ।

ਕਿਉਂ ਅੰਦਰ ਦੀ ਠੰਡ ਵਿਚ ਮਰੀਏ ?
ਕਿਉਂ ਨਾ ਨਗਰ 'ਚ,
ਲੋਕਾਂ ਦੀ ਠੰਡ ਦੇ ਵਿਚ ਰਲ ਕੇ
ਇਹ ਗੱਲ ਕਹੀਏ :
ਬਰਫ 'ਚ ਲੱਗੇ ਲੋਕਾਂ ਕੋਲ ਖਲੋਤਿਆਂ ਆਪਣਾ,
ਦਿਲ ਦੁਖਦਾ ਹੈ ।

ਸਿਰ ਉੱਤੇ ਮਸਲਾ ਭੁੱਖ ਦਾ ਹੈ ।
ਮਨ ਨੂੰ ਤੇ ਇਸ ਮਰੀਅਲ ਤਨ ਨੂੰ,
ਕਾਲਿਆਂ ਰੁੱਖਾਂ ਦਾ ਪ੍ਰਛਾਵਾਂ ਡੰਗ ਰਿਹਾ ਹੈ ।
ਹਰ ਪਲ ਜਿੰਦ ਨੂੰ ਬੱਕਰੇ ਵਾਂਗਰ
ਅੱਗ ਦੀਆਂ ਲਾਟਾਂ ਉਤੇ ਨੰਗਿਆਂ ਟੰਗ ਰਿਹਾ ਹੈ ।

ਅੱਖਾਂ ਦੇ ਵਿਚ ਕਿੰਝ ਸਲਾਈਆਂ ਖੋਭ ਲਵਾਂ ਮੈਂ ?
ਆਪਣੇ ਕੰਨਾਂ ਨੂੰ ਕਟਵਾ ਦਾਂ ?
ਗਲੇ ਦੇ ਸੁਰ ਨੂੰ ਕਿਸ ਭਾਂਤੀ ਮੈਂ
ਅੰਗੂਠੇ ਦੀ ਦਾਬ ਦਿਆਂ ?
ਬਰਫ 'ਚ ਲੱਗੇ ਲੋਕਾਂ ਕੋਲ ਖਲੋਤਿਆਂ ਆਪਣਾ ਦਿਲ ਦੁਖਦਾ ਹੈ ।

—0—

ਸਾਹਿਤ
ਤੇ
ਸ਼ਰੇਣੀ ਘੋਲ

ਡਾ: ਗੁਰਚਰਨ ਸਿੰਘ

ਇਸ ਲੇਖ ਵਿਚ ਮੈਂ ਪ੍ਰੀਤਮ ਸਿੰਘ ਹੋਰਾਂ ਦੇ ਲੇਖ 'ਸ਼ਰੇਣੀ ਘੋਲ ਤੇ ਸਾਹਿਤ' ਜਿਹੜਾ ਸਿਰਜਣਾ ਦੇ ਪਿਛਲੇ ਅੰਕ ਵਿਚ ਪਰਕਾਸ਼ਤ ਹੋਇਆ ਹੈ ਅਤੇ ਜਿਸ ਵਿਚ ਲੇਖਕ ਨੇ ਕਾਫੀ ਤੋਂ ਵਧ ਧੁੰਦਲੀਆਂ ਗੱਲਾਂ ਕੀਤੀਆਂ ਹਨ, ਟਪਲੇ ਖਾਧੇ ਹਨ ਤੇ ਅਸਲੋਂ ਗਲਤ ਸਿਟੇ ਕੱਢੇ ਹਨ, ਦਾ ਉੱਤਰ ਸੰਖੇਪ ਰੂਪ ਵਿਚ ਦੇਵਾਂਗਾ। ਕਿਉਂਕਿ ਸਮੱਸਿਆ ਬੜੀ ਮਹੱਤਵ ਪੂਰਨ ਹੈ, ਇਸ ਲਈ ਵਧੇਰੇ ਨਿਰਣਾਮਈ ਤੇ ਵਿਸਤ੍ਰਿਤ ਲੇਖ ਲਿਖੇ ਜਾਣ ਦੀ ਵੱਖਰੀ ਲੋੜ ਹੈ ਜਿਸ ਦੇ ਲਈ ਮੈਂ ਅਲੱਗ ਉਪਰਾਲਾ ਕਰਨ ਦਾ ਵਿਚਾਰ ਕੀਤਾ ਹੈ।

ਸ਼ਰੇਣੀ ਸਿਧਾਂਤ ਤੇ ਸਾਹਿਤ

ਅਰੰਭ ਵਿਚ ਪ੍ਰੀਤਮ ਸਿੰਘ ਨੇ ਮਾਰਕਸ ਵਲੋਂ ਪ੍ਰਤਪਾਦਿਤ ਸ਼ਰੇਣੀ ਘੋਲ ਦੇ ਸਿਧਾਂਤ ਨੂੰ ਸਹੀ ਪਰਵਾਨ ਕੀਤਾ ਹੈ ਪਰ ਮਾਰਕਸਵਾਦੀਆਂ ਵਲੋਂ ਇਸ ਸਿਧਾਂਤ ਦੇ ਸਾਹਿਤ ਉਤੇ ਲਾਗੂ ਕਰਨ ਨੂੰ ਇਸ ਲਈ ਭਰਮ-ਗ੍ਰਸਤ ਦੱਸਿਆ ਹੈ ਕਿਉਂਕਿ ਉਸ ਅਨੁਸਾਰ "ਮਾਰਕਸ ਦੇ ਹੋਰਾਂ ਸੰਕਲਪਾਂ ਵਾਂਗ ਸ਼ਰੇਣੀ ਘੋਲ ਦਾ ਸੰਕਲਪ ਵੀ ਉਸ ਦੀ ਵਿਰਾਟ ਵਿਧੀ ਤੋਂ ਉਪਜਿਆ ਹੈ। ਸ਼ਰੇਣੀ ਵਿਰਾਟ ਸੰਕਲਪ ਹੈ ਪਰ ਸਾਹਿਤ ਤੇ ਕਲਾ ਦੇ ਖੇਤਰ ਵਿਚ ਵਿਰਾਟ ਵਿਧੀ ਬਹੁਤ ਸਹਾਈ ਨਹੀਂ ਹੋ ਸਕਦੀ। ਸਾਹਿਤ ਤੇ ਕਲਾ ਵਿਅਕਤੀਗਤ ਕਿਰਿਆ ਹੈ। ਕਵਿਤਾ, ਨਾਵਲ, ਕਹਾਣੀ, ਨਾਟਕ ਵਿਅਕਤੀ ਦੀ ਘਾਲਣਾ ਦੇ ਆਸਰੇ ਜਨਮ ਲੈਂਦੇ ਹਨ।"

ਏਥੇ ਪ੍ਰੀਤਮ ਸਿੰਘ ਨੇ ਪਹਿਲੀ ਬੱਜਰ ਗਲਤ ਬਿਆਨੀ ਤੋਂ ਕੰਮ ਲਿਆ ਹੈ। ਸਾਹਿਤ ਤੇ ਕਲਾ ਵਿਅਕਤੀਗਤ ਕਿਰਿਆ ਹੈ—ਕਹਿ ਤਾਂ ਦਿਤਾ ਪਰ ਉਨ੍ਹਾਂ ਨੇ ਇਹ ਬਿਨਾ ਸੋਚੇ ਕਹਿ ਦਿਤਾ ਹੈ "ਕਵਿਤਾ, ਕਹਾਣੀ, ਨਾਟਕ ਵਿਅਕਤੀ ਦੀ ਘਾਲਣਾ ਦੇ ਆਸਰੇ ਜਨਮ ਲੈਂਦੇ ਹਨ।" ਇਸ ਕਥਨ ਦਾ ਭਾਵ ਵੀ ਪਹਿਲੇ ਵਾਕ ਵਾਂਗ ਹੀ ਉਲਝਿਆ ਹੋਣ ਤੋਂ ਛੁਟ ਮੂਲੋਂ ਗਲਤ ਹੈ। ਕੀ ਪ੍ਰੀਤਮ ਸਿੰਘ ਦਾ ਖਿਆਲ ਉਪਰੋਕਤ ਦੋ ਅਰਥ ਅਸਪਸ਼ਟ ਵਾਕਾਂ ਤੋਂ ਇਹ ਹੈ ਕਿ ਸਾਹਿਤਕਾਰ ਵਿਅਕਤੀ ਦਾ ਸਾਹਿਤ ਸਿਰਜਣਾ ਦਾ ਕਾਰਜ ਕਰਦਿਆਂ ਕਿਸੇ ਹੋਰ ਨਾਲ ਸਬੰਧ ਨਹੀਂ ਹੁੰਦਾ। ਏਥੇ ਮੈਂ ਉਨ੍ਹਾਂ ਕੋਲੋਂ ਕੁਝ ਸਾਦਾ ਜਿਹੇ ਸਵਾਲ ਪੁਛਣਾ ਚਾਹਾਂਗਾ। ਕੀ ਸਾਹਿਤਕਾਰ ਖਲਾਅ ਵਿਚ ਵਸਦਾ ਹੈ? ਕੀ ਉਹ ਸਮਾਜ ਨਾਲ ਹਰ ਵੇਲੇ ਜੁੜਿਆ ਸਮਾਜਿਕ ਜੀਵ ਨਹੀਂ? ਕੀ ਉਸ ਦੀ ਸਾਹਿਤ ਕਿਰਤ ਕੇਵਲ ਉਸਦੇ ਆਪਣੇ ਨਿੱਜ ਵਾਸਤੇ ਹੈ? ਹੋਰ ਕਿਸੇ ਦਾ ਕੋਈ ਵੀ ਵਾਸਤਾ ਨਹੀਂ। ਕੀ ਹਰ ਸਾਹਿਤਕਾਰ ਦੀ ਰਚਨਾ ਲਈ ਪਾਠਕਾਂ ਦੀ ਲੋੜ ਨਹੀਂ ਹੁੰਦੀ? ਇਹਨਾਂ ਸਵਾਲਾਂ

ਦਾ ਉੱਤਰ ਇਕੋ ਹੈ ਕਿ ਸਾਹਿਤਕਾਰ ਸਾਹਿਤ ਰਚਦਾ ਹੋਇਆ ਅਸਲੋਂ ਸਮਾਜ ਨਾਲ ਜੁੜਿਆ ਹੋਇਆ ਮਨੁੱਖੀ ਸਮਾਜ ਦਾ ਇਕ ਅਨਿਖੜਵਾਂ ਅੰਗ ਹੁੰਦਾ ਹੈ। ਉਹ ਤ੍ਰੈ ਕਾਲ ਸਮਾਜਿਕ ਜੀਵ ਹੈ। ਇਹ ਕਹਿਣਾ ਹਾਸੋ ਹੀਣਾ ਹੈ ਕਿ ਉਸ ਦੀ ਰਚਣ ਪਰਕਿਰਿਆ ਵਿਅਕਤੀਗਤ ਹੈ। ਹਰ ਸਾਹਿਤ ਤੇ ਕਲਾ ਕਿਰਤ ਸਮਾਜਿਕ ਜੀਵ ਦੀ ਸਮਾਜ ਦੇ ਮਨੁੱਖ ਮੈਂਬਰਾਂ ਦੀ ਖਾਤਰ ਕੀਤੀ ਜਾਂਦੀ ਹੈ। ਇਹ ਵੀ ਸਪਸ਼ਟ ਹੀ ਹੈ ਕਿ "ਸੂਖਮ ਕਲਾਵਾਂ ਵਿਅਕਤੀ ਦੀ ਘਾਲਣਾ ਦੇ ਆਸਰੇ ਜਨਮ ਲੈਂਦੀਆਂ ਹਨ।" ਜਨਮ ਤਾਂ ਉਹ ਸਮਾਜ ਦੇ ਗਰਭ ਵਿਚੋਂ ਲੈਂਦੀਆਂ ਹਨ—ਸਾਹਿਤਕਾਰ ਵਿਅਕਤੀ ਜੇਕਰ ਇਕੱਲਾ ਵੀ ਕੁਝ ਰਚਦਾ ਹੈ ਤਾਂ ਵੀ ਉਹ ਅਜਿਹਾ ਕਰਦਾ ਹੋਇਆ ਇਕ ਦਾਈ ਦਾ ਕੰਮ ਹੀ ਕਰ ਰਿਹਾ ਹੁੰਦਾ ਹੈ। ਫੇਰ ਦਾਈ ਵੀ ਤਾਂ ਇਕ ਸਮਾਜਿਕ ਵਿਅਕਤੀ ਹੁੰਦਾ ਹੈ ਜਿਸ ਦਾ ਪੇਸ਼ਾ ਸਮਾਜਕ ਜੀਵਨ ਦੀ ਗਤੀ ਨਾਲ ਸਿੱਧਾ ਜੁੜਿਆ ਹੁੰਦਾ ਹੈ।

ਜਦ ਮੂਲ ਧਾਰਨਾ ਹੀ ਨਿਰਮੂਲ ਹੋਵੇ ਤਾਂ ਉਸ ਨੂੰ ਆਧਾਰ ਬਣਾ ਕੇ ਚੱਲਣ ਨਾਲ ਹਨੇਰਾ ਢੋਣ ਦੀ ਗੱਲ ਹੀ ਬਣ ਸਕਦੀ ਹੈ ਤੇ ਇਹੋ ਕੁਝ ਪ੍ਰੀਤਮ ਸਿੰਘ ਹੋਰਾਂ ਕਰ ਦਿਖਾਇਆ ਹੈ। ਅਫਸੋਸ ਇਸ ਗੱਲ ਦਾ ਹੈ ਕਿ ਇਕ ਸਿਆਣਾ ਤੇ ਸੁਹਿਰਦ ਬੰਦਾ ਵੀ ਭਰਾਂਤੀ ਦੇ ਵਸ ਕਿੰਨੇ ਭਿਅੰਕਰ ਟਪਲੇ ਖਾ ਸਕਦਾ ਹੈ। ਸਾਡੇ ਉਪਰੋਕਤ ਵਿਚਾਰ ਨੂੰ ਖੁਦ ਵੀ ਉਹਨਾਂ ਨੇ ਛੇਤੀ ਹੀ ਪਰਵਾਨ ਕਰ ਲਿਆ ਹੈ—ਲਿਖਿਆ ਹੈ, "ਭਾਵੇਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵਿਅਕਤੀ ਵੀ ਸਮਾਜ ਵਿਚ ਹੀ ਵਿਚਰਦਾ ਹੈ ਅਤੇ ਇਸ ਲਈ ਸਮਾਜ ਵਿਚ ਹੋ ਰਹੀ ਉਥਲ ਪੁਥਲ ਤੋਂ ਵੀ ਪ੍ਰਭਾਵਿਤ ਹੁੰਦਾ ਹੈ।" ਮੈਂ ਹੈਰਾਨ ਹਾਂ ਕਿ ਅਸਲੀਅਤ ਨੂੰ ਮੰਨ ਲੈਣ ਦੇ ਪਿਛੋਂ ਵੀ ਰਾਮ ਨਹੀਂ ਵੜਿਆ ਤੇ ਅੱਲਾ ਨਹੀਂ ਨਿਕਲਿਆ!

ਅੱਗੋਂ ਸਵਾਲ ਇਹ ਕੀਤਾ ਹੈ, "ਪਰ ਏਥੇ ਦੇਖਣ ਵਾਲੀ ਗੱਲ ਇਹ ਹੈ ਕਿ ਸਿਰਜਣਾ ਦੇ ਖੇਤਰ ਵਿਚ ਪ੍ਰਧਾਨ ਸਥਾਨ ਵਿਅਕਤੀ ਦਾ ਹੈ ਜਾਂ ਸਮੂਹ ਦਾ?" ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ? ਜਦ ਵਿਅਕਤੀ ਸਮਾਜ ਨਾਲੋਂ ਅੱਡ ਹੀ ਨਾ ਹੋਇਆ ਤੇ ਸਮਾਜ ਦੀ ਉਥਲ ਪੁਥਲ ਉਸ ਨੂੰ ਪ੍ਰਭਾਵਿਤ ਕਰਦੀ ਰਹਿੰਦੀ ਹੋਈ ਤਾਂ ਸਵਾਲ ਇਹ ਹੋ ਸਕਦਾ ਹੈ ਕਿ ਸਾਹਿਤ ਰਚਨਾ ਵਿਚ ਰਚਨਹਾਰ ਵਿਅਕਤੀ ਦਾ ਸਮਾਜ ਨਾਲ ਕੀ ਸੰਬੰਧ ਹੈ? ਜਾਂ ਕਿ ਸਮਾਜਿਕ ਬਣਤਰ ਤੇ ਸਮਾਜਿਕ ਜੀਵਨ ਇਕ ਰਚਨਹਾਰ ਵਿਅਕਤੀ ਉਤੇ ਕਿਵੇਂ ਅਸਰ ਅੰਦਾਜ਼ ਹੁੰਦੇ ਹਨ? ਜਿੰਨਾ ਸਾਦਾ ਪ੍ਰੀਤਮ ਸਿੰਘ ਹੋਰਾਂ ਦਾ ਸਵਾਲ ਹੈ, ਏਨਾ ਸਾਦਾ ਤਾਂ ਉਹ ਹੋ ਹੀ ਨਹੀਂ ਸਕਦਾ ਪਰ ਇਕ ਵਾਰ ਫੇਰ ਸਵਾਲ ਪੁਛਣ ਵਿਚ ਉਹਨਾਂ ਦੀ ਸਾਦਗੀ ਤੋਂ ਕੁਰਬਾਨ ਜਾਣ ਨੂੰ ਜੀਅ ਕਰਦਾ ਹੈ। ਇਹ ਸਾਫ ਸਾਫ ਇਕਬਾਲ ਕਰ ਲੈਣ ਪਿਛੋਂ ਵੀ ਕਿ ਸਮਾਜਿਕ ਉਥਲ ਪੁਥਲ ਸਾਹਿਤਕਾਰ ਦੇ ਵਿਅਕਤੀਤਵ ਨੂੰ ਪ੍ਰਭਾਵਿਤ ਕਰਦੀ ਹੈ ਇਹ ਸਵਾਲ ਕਰਨਾ ਕਿ ਸਮਾਜ ਵਿਅਕਤੀ ਨੂੰ ਪ੍ਰਭਾਵਿਤ ਕਰਦਾ ਹੈ ਕਿ ਨਹੀਂ (ਕਿਉਂ ਸਵਾਲ ਦੀ ਮੁਰਾਦ ਇਹੋ ਹੈ) ਆਪਣੇ ਆਪ ਨੂੰ ਨਿਪਟ ਸਾਦਾ ਐਲਾਨ ਕਰਨਾ ਹੈ। ਜਿਸ ਸਵਾਲ ਦਾ ਉੱਤਰ ਪਹਿਲੇ ਸਾਹ ਆਪ ਹੀ ਬਿਲਕੁਲ ਸਪਸ਼ਟ ਸ਼ਬਦਾਂ ਵਿਚ ਦੇ ਦਿਤਾ ਹੋਵੇ ਉਸੇ ਨੂੰ ਉਸ ਆਪ ਦਿਤੇ ਜੁਆਬ ਦੇ ਉਲਟ ਜੁਆਬ ਲੈਣ ਲਈ ਸ਼ਬਦਾਂ ਦੀ ਹੇਰਾ ਫੇਰੀ ਨਾਲ ਦੁਹਰਾਉਣਾ ਸਿੱਧ ਕਰਦਾ ਹੈ ਕਿ ਮਾਰਕਸਵਾਦ ਦਾ ਇਕ ਖੇਤਰ ਵਿਚ ਸਮਰਥਕ ਦੂਜੇ ਵਿਚ ਨਿਖੇਧਕ ਤਾਂ ਬਣ ਗਿਆ ਹੈ ਕਿ ਉਹ ਆਪ ਹੀ ਇਸ ਸ਼ਬਦਿਕ ਹੇਰਾ ਫੇਰੀ ਦੇ ਚੱਕਰ ਵਿਚ ਆ ਕੇ ਚੱਕਰ ਖਾ ਗਿਆ ਹੈ।

ਇਸ ਸਵਾਲ ਦੇ ਜਵਾਬ ਵਿਚ ਜੋ ਗੋਰਕੀ ਦਾ ਹਵਾਲਾ ਦਿਤਾ ਗਿਆ ਹੈ ਉਹ ਟਪਲਾ ਖਾਣੀ ਬੁੱਧੀ ਦਾ ਇਕ ਹੋਰ ਕਮਾਲ ਦਾ ਚਮਤਕਾਰ ਹੈ। ਪ੍ਰੀਤਮ ਸਿੰਘ ਹੋਰਾਂ ਨੇ ਗੋਰਕੀ ਵਲੋਂ ਵਰਤੇ ਸ਼ਬਦ 'ਵਿਅਕਤੀ' ਤੇ ਆਪਣੇ ਵਰਤੇ ਸ਼ਬਦ 'ਵਿਅਕਤੀ' ਦੇ ਅਰਥ ਭੇਦ ਨੂੰ ਸਮਝਿਆ ਹੀ ਨਹੀਂ ਤੇ ਸਵਾਲ ਗੰਦਮ ਤੇ ਜੁਆਬ ਛੋਲੇ ਵਾਲੀ ਗੱਲ ਕਰ ਦਿਖਾਈ ਹੈ। ਗੋਰਕੀ ਜਿਸ ਦੀ ਲਿਖਤ ਦਾ ਉਹਨਾਂ ਨੇ ਹਵਾਲਾ ਦਿਤਾ ਹੈ, ਖੁਦ ਸਾਰੀ ਉਮਰ ਸ਼ਰੇਣੀ-ਭਾਵ ਨਾਲ ਗੜੁੰਦ ਹੋ ਕੇ ਸਾਹਿਤ ਰਚਨਾ ਕਰਦਾ ਰਿਹਾ—ਦੇਖੋ ਉਸ ਦੇ ਨਾਵਲ—'ਮਾਂ' ਤੇ 'ਤਿੰਨ ਜਣੇ' ਆਦਿ।

2

ਸਾਹਿਤ ਤੇ ਵਿਅਕਤੀ ਦਰਸ਼ਣ

ਦੂਜਾ ਨੁਕਤਾ ਜਿਸ ਤੇ ਚਰਚਾ ਕੀਤੀ ਗਈ ਹੈ ਉਹ ਪ੍ਰੀਤਮ ਸਿੰਘ ਦੀ ਇਸ ਟੂਕ ਵਿਚ ਪ੍ਰਸਤੁਤ ਹੈ।

"ਸਾਹਿਤ ਤੇ ਕਲਾ ਦੇ ਖੇਤਰ ਵਿਚ ਅਸੀਂ ਵਿਅਕਤੀ ਦੀਆਂ ਸਮੱਸਿਆਵਾਂ ਅਤੇ ਉਸ ਦੇ ਮਨ ਅੰਦਰ ਵਸ ਰਹੀ ਦੁਨੀਆਂ ਨੂੰ ਦਰਸਾਉਂਦੇ ਹਾਂ।"

ਇਹ ਟੂਕ ਉਹਨਾਂ ਦੀ ਪਿਆਰੀ ਵਾਮਨ ਵਿਧੀ ਦੀ ਦਾਤ ਹੈ! ਜਾਪਦਾ ਹੈ ਕਿ ਉਹ ਸਾਹਿਤ ਦੀ ਅਸਲ ਪਰਕਿਰਤੀ ਤੇ ਉਸ ਦੇ ਵਰਾਟ ਸਰੂਪ ਨੂੰ ਜਾਣਦੇ ਹੀ ਨਹੀਂ। ਪਤਾ ਨਹੀਂ ਕਿਸ ਭਲੇਮਾਣਸ ਨੇ ਉਹਨਾਂ ਦੇ ਕੰਨ ਵਿਚ ਫੂਕ ਮਾਰ ਦਿਤੀ ਹੈ ਕਿ "ਸਾਹਿਤ ਵਿਅਕਤੀ ਦੀਆਂ ਸਮੱਸਿਆਵਾਂ ਅਤੇ ਉਸ ਦੇ ਮਨ ਅੰਦਰ ਵਸ ਰਹੀ ਦੁਨੀਆਂ ਨੂੰ ਦਰਸਾਉਂਦਾ ਹੈ।" ਸਵਾਲ ਏਥੇ ਇਹ ਉਠਦਾ ਹੈ ਕਿ ਕੀ ਸਾਹਿਤ ਇਹੋ ਕੁਝ ਕਰਦਾ ਹੈ ਕਿ ਕੁਝ ਹੋਰ ਵੀ? ਜੇ ਇਹੋ ਕੁਝ ਵੀ ਕਰਦਾ ਹੋਵੇ ਅਤੇ ਹੋਰ ਡੱਕਾ ਦੂਹਰਾ ਵੀ ਨਾ ਕਰਦਾ ਹੋਵੇ ਤਾਂ ਵੀ ਸ੍ਰੀ ਮਾਨ ਜੀ ਦੀ ਆਪਣੀ ਮਨੌਤ ਅਨੁਸਾਰ ਹਰ ਵਿਅਕਤੀ ਸਮਾਜ ਦਾ ਅੰਗ ਹੈ ਅਤੇ ਸਮਾਜ ਦੇ ਅੰਦਰ ਹੈ—ਜੋ ਕੁਝ ਉਹ ਵਿਅਕਤੀ ਰੂਪ ਵਿਚ ਹੈ—ਉਹ ਵੀ ਤਾਂ ਸਮਾਜਿਕ ਵਾਤਾਵਰਨ ਦੀ ਦੇਣ ਹੈ—ਫੇਰ ਉਸ ਦੀ ਵਿਅਕਤੀ ਅਨੋਖੀ ਬੇਸ਼ੱਕ ਹੋਵੇ, ਅੱਡਰੀ ਤਾਂ ਹੋ ਹੀ ਨਹੀਂ ਸਕਦੀ—ਵਿਅਕਤੀਆਂ ਦਾ ਅੰਦਰ ਦਿਖਾਉਂਦਾ ਸਾਹਿਤਕਾਰ ਉਹਨਾਂ ਸਮਾਜਿਕ ਸ਼ਕਤੀਆਂ ਤੇ ਤੱਥਾਂ ਵੱਲ ਅਜਾਣੇ ਹੀ ਸੰਕੇਤ ਕਰ ਜਾਂਦਾ ਹੈ ਜਿਨ੍ਹਾਂ ਦਾ ਸਿੱਟਾ ਰੂਪ ਉਹ ਵਿਅਕਤੀ ਆਪਾ ਹੋਂਦ ਵਿਚ ਆਇਆ ਹੁੰਦਾ ਹੈ।

ਪਰ ਸਾਡੀ ਤਾਂ ਇਸ ਕਥਨ ਵਿਚਲੀ ਸੋਚ ਦੀ ਅਤਿਅੰਤ ਗਰੀਬੀ, ਇਕ ਤਰ੍ਹਾਂ ਨਾਲ ਨਾਦਾਰੀ ਨੂੰ ਪਰਗਟ ਕਰਨ ਤੋਂ ਮੁਰਾਦ ਹੈ। ਸ੍ਰੀ ਮਾਨ ਚਿੰਤਕ ਜੀ—ਆਪ ਵਲੋਂ ਸਾਹਿਤ ਦੀ ਪ੍ਰੀਭਾਸ਼ਾ ਲੰਗੜੀ ਕੀਤੀ ਗਈ ਹੈ। ਸਾਹਿਤ ਇਹੋ ਕੁਝ ਨਹੀਂ ਕਰਦਾ ਜੋ ਤੁਸਾਂ ਨੇ ਸਮਝਿਆ ਹੈ। ਸਾਹਿਤ ਇਸ ਤੋਂ ਇਲਾਵਾ ਹੋਰ ਬਹੁਤ ਕੁਝ ਕਰਦਾ ਹੈ—ਉਹ ਵਾਮਣ ਵਿਧੀ ਨੂੰ ਹੀ ਨਹੀਂ ਅਪਣਾਉਂਦਾ, ਉਹ ਤੁਹਾਡੀ ਨਿੰਦਤ ਵਰਾਟ ਵਿਧੀ ਨੂੰ ਵੀ ਰੱਜ ਕੇ ਅਪਣਾਉਂਦਾ ਹੈ। ਇਸ ਪੱਖ ਤੋਂ ਵਿਚਾਰਿਆਂ ਸਾਹਿਤ ਸਰਬ-ਭਖਸ਼ੀ ਤੇ ਸਰਬ-ਦਰਸਾਊ ਹੈ। ਵਿਅਕਤੀ ਦੀਆਂ ਧੁਰ ਅੰਤਰ ਦੀਆਂ ਸਮੱਸਿਆਵਾਂ ਅਤੇ ਮਨ ਅੰਦਰ ਦੀ ਦੁਨੀਆਂ ਹੀ ਸਾਹਿਤ ਨਹੀਂ ਦਰਸਾਉਂਦਾ, ਉਹ ਹੋਰ ਬਹੁਤ ਕੁਝ ਕਰ ਸਕਦਾ ਤੇ ਕਰਦਾ ਹੈ। ਉਹ ਵਿਅਕਤੀ, ਜੋ ਸਦਾ ਸਮੂਹ ਨਾਲ ਜੁੜਿਆ ਹੁੰਦਾ ਹੈ, ਦੀ ਵਚਿੱਤਰਤਾ ਹੀ ਨਹੀਂ ਦਰਸਾਉਂਦਾ, ਉਹ ਉਸ ਦੇ ਸਾਧਾਰਨ ਬਾਹਰੀ ਜੀਵਨ ਨੂੰ ਵੀ

ਚਿਤਰਦਾ ਹੈ—ਉਹ ਸਮੂਹ ਵੱਲ ਵੀ ਹੋ ਸਕਦਾ ਹੈ—ਉਹ ਸ਼ਰੇਣੀ ਘੋਲ ਨੂੰ ਵਿਖਾ ਸਕਦਾ ਹੈ। ਕੀ ਡਿਕਨਜ਼ ਨੇ ਆਪਣੀਆਂ ਨਾਵਲਾਂ ਵਿਚ ਕੇਵਲ ਵਿਅਕਤੀ ਵਚਿੱਤਰਤਾ ਹੀ ਦਿਖਾਈ ਹੈ ? ਕੀ ਟਾਲਸਟਾਏ, ਗੋਰਕੀ (ਜਿਸ ਦਾ ਸ੍ਰੀ ਮਾਨ ਜੀ ਨੇ ਹਵਾਲਾ ਦਿੱਤਾ ਹੈ), ਸ਼ੋਲੋਖੋਵ, ਗਾਲਜ਼ਵਰਦੀ, ਐਚ. ਜੀ. ਵੈਲਜ਼, ਬਰਨਾਰਡ ਸ਼ਾਅ (ਮੈਂ ਜਾਣ ਬੁਝ ਕੇ ਪਰਦੇਸੀ ਸਾਹਿਤਕਾਰਾਂ ਦੇ ਨਾਂ ਲਏ ਹਨ ਤਾਂ ਕਿ ਸਾਡੇ ਪਰਤਦੁਅੰਦੀ ਨੂੰ ਇਹ ਕਹਿਣ ਦਾ ਮੌਕਾ ਹੀ ਨਾ ਮਿਲ ਸਕੇ ਕਿ ਨਾਨਕ ਸਿੰਘ, ਮੁਣਸ਼ੀ ਪ੍ਰੇਮ ਚੰਦ, ਜਸਵੰਤ ਸਿੰਘ ਕੰਵਲ, ਨਰਿੰਦਰ ਪਾਲ ਸਿੰਘ, ਪ੍ਰੋ: ਮੋਹਣ ਸਿੰਘ, ਗੁਰਬਖ਼ਸ਼ ਸਿੰਘ ਵਰਗੇ ਤਾਂ ਸਾਹਿਤਕਾਰ ਹੀ ਨਹੀਂ, ਕਿਉਂਕਿ ਉਹਨਾਂ ਨੇ ਵਿਅਕਤੀ ਦੇ ਧੁਰ ਅੰਦਰ ਦੀ ਗੱਲ ਬੜੀ ਘੱਟ ਕੀਤੀ ਹੈ) ਬੰਦਿਆਂ ਨੂੰ ਸਮਾਜਿਕ ਜੀਵਾਂ ਵਜੋਂ ਚਿੱਤਰਿਆ ਹੈ।'' ਕੇਵਲ ਵਿਅਕਤੀ ਦੇ ਮਨ ਅੰਦਰ ਦੀ ਦੁਨੀਆਂ ਹੀ ਚਿੱਤਰੀ ਹੈ ਜਾਂ ਹੋਰ ਵੀ ਕੁਝ ਕੀਤਾ ਹੈ। ਅਵੱਸ਼ ਹੀ ਤੁਸੀਂ 'ਵਾਰ ਐਂਡ ਪੀਸ' ਦੇ ਕਰਤਾ ਨੂੰ ਕੇਵਲ ਵਿਅਕਤੀ ਦੀਆਂ ਨਿੱਜੀ ਸਮੱਸਿਆਵਾਂ ਦੇ ਉਲੇਖਕਾਰ ਵਜੋਂ ਹੀ ਨਹੀਂ ਲੈ ਸਕਦੇ ਹੋ !

ਤਾਂ ਫਿਰ ਸ: ਪ੍ਰੀਤਮ ਸਿੰਘ ਹੋਰਾਂ ਨੂੰ ਸਾਹਿਤ ਦੀ ਪਰਕਿਰਤੀ ਤੇ ਸਮਰਥਾ ਬਾਰੇ ਏਡਾ ਵੱਡਾ ਮਹਾਂ ਭੁਲੇਖਾ ਕਿਥੋਂ ਲੱਗਾ। ਸਾਫ ਹੈ ਕਿ ਕਿਧਰੋਂ ਨਕਲ ਮਾਰੀ ਹੈ—ਇਕ ਤੁਕ ਕਿਧਰੇ ਦਿਸ ਪਈ ਅਤੇ ਪੱਲੇ ਬੰਨ੍ਹ ਲਈ। ਫੇਰ ਏਸੇ ਤੁਕ ਨੂੰ ਹਜ਼ਰਤ ਮੁਹੰਮਦ ਦੀ ਵਹੀ ਦੀ ਲਿਖਤ ਸਮਝ ਕੇ 'ਵਿਅਕਤੀਗਤ' ਸੋਝੀ ਦੇ ਆਧਾਰ ਉਤੇ ਅੱਗੇ ਚਲਾ ਦਿਤਾ। ਭਾਈ ਸਾਹਿਬ ਇਹ ਤੁਹਾਡੀ ਕਸਵੱਟੀ ਹੀ ਠੀਕ ਨਹੀਂ—ਤੁਸੀਂ ਖਰੇ ਖੋਟੇ ਦੀ ਪਰਖ ਕੀ ਕਰੋਗੇ ?

3

ਵਿਅਕਤੀ ਅਤੇ ਸਮੂਹ—ਮਨੋਵਿਗਿਆਨ !

ਪ੍ਰੀਤਮ ਸਿੰਘ ਹੋਰੀਂ ਲਿਖਦੇ ਹਨ: ''ਜਿਨ੍ਹਾਂ ਨੂੰ ਸਮਾਜਿਕ ਮਨੋਵਿਗਿਆਨ ਦੀ ਰਤੀ ਭਰ ਵੀ ਵਾਕਫੀਅਤ ਹੈ ਉਹ ਜਾਣਦੇ ਹਨ ਕਿ ਸਮੂਹ ਮਨੋਵਿਗਿਆਨ ਵਿਅਕਤੀ ਦੀ ਮਨੋ ਦਸ਼ਾ ਨਾਲੋਂ ਬਹੁਤ ਭਿੰਨ ਹੈ। ਸਮੂਹ ਇਕਾਈਆਂ ਦੇ ਜੋੜ ਦਾ ਪਰੀਨਾਮ ਸਰੂਪ ਨਹੀਂ।'' ਸ: ਪ੍ਰੀਤਮ ਸਿੰਘ ਜੀ, ਜੇ ਤੁਹਾਡੀ ਗੱਲ ਇਨਬਿਨ ਮੰਨ ਵੀ ਲਈਏ ਤਾਂ ਦੱਸੋ ਫੇਰ ਕੀ ਸਿੱਧ ਹੋ ਜਾਵੇਗਾ ? ਕੀ ਮਾਰਕਸਵਾਦੀਆਂ ਨੇ ਜਾਂ ਸ਼ਰੇਣੀ ਵੰਡ ਦੇ ਵਿਸ਼ਵਾਸ਼ੀਆਂ ਨੇ ਕਦੇ ਤੁਹਾਡੇ ਇਸ ਮਹਾਂ ਵਾਕ ਨੂੰ ਝੁਟਲਾਇਆ ਹੈ ? ਨਹੀਂ ਝੁਟਲਾਇਆ ਤਾਂ ਫੇਰ ਕੀ ਸਾਹਿਤ ਵਿਚ ਵਿਅਕਤੀ ਮਨੋਵਿਗਿਆਨ ਹੀ ਪੇਸ਼ ਕੀਤਾ ਜਾ ਸਕਦਾ ਹੈ ਅਤੇ ਸਮੂਹ ਮਨੋਵਿਗਿਆਨ ਪੇਸ਼ ਕੀਤਾ ਜਾ ਹੀ ਨਹੀਂ ਸਕਦਾ ? ਅਸੀਂ ਤੁਹਾਡਾ ਇਹ ਭੁਲੇਖਾ ਜੋ ਲਾਹ ਦਿਤਾ ਹੈ ਕਿ ਸਾਹਿਤਕਾਰ ਇਹ ਸਭ ਕੁਝ ਕਰ ਸਕਦਾ ਹੈ, ਇਸ ਲਈ ਤੁਹਾਡੇ ਉਪਰੋਕਤ ਕਥਨ ਵਿਚਲੇ ਭਾਵ ਤੋਂ ਕੱਢਿਆ ਗਿਆ ਸਾਰ ਉਕਾ ਹੀ ਬੇਥਵਾ ਤੇ ਗਲਤ ਹੈ।

4

ਅਗਲਾ ਕਿੰਤੂ ਹੋਰ ਵੀ ਚਕਿਤਕਾਰੀ ਹੈ। ਲਿਖਿਆ ਹੈ, ''ਸ਼ਰੇਣੀ ਅਤੇ ਸ਼ਰੇਣੀ ਸੰਘਰਸ਼ ਮਾਰਕਸ ਦੇ ਦਰਿਸ਼ਟੀਕੋਣ ਅਨੁਸਾਰ ਅਰਥ ਸ਼ਾਸਤਰ ਤੇ ਸਮਾਜ ਸ਼ਾਸਤਰ ਦੇ ਪਰਵਰਗ ਹਨ। ਮਾਰਕਸ ਨੇ ਪੂੰਜੀਵਾਦ ਦਾ ਵਿਸ਼ਲੇਸ਼ਣ ਕਰਨ ਲਈ ਇਨ੍ਹਾਂ ਸੰਕਲਪਾਂ ਦੀ ਘਾੜਤ ਕੀਤੀ ਸੀ। ਇਹ ਸੰਕਲਪ ਮੁਤੇ ਸਿੱਧ ਸਾਹਿਤ ਤੇ ਕਲਾ ਦੇ ਖੇਤਰ ਵਿਚ ਲਾਗੂ ਨਹੀਂ ਕੀਤੇ ਜਾ ਸਕਦੇ, ਜਿਹਾ

ਕਿ ਪ੍ਰਗਤੀਵਾਦੀ ਲੇਖਕ ਆਮ ਤੌਰ ਤੇ ਕਰਦੇ ਹਨ ?"

ਜੇ ਸੁਤੇ ਸਿੱਧ ਲਾਗੂ ਨਹੀਂ ਕੀਤੇ ਜਾ ਸਕਦੇ ਤਾਂ ਕਿਵੇਂ ਕੀਤੇ ਜਾ ਸਕਦੇ ਹਨ? ਜਾਂ ਕੀ ਸੁਤੇ ਸਿੱਧ (ਪਤਾ ਨਹੀਂ ਇਸ ਦਾ ਮਤਲਬ ਕੀ ਹੈ ?) ਲਾਗੂ ਕਰ ਦਿਤੇ ਜਾਣ ਤਾਂ ਮਾਰਕਸ ਨੂੰ ਕੋਈ ਇਤਰਾਜ਼ ਹੈ ? ਕੀ ਉਸ ਦਾ ਅਜਿਹਾ ਕਰਨ ਨਾਲ ਕੋਈ ਨੁਕਸਾਨ ਹੋ ਜਾਂਦਾ ਹੈ ਜਾਂ ਉਸ ਦੇ ਸ਼੍ਰੇਣੀ ਸੰਘਰਸ਼ ਦੇ ਸਿਧਾਂਤ ਨੂੰ ਕੋਈ ਸੱਟ ਵੱਜਦੀ ਹੈ ?

ਮਿਹਰਬਾਨ ਦੋਸਤ, ਸ਼੍ਰੇਣੀ ਸੰਘਰਸ਼ ਜੇ ਠੀਕ ਸਿਧਾਂਤ ਹੈ ਤਾਂ ਉਹ ਮਨੁੱਖੀ ਸਮਾਜਕ ਜੀਵਨ ਦੀ ਇਕ ਅਜਿਹੀ ਹਕੀਕਤ ਹੈ ਜਿਹੜੀ ਅਟੱਲ ਹੈ ਤੇ ਝੁਠਲਾਈ ਨਹੀਂ ਜਾ ਸਕਦੀ । ਫੇਰ ਜਿਸ ਨੇ ਸਾਹਿਤ ਵਿਚ ਹਕੀਕਤ ਦਰਸਾਉਣੀ ਹੈ ਉਹ ਸ਼੍ਰੇਣੀ ਸੰਘਰਸ਼ ਨੂੰ 'ਸੁਤੇ ਸਿਧ' ਪਰਵਾਨ ਕਰਕੇ ਰਚਨਾ ਨਾ ਕਰੇ ਤਾਂ ਕਿਹੜੇ 'ਸਿੱਧ' ਕਰੇ ?

ਸਾਫ਼ ਹੈ ਕਿ ਸਮਾਜਿਕ ਹਕੀਕਤ ਨੂੰ ਸਾਹਿਤ ਦਾ ਵਿਸ਼ਾ ਬਣਾਉਣ ਵਾਲਾ ਜੇ ਸ਼੍ਰੇਣੀ ਸੰਘਰਸ਼ ਦੀ ਹਕੀਕਤ ਨੂੰ ਪਰਵਾਨ ਨਹੀਂ ਕਰਦਾ ਤਾਂ ਉਹ ਅਜਿਹਾ ਕਰਨ ਦਾ ਦਾਅਵਾ ਹੀ ਕਰਦਾ ਹੈ, ਆਪਣੇ ਦਾਅਵੇ ਨੂੰ ਸਹੀ ਕਦਾਚਿਤ ਸਿੱਧ ਨਹੀਂ ਕਰ ਸਕੇਗਾ । ਇਕ ਸਮਾਜ ਸ਼ਾਸਤਰ ਦੀਆਂ ਮੂਲ ਸਚਾਈਆਂ ਤੋਂ ਨਿਪਟ-ਅਗਿਆਨੀ ਹੀ ਸਾਹਿਤ ਰਚਨਾ ਕਰਦਾ ਹੋਇਆ ਸਮਾਜ ਦੀ ਸ਼੍ਰੇਣਕ ਬਣਤਰ ਨੂੰ ਅੱਖੋਂ ਪਰੋਖੇ ਕਰਕੇ ਸਮਝ ਸਕਦਾ ਹੈ ਕਿ ਮੈਂ ਅਸਲੀਅਤ ਤੋਂ ਬੇਮੁੱਖ ਨਹੀਂ ਹੋਇਆ ।

5

ਇਕ ਹੋਰ ਖੋਚਲੀ ਦਲੀਲ

ਪ੍ਰੀਤਮ ਸਿੰਘ ਹੋਰਾਂ ਆਪਣੇ ਵਿਚਾਰ ਅਧੀਨ ਲੇਖ ਵਿਚ ਮੇਰਾ ਹਵਾਲਾ ਦਿਤਾ ਹੈ, "ਡਾ: ਗੁਰਚਰਨ ਸਿੰਘ ਲਿਖਦੇ ਹਨ 'ਅਗਾਂਹ ਵਧੂ ਸਾਹਿਤ ਉਹ ਹੈ ਜਿਹੜਾ ਆਪਣੇ ਕਰਤੱਵ ਦੁਆਰਾ ਮਨੁੱਖ ਮਾਤਰ ਜਾਂ ਉਸ ਦੇ ਕਿਸੇ ਵੀ ਅੰਗ ਨੂੰ ਉਸ ਦੇ ਵਰਤਮਾਨ ਪੜਾ ਤੋਂ ਅੰਤਮ ਸਮਾਜਵਾਦੀ ਪੜਾ ਵੱਲ ਨੂੰ ਅੱਗੇ ਖੜੇ ।" ਅਗਲੀ ਟਿਪਣੀ ਬੜੀ ਦਿਲਚਸਪ ਹੈ, "ਪਰ ਇਹਨਾਂ ਸਿਧਾਂਤਕਾਰਾਂ ਦਾ ਦੁਖ ਤੇ ਇਹ ਹੈ ਕਿ ਕਲਾ ਇਹਨਾਂ ਦੇ ਬਣਾਇਆਂ ਹੋਇਆਂ ਸੱਚਿਆਂ ਵਿਚ ਨਹੀਂ ਢੱਲਦੀ, ਮਿਸਾਲ ਦੇ ਤੌਰ ਤੇ ਪਰਕਿਰਤਕ ਕਾਵਿ ਦਾ ਕੋਈ ਸ਼੍ਰੇਣੀ ਗੁਣ ਨਹੀਂ ਹੁੰਦਾ ।"

ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਏਥੇ ਅਗਾਂਹ ਵਧੂ ਸਾਹਿਤ ਦੀ ਪ੍ਰੀਭਾਸ਼ਾ ਦਿਤੀ ਹੈ । ਸਾਰੇ ਸਾਹਿਤ ਦੀ ਨਹੀਂ । ਜਿਹੜਾ ਸਾਹਿਤ ਅਗਾਂਹ ਵਧੂ ਨਹੀਂ ਉਹ ਉਹ ਕੁਝ ਬਿਲਕੁਲ ਨਹੀਂ ਕਰੇਗਾ ਜੋ ਉਪਰੋਕਤ ਟੂਕ ਅਨੁਸਾਰ ਅਗਾਂਹ ਵਧੂ ਸਾਹਿਤ ਦਾ ਕਰਤੱਵ ਨਿਸਚਿਤ ਕੀਤਾ ਗਿਆ ਹੈ । ਇਸ ਲਈ ਏਥੇ ਨਿਰ-ਸ਼੍ਰੇਣੀ ਕਵਿਤਾ ਦੀ ਗੱਲ ਅਸੰਗਤ ਹੈ ।

ਬਾਕੀ ਇਹ ਗਲਤ ਹੈ ਕਿ ਪਰਕਿਰਤੀ ਦੀ ਕਵਿਤਾ ਸ਼੍ਰੇਣੀ-ਰਹਿਤ ਹੁੰਦੀ ਹੈ । ਨਾ ਹੀ 'ਕੁਦਰਤ' ਇਕ ਪ੍ਰਮਾਣੀਕ ਅਬਦਲ ਸੰਕਲਪ ਹੈ ਜੋ ਹਰ ਕਵੀ ਦਾ ਇਕੋ ਹੀ ਹੋਵੇ । ਕੁਦਰਤ ਬਾਰੇ ਕਵੀਆਂ ਦੇ ਵੱਖ ਵੱਖ ਦ੍ਰਿਸ਼ਟੀਕੋਣ ਰਹੇ ਹਨ—ਜਿਵੇਂ ਪੋਪ ਦਾ ਹੋਰ ਸੀ, ਵਰਡਜ਼ਵਰਥ ਦਾ ਹੋਰ ਤੇ ਸ਼ੈਲੇ ਦਾ ਬਿਲਕੁਲ ਹੋਰ ਤੇ ਕੀਟਸ, ਸਵਿਨਵਰਨ ਤੇ ਟੈਨੀਸਨ ਆਦਿ ਦੇ ਨਜ਼ਰੀਏ ਕੁਦਰਤ ਬਾਰੇ ਵੱਖੋ ਵੱਖ ਤੇ ਆਪੋ ਆਪਣੇ ਹਨ । ਇਕ ਵਾਰ ਫੇਰ ਕਹਿਣਾ ਪੈਂਦਾ ਹੈਕਿ ਕੁਦਰਤ ਦੀ

ਜਾਂ ਹੋਰ ਕਿਸੇ ਵੀ ਸਾਹਿਤ ਰਚਨਾ ਨੂੰ ਸ਼੍ਰੇਣੀ ਭਾਵ ਤੋਂ ਅਲੋਪ ਦੱਸਣਾ ਕੋਰੀ ਅਗਿਆਨਤਾ ਹੈ। ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਣ ਸਿੰਘ ਦੇ ਕੁਦਰਤ ਬਾਰੇ ਨਜ਼ਰੀਏ ਕੀ ਇਕਸਾਰ ਜਾਂ ਇਕ ਹਨ ?

ਅੱਗੇ ਜਾ ਕੇ ਆਪਣੇ ਇਸ ਨੁਕਤੇ ਉਤੇ ਬਲ ਦੇਣ ਲਈ ਸ: ਪ੍ਰੀਤਮ ਸਿੰਘ ਸੁਹਜਵਾਦੀਆਂ ਦੇ ਚੱਕਰਵੀਊ ਵਿਚ ਫੱਸ ਗਿਆ ਹੈ। ਸੁਹਜਵਾਦ ਤਾਂ ਖੁਦ ਇਕ ਸ਼੍ਰੇਣੀਵਾਦ ਹੈ। ਉਹਨਾਂ ਦੀਆਂ ਇਸ ਵਾਦ ਦੀਆਂ ਰਚਨਾਵਾਂ ਨੂੰ ਤੁਸੀਂ ਸ਼੍ਰੇਣੀ ਭਾਵ ਤੋਂ ਮੁਕਤ ਕਿਵੇਂ ਠਹਿਰਾ ਦਿਉਗੇ ?

ਇਹ ਨਹੀਂ ਕਿ ਪ੍ਰੀਤਮ ਸਿੰਘ ਹੋਰੀ ਸਾਡੀ ਉਪਰੋਕਤ ਵਿਚਾਰ ਤੋਂ ਜਾਣੂ ਨਹੀਂ ਹਨ: ਆਪ ਲਿਖਦੇ ਹਨ :

"ਮਾਰਕਸਵਾਦੀ ਸਿਧਾਂਤਕਾਰਾਂ ਅਨੁਸਾਰ ਕੋਈ ਕਲਾ ਕਿਰਤ ਸ਼੍ਰੇਣੀ ਗੁਣ ਤੋਂ ਰਹਿਤ ਹੋ ਹੀ ਨਹੀਂ ਸਕਦੀ।" ਪਰ ਉਹ ਇਸ ਸਿਧਾਂਤ ਨੂੰ ਕੱਟਣ ਦਾ ਹੌਸਲਾ ਤਾਂ ਕਰਦੇ ਨਹੀਂ, ਇਸ ਨੂੰ ਸੌੜਾ ਕਹਿ ਕੇ ਪਰਾਂਹ ਸੁਟ ਪਾਉਂਦੇ ਹਨ। ਭਾਈ ਸਾਹਿਬ, ਸੌੜਾ ਕਹਿ ਕੇ ਪਰਾਂਹ ਸੁਟ ਪਾਉਣ ਨਾਲ ਸਚਾਈ ਝੂਠ ਨਹੀਂ ਹੋ ਜਾਇਆ ਕਰਦੀ। ਇਹ ਸੱਚ ਹੈ,ਚਾਲੀ ਸੇਰਾ ਸੱਚ ਕਿ "ਕੋਈ ਕਲਾ ਕਿਰਤ ਸ਼੍ਰੇਣੀ ਗੁਣ ਤੋਂ ਰਹਿਤ ਹੋ ਹੀ ਨਹੀਂ ਸਕਦੀ।" ਇਹ ਵੱਖਰੀ ਗੱਲ ਹੈ ਕਿ ਇਹ ਤ੍ਰੈ ਕਾਲ ਸੱਚ ਤੁਹਾਨੂੰ ਤੇ ਤੁਹਾਡੀ ਖੇਚਲੀ ਹੋਈ ਸੋਚਣੀ ਨੂੰ ਬੁਰਾ ਲੱਗੇ ਤੇ ਤੁਸੀਂ ਇਸ ਵਲੋਂ ਕਬੂਤਰ ਵਾਂਗ ਅੱਖਾਂ ਮੀਟ ਲਵੋ।

6

ਨਿਰਪੱਖ ਸਾਹਿਤ

ਅੱਗੇ ਜਾ ਕੇ ਪ੍ਰੀਤਮ ਸਿੰਘ ਹੋਰੀ ਇਕ ਹੋਰ ਨਿਪਟ ਬੁਰਜੁਆ ਭੁਲੇਖੇ ਦੇ ਸ਼ਿਕਾਰ ਹੋ ਗਏ ਹਨ। ਉਹ ਲਿਖਦੇ ਹਨ ਕਿ ਆਪਣੀ ਸ਼੍ਰੇਣੀ ਦਾ ਪੱਖ ਪੂਰਨਾ ਮਿਹਨਤਕਸ਼ਾਂ ਲਈ ਰਾਜ-ਨੀਤੀ ਦੀ ਦੁਨੀਆਂ ਵਿਚ ਤਾਂ ਠੀਕ ਹੈ ਪਰ ਸਾਹਿਤ ਦੇ ਖੇਤਰ ਵਿਚ ਠੀਕ ਨਹੀਂ ਕਿਉਂਕਿ ਇਸ ਨਾਲ ਰਚਨਾ ਦੀ ਪੱਧਰ ਨੀਵੀਂ ਹੋ ਜਾਵੇਗੀ।

ਚਲੋ ਜੇ ਮੰਨ ਵੀ ਲਈਏ ਕਿ ਆਪਣੇ ਹਿੱਤ ਨੂੰ ਨਾ ਛੱਡਣ ਨਾਲ ਰਚਨਾ ਦੀ ਪੱਧਰ ਨੀਵੀਂ ਹੋ ਜਾਂਦੀ ਹੈ ਤਾਂ ਸਾਹਿਤ ਰਚਨਾ ਦੀ ਪੱਧਰ ਉੱਚੀ ਰੱਖਣ ਲਈ ਆਪਣੀ ਹੋਣੀ ਦਾ ਵਿਚਾਰ ਹੀ ਛੱਡ ਦੇਣਾ ਕਿਥੋਂ ਦੀ ਸਿਆਣਪ ਹੈ ? ਪਰ ਜੇ ਮਿਹਨਤਕਸ਼ ਸ਼੍ਰੇਣੀ ਹਿੱਤ ਨੂੰ ਛੱਡ ਦੇਣ ਤਾਂ ਇਹ ਤਾਂ ਹੋ ਨਹੀਂ ਸਕਦਾ ਕਿ ਉਹ ਸ਼੍ਰੇਣੀ ਹਿੱਤ ਤੋਂ ਸੱਖਣੀ ਕੋਈ ਅਜੂਬਾ ਰਚਨਾ ਕਰ ਦੇਣਗੇ—ਹਰ ਰਚਨਾ ਦਾ ਸ਼੍ਰੇਣੀ ਗੁਣ ਤਾਂ ਹੁੰਦਾ ਹੀ ਹੈ—ਇਸ ਲਈ ਜੇ ਕਰ ਮਿਹਨਤੀ ਲੋਕ ਸਾਹਿਤ ਰਚਨਾ ਵਿਚ ਆਪਣਾ ਸ਼੍ਰੇਣੀ ਹਿੱਤ ਤਿਆਗਦੇ ਹਨ ਤਾਂ ਉਹ ਲਾਜ਼ਮੀ ਤੌਰ ਤੇ ਕਿਸੇ ਦੂਜੀ ਤੇ ਵੈਰੀ ਸ਼੍ਰੇਣੀ ਦੇ ਹਿੱਤ ਨੂੰ ਪਾਲਣਗੇ ? ਕੀ ਪ੍ਰੀਤਮ ਸਿੰਘ ਹੋਰੀ ਇਹੋ ਕੁਝ ਕਰਵਾਉਣਾ ਚਾਹੁੰਦੇ ਹਨ ?

ਸਾਹਿਤ ਕਦੇ ਨਿਰਪਖ ਹੋਇਆ ਹੈ, ਨ ਹੋ ਸਕਦਾ ਹੈ। ਇਸ ਲਈ ਇਹ ਕਹੀ ਜਾਣਾ ਕਿ ਨਿਰਪਖ ਹੋਵੋ, ਨਹੀਂ ਤਾਂ ਸਾਹਿਤ ਰਚਨਾ ਪੱਧਰ ਵਿਚ ਡਿਗ ਪਏਗੀ, ਸਾਹਿਤਕਾਰਾਂ ਨੂੰ ਕੁਰਾਹੇ

ਪਾਉਣ ਦਾ ਵਾਵੇਲਾ ਕਰਨ ਵਾਲੀ ਗੱਲ ਹੈ। ਹਾਂ ਪ੍ਰੋਲੀਤਾਰੀ ਨੂੰ ਇਸ ਨਾਲ ਕੁਰਾਹੇ ਪਾਇਆ ਜਾ ਸਕਦਾ ਹੈ ਤੇ ਬੁਰਜੁਆਜ਼ੀ ਦਾ ਪੱਖ ਪੂਰਿਆ ਜਾ ਸਕਦਾ ਹੈ। ਤੇ ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਅਜੇਹੀਆਂ ਨਿਰਪੱਖਤਾ ਦੀਆਂ ਗੱਲਾਂ ਕਰਨੀਆਂ ਜਦ ਕਿ ਸ਼ਰੇਣੀ ਸੰਘਰਸ਼ ਨਿਰੰਤਰ ਚਲ ਰਿਹਾ ਹੋਵੇ, ਕੇਵਲ ਉਪਰਲੇ ਵਰਗ ਦੇ ਹੱਕ ਵਿਚ ਜਾਣ ਦਾ ਹੀਲਾ ਹੀ ਹੈ। ਇਸ ਤਰ੍ਹਾਂ ਇਹ ਕੁਝ ਕਹਿਣਾ ਵੀ ਸਾਹਿਤ ਵਿਚ ਉਤਲੀ ਸ਼ਰੇਣੀ ਦੇ ਹਿਤ ਨੂੰ ਸੁਰਖਿਅਤ ਕਰਨ ਦੇ ਤੁਲ ਹੈ।

ਇਸ ਪਿਛੋਂ ਆਪ ਨੇ ਜਸਵੰਤ ਸਿੰਘ ਕੰਵਲ ਅਤੇ ਸੁਜਾਨ ਸਿੰਘ ਆਦਿ ਕੁਝ ਇਕ ਅਗਾਂਹ ਵਧੂ ਲੇਖਕਾਂ ਦੀਆਂ ਸਾਹਿਤਕ ਕਿਰਤਾਂ ਦੀ ਆਲੋਚਨਾ ਕੀਤੀ ਹੈ ਅਤੇ ਅਪਣੇ ਵਲੋਂ ਇਸ ਗੱਲ ਨੂੰ ਸਿਧ ਕਰਨ ਲਈ ਟਿੱਲ ਲਾਇਆ ਹੈ ਕਿ ਉਹਨਾਂ ਵਿਚ ਜੇ ਕੋਈ (ਸ. ਪ੍ਰੀਤਮ ਸਿੰਘ ਦੇ ਆਪਣੇ ਹਿਸਾਬ ਸਿਰ) ਤਰੁੱਟੀ ਹੈ ਤਾਂ ਉਸ ਦਾ ਕਾਰਨ ਉਹਨਾਂ ਦਾ ਅਗਾਂਹ ਵਧੂ ਲੇਖਕ ਹੋਣਾ ਹੈ। ਪਸੰਦ ਆਪਣੀ ਆਪਣੀ। ਕਈਆਂ ਨੂੰ ਉਹ ਖੂਬੀਆਂ ਲਗਦੀਆਂ ਹਨ ਜਿਨ੍ਹਾਂ ਨੂੰ ਜਨਾਬ ਨੇ ਘਾਟੇ ਤੇ ਕਮੀਆਂ ਦਰਸਾਇਆ ਹੈ। ਪਰ ਮੇਰਾ ਸਵਾਲ ਇੱਕੋ ਹੈ-ਕੀ ਦੁਨੀਆਂ ਭਰ ਵਿਚ ਕਦੇ ਵੀ ਕੋਈ ਅਗਾਂਹ ਵਧੂ ਲੇਖਕ ਮਹਾਨ ਲੇਖਕ ਨਹੀਂ ਹੋਇਆ? ਇਓਂ ਤਾਂ ਸ਼ਾਇਦ ਪ੍ਰੀਤਮ ਸਿੰਘ ਹੋਰੀ ਅਪਣੇ ਸਾਰੇ ਦੁਰਭਾਵਾਂ ਦੇ ਹੁੰਦਿਆਂ ਹੋਇਆਂ ਵੀ ਨ ਕਹਿ ਸਕਣ ਕਿ ਹੋਇਆ ਹੀ ਨਹੀਂ? ਜੇ ਹੋਇਆ ਹੈ ਤਾਂ ਇਸਦਾ ਮਤਲਬ ਹੈ ਕਿ ਹੋਰ ਵੀ ਹੋ ਸਕਦਾ ਹੈ? ਮੈਂ ਜ਼ਿਆਦਾ ਵਿਸਥਾਰ ਵਿਚ ਨਹੀਂ ਜਾਵਾਂਗਾ—ਹਰ ਦੇਸ਼ ਵਿਚ ਜਿਥੇ ਵੀ ਇਨਕਲਾਬੀ ਕਿਸਮ ਦੀ ਰਚਨਾ ਹੋਈ ਹੈ ਮਹਾਨ ਸਾਹਿਤਕਾਰਾਂ ਨੇ ਲੋਟੂਆਂ ਦੇ ਵਿਰੁਧ ਅਤੇ ਲੁਟੀਂਦਿਆਂ ਤੇ ਮਹਿਕੂਮਾਂ ਦੇ ਹੱਕ ਵਿਚ ਲਿਖਿਆ ਹੈ ਅਤੇ ਜਿੰਨੇ ਜ਼ੋਰ ਨਾਲ ਉਹਨਾਂ ਨੇ ਗਰੀਬ ਮਜ਼ਲੂਮਾਂ ਦਾ ਸ਼ਰੇਣੀ ਪੱਖ ਪੂਰਿਆ ਹੈ ਓਨੀ ਹੀ ਉਹਨਾਂ ਦੀ ਰਚਨਾ ਮਹਾਨ ਹੋਈ ਹੈ। ਕੀ ਪਤਾ ਜਿਹਨਾਂ ਨੂੰ ਸਾਡੇ ਸ. ਪ੍ਰੀਤਮ ਸਿੰਘ ਅਪਣੀ ਰੰਗੀਨ ਐਨਕ ਵਿਚੋਂ ਦੀ ਦੇਖ ਕੇ ਦੁਰਕਾਰ ਰਹੇ ਹਨ, ਉਹ ਕਲ ਦੇ ਨਾਇਕ ਲੇਖਕਾਂ ਵਜੋਂ ਸਤਿਕਾਰੇ ਜਾਣ ਅਤੇ ਸ: ਪ੍ਰੀਤਮ ਸਿੰਘ ਹੋਰਾਂ ਦੇ ਦੁਰਭਾਵਾਂ ਉਤੇ ਲੋਕ ਨੱਕ ਮੂੰਹ ਚਾੜ੍ਹਨ। ਕਿਉਂਕਿ ਅਸੀਂ ਗੁਰੂ ਨਾਨਕ ਦੇਵ ਦੀ ਉਸ ਰਚਨਾ ਨੂੰ ਜਿਸ ਵਿਚ ਉਹਨਾਂ ਨੇ 'ਰਾਜੇ ਸ਼ੀਂਹ, ਮੁਕਦਮ ਕੁੱਤੇ' ਆਖਿਆ ਹੈ ਤੇ ਇਸ ਤਰਾਂ ਇਕ ਸ਼ਰੇਣੀ ਦੀ ਸ਼ਰੇਣੀ ਦੇ ਵਿਰੁਧ ਆਖਿਆ ਹੈ ਏਨੀ ਸ਼ਲਾਘਾ ਕਰਦੇ ਹਾਂ।

ਉਪਰੋਕਤ ਵਿਚ ਮੈਂ ਸ. ਪ੍ਰੀਤਮ ਸਿੰਘ ਦੇ ਵਿਚਾਰ ਅਧੀਨ ਲੇਖ ਦੇ ਮੁਖ-ਨੁਕਤਿਆਂ ਬਾਰੇ ਅਪਣਾ ਮੱਤ ਪੇਸ਼ ਕੀਤਾ ਹੈ। ਬਾਕੀ ਦੇ ਲੇਖ ਵਿਚ ਵੀ ਇਸੇ ਪਰਕਾਰ ਦਾ ਵਿਕਰਤ ਚਿੰਤਨ ਵਰਤਮਾਨ ਹੈ ਜਿਸ ਬਾਰੇ ਮੈਂ ਏਥੇ ਸਿਰ ਖਪਾਈ ਕਰਨੀ ਬੇ ਲੋੜੀ ਸਮਝਦਾ ਹਾਂ। ਇਕ ਗੱਲ ਜਰੂਰ ਹੀ ਮੈਂ ਏਥੇ ਦਰਜ ਕਰਨਾ ਚਾਹਾਂਗਾ। ਉਹ ਇਹ ਹੈ ਕਿ ਸ. ਪ੍ਰੀਤਮ ਸਿੰਘ ਹੋਰਾਂ ਦੇ ਇਸ ਲੇਖ ਅਤੇ ਦੂਜੇ ਇਸ ਪਰਕਾਰ ਦੇ ਕੁਝ ਇਕ ਲੇਖ, ਜੋ ਰਸਾਲਿਆਂ ਵਿਚ ਛਪਦੇ ਰਹੇ ਹਨ,ਪੜ੍ਹ ਕੇ ਮੈਨੂੰ ਇਸ ਗੱਲ ਦਾ ਦੁਖ ਬਹੁਤ ਜ਼ਿਆਦਾ ਹੋਇਆ ਹੈ ਕਿ ਇਹਨਾਂ ਦੇ ਪੜ੍ਹਨ ਤੋਂ ਇਹ ਤਾਂ ਸਾਬਤ ਹੁੰਦਾ ਹੈ ਕਿ ਉਹਨਾਂ ਨੇ ਗਰੀਬ ਤੇ ਦੁਖੀ ਜਗਤ ਦੇ ਹਮਦਰਦਾਂ ਦੇ ਸਾਹਿਤਕ ਦਰਿਸ਼ਟੀਕੋਣ ਨੂੰ ਭੰਡਣ ਲਈ ਬੜੀ ਮਗਜ਼ਮਾਰੀ ਤੋਂ ਕੰਮ ਲਿਆ ਹੈ ਪਰ ਉਹਨਾਂ ਦੀ ਏਨੀ ਮਿਹਨਤੀ ਕਲਮ ਦੀ ਨੋਕ ਵਿਚੋਂ ਇਕ ਸ਼ਬਦ ਵੀ ਤਾਂ ਦੁਖੀ ਦੁਨੀਆਂ ਦੀ ਹਮਦਰਦੀ ਦਾ ਨਹੀਂ ਨਿਕਲਿਆ, ਨ ਉਹਨਾਂ ਦੇ ਚਿੰਤਨ ਵਿਚੋਂ ਇਸ ਪਰਕਾਰ ਦੀ ਸੋਚ ਦੀ ਹੋਂਦ ਦੀ ਰੰਚਕ ਮਾਤਰ ਵੀ ਗਵਾਹੀ ਮਿਲੀ ਹੈ। ਆਖਿਰ ਕਿਓਂ?

ਸਵਾਲਾਂ ਦਾ ਸਵਾਲ ਤਾਂ ਇਹੋ ਹੈ ਕਿ ਆਖਰ ਸਾਹਿਤ ਰਚਨਾ ਕੇਵਲ ਇਸੇ ਲਈ ਕੀਤੀ ਜਾਵੇ ਕਿ ਵਿਹਲੜ ਦੁਨੀਆਂ ਦਾ ਜੀਅ ਪਰਚਾਵਾ ਹੋ ਸਕੇ ਜਾਂ ਇਸ ਰਾਹੀਂ ਮਾਨਵ ਸਮਾਜ ਦੀਆਂ ਕੋਈ ਸਮੱਸਿਆਵਾਂ ਵੀ ਹੱਲ ਕੀਤੀਆਂ ਜਾ ਸਕਦੀਆਂ ਹਨ ? ਜਾਂ ਤਾਂ ਕਹੋ ਕਿ ਹੱਲ ਕੀਤੀਆਂ ਹੀ ਨਹੀਂ ਜਾ ਸਕਦੀਆਂ। ਅਜੇਹੀ ਸੂਰਤ ਵਿਚ ਤੁਸੀਂ ਬਦਦਿਆਨਤ ਹੋਵੋਗੇ ਤੇ ਸਰਾਸਰ ਝੂਠ ਬੋਲ ਰਹੇ ਹੋਵੋਗੇ। ਕਿਉਂਕਿ ਅਜੇਹਾ ਸਾਹਿਤ ਢੇਰ ਰਚਿਆ ਗਿਆ ਹੈ ਜੋ ਮਨੁਖ ਲਈ ਕਲਿਆਨ ਕਾਰੀ ਸੀ ਤੇ ਹੈ। ਫੇਰ ਦੂਜੀ ਹਾਲਤ ਵਿਚ ਤੁਸੀਂ ਚਾਹੁੰਦੇ ਹੀ ਨਹੀਂ ਕਿ ਮਨੁਖ ਦੀ ਕਲਿਆਨ ਹੋਵੇ। ਜੇ ਤੁਸੀਂ ਅਜੇਹੀ ਉਲਟੀ ਚਾਹ ਦੇ ਮਾਲਕ ਹੋ ਤਾਂ ਸਾਫ਼ ਹੈ ਕਿ ਤੁਸੀਂ ਮਨੁਖ ਹਿਤਕਾਰੀ ਨਹੀਂ—ਅਤੇ ਮਨੁਖ ਹੁੰਦੇ ਹੋਏ ਮਨੁਖ ਹਿਤਕਾਰੀ ਉਹੋ ਹੀ ਨਹੀਂ ਹੁੰਦਾ ਜਿਸ ਦੀ ਕੋਈ ਸਮੱਸਿਆ ਵੀ ਹੱਲ ਹੋਣੋ ਨ ਰਹਿ ਗਈ ਹੋਵੇ ਜਾਂ ਜਿਸ ਦੀ ਦੁਖੀ-ਜਗਤ ਨਾਲ ਕੋਈ ਸਾਂਝ ਨ ਹੋਵੇ। ਮੈਂ ਨਹੀਂ ਸਮਝਦਾ ਕਿ ਸ. ਪ੍ਰੀਤਮ ਸਿੰਘ ਅਜੇਹੇ ਸੁਆਰਥੀ ਹਨ ਕਿ ਉਹਨਾਂ ਨੂੰ ਦੁਨੀਆਂ ਦੀ ਕੋਈ ਸਮੱਸਿਆ ਦਿਸਦੀ ਹੀ ਨਹੀਂ, ਜਾਂ ਦੁਨੀਆਂ ਲੋਟੂ ਤੇ ਲੁਟੀਂਦੀ, ਹਾਕਮ ਤੇ ਮਹਿਕੂਮ, ਅਮੀਰ ਤੇ ਗਰੀਬ ਸ਼ਰੇਣੀਆਂ ਵਿਚ ਵੰਡੀ ਹੋਈ ਹੀ ਨਹੀਂ ਜਾਪਦੀ। ਫੇਰ ਕਿਉਂ ਉਹ ਚਾਹੁੰਦੇ ਹਨ ਕਿ ਸਾਹਿਤ ਨੂੰ ਮਨੁਖ ਹਮਦਰਦੀ ਦੀ ਹਵਾ ਨਾ ਲਗ ਜਾਵੇ ਅਤੇ ਅਜੇਹਾ ਸਾਹਿਤ ਹੀ ਰੱਚਿਆ ਜਾਵੇ ਜੋ ਮਨੁਖ ਦੀ ਜ਼ਿੰਦਗੀ ਬਾਰੇ ਸੁੰਨ ਹੋਵੇ ਅਤੇ ਕੇਵਲ ਅਜੇਹੀ ਵਸਤੂ ਦਾ ਧਾਰਨੀ ਹੋਵੇ ਜਿਸ ਤੋਂ ਕੇਵਲ ਸਰਦੇ ਪੁਜਦੇ ਤੇ ਵਿਹਲੇ ਅਤੇ ਗ਼ਮੇ-ਰੁਜ਼ਗਾਰ ਤੋਂ ਮੁਕਤ ਲੋਕ ਹੀ ਫਾਇਦਾ ਉਠਾਉਣ।

ਅਸੀਂ ਤਾਂ ਹਰ ਚੀਜ਼, ਸਾਹਿਤ ਸਮੇਤ, ਉਹੋ ਹੀ ਚਾਹੁੰਦੇ ਹਾਂ ਜਿਹੜੀ ਜ਼ਿੰਦਗੀ ਦੇ ਘਾਤਕ ਕਾਰਨਾਂ ਨੂੰ ਦੂਰ ਕਰੇ ਤੇ ਉਸ ਦੇ ਉਸਾਰੂ ਕਾਰਨਾਂ ਵਿਚ ਏਨਾ ਵਾਧਾ ਕਰੇ ਕਿ ਉਹ ਪੂਰਨ ਭਾਂਤ ਉੱਸਰ ਕੇ ਮੋਕਸ਼ ਨੂੰ ਪ੍ਰਾਪਤ ਹੋਏ।

—0—

ਸਾਹਿਤ ਤੇ ਸ਼ਰੇਣੀ ਘੋਲ

ਸੁਰਜੀਤ

'ਸਿਰਜਣਾ' (ਅਪਰੈਲ-ਜੂਨ ਅੰਕ) ਵਿਚ 'ਸ਼ਰੇਣੀ ਘੋਲ ਤੇ ਸਾਹਿਤ' ਲਿਖ ਕੇ ਸ: ਪ੍ਰੀਤਮ ਸਿੰਘ ਨੇ ਬੁਰਜੁਆ ਰਾਜਨੀਤੀ ਦੀ ਤਰਜਮਾਨੀ ਵੀ ਕੀਤੀ ਹੈ ਤੇ ਮਾਰਕਸੀ ਸਿਧਾਂਤ ਦੀ ਨੁਕਤਾ-ਚੀਨੀ ਵੀ। ਸਾਡੇ ਵਿਚਾਰ ਵਿਚ ਸਾਹਿਤ ਤੇ ਕਲਾ ਦਾ ਕੰਮ ਸਮਾਜਿਕ ਜੀਵਨ ਨੂੰ ਚਿਤਰਨਾ ਅਤੇ ਲੋਕਾਂ ਅੱਗੇ ਪੇਸ਼ ਕਰਨਾ ਹੈ। ਪਰ ਇਸ ਦੀ ਪ੍ਰੀਭਾਸ਼ਾ ਤਦੇ ਪੂਰਨ ਹੁੰਦੀ ਹੈ ਜਦੋਂ ਅਸੀਂ ਇਸ ਨੂੰ ਕਿਸੇ ਮੰਤਵ ਨਾਲ ਜੋੜਦੇ ਹਾਂ, ਮੰਤਵ ਰਹਿਤ ਕੋਈ ਸਾਹਿਤ ਰਚਿਆ ਨਹੀਂ ਜਾ ਸਕਦਾ। ਜਾਂ ਤਾਂ ਇਹ ਮਨੁਖੀ ਸਮਾਜ ਨੂੰ ਪ੍ਰੀਵਰਤਣ ਕਰਨ ਲਈ ਪਰੇਰਦਾ ਹੈ ਤੇ ਅੱਗੇ ਖੜਦਾ ਹੈ ਜਾਂ ਪ੍ਰੀਵਰਤਣ ਹੋਣ ਤੋਂ ਇਸ ਨੂੰ ਹੋੜਕੇ ਖੜੋਤ ਵਿਚ ਰਖਣਾ ਚਾਹੁੰਦਾ ਹੈ। ਰਾਜਨੀਤੀ ਤੇ ਸਾਹਿਤ ਆਰਥਕ ਜੀਵਨ ਦੇ ਦੋ ਉਸਾਰ ਹਨ, ਦੋਵੇਂ ਪ੍ਰਸਪਰ ਪ੍ਰਭਾਵਤ ਹਨ। ਸਾਹਿਤ ਜਦੋਂ ਰਾਜਨੀਤੀ ਨੂੰ ਪ੍ਰਭਾਵਤ ਕਰਦਾ ਹੈ ਤਾਂ ਇਹ ਰਾਜਨੀਤੀ ਦਾ ਸਹਾਇਕ ਹੁੰਦਾ ਹੈ। ਬੁਰਜੁਆ ਲੇਖਕ ਸਾਹਿਤ ਨੂੰ ਆਪਣੇ ਆਪ ਵਿਚ ਇਕ End (ਸਾਧਯਾ) ਮੰਨ ਲੈਂਦੇ ਹਨ।

ਆਰਥਿਕ ਜੀਵਨ ਦੇ ਇਤਹਾਸਿਕ ਤੌਰ ਤੇ ਵਿਕਸਤ ਹੋਣ ਵਿਚ ਸ਼ਰੇਣੀਆਂ ਹੋਂਦ 'ਚ ਆਉਂਦੀਆਂ ਹਨ। ਹਰ ਮਨੁਖ ਸਮਾਜਿਕ ਜੀਵਨ ਵਿਚ ਵਿਚਰਣ ਕਰ ਕੇ ਇਹੋ ਜੇਹੇ ਸਮਾਜ ਵਿਚ ਇਕ ਜਾਂ ਦੂਜੀ ਸ਼ਰੇਣੀ ਨਾਲ ਬੱਝਾ ਹੁੰਦਾ ਹੈ। ਹਰ ਮਨੁੱਖ ਦੀ (Mentality) ਮਨੋ-ਅਵਸਥਾ ਉਸਦੀ ਜਮਾਤ ਦੀ (Mentality)ਮਨੋਅਵਸਥਾ ਹੁੰਦੀ ਹੈ ਹਰ ਜਮਾਤ ਦਾ ਆਪਣਾ ਸਾਹਿਤ ਹੁੰਦਾ ਹੈ ਜਿਸ ਦੀ ਤਰਜਮਾਨੀ ਉਸ ਦੇ ਸਾਹਿਤਕਾਰ ਕਰਦੇ ਹਨ। ਕਾਬਜ਼ ਸ਼ਰੇਣੀ ਆਪਣਾ ਸਾਹਿਤ ਆਪਣੇ ਹਿਤਾਂ ਅਨੁਸਾਰ ਸਿਰਜਦੀ ਹੈ ਤੇ ਮਜ਼ਦੂਰ ਸ਼ਰੇਣੀ ਉਸ ਸਾਹਿਤ ਦੀ ਰਚਨਾ ਦਾ ਸਹਾਰਾ ਲੈਂਦੀ ਹੈ ਜੋ ਬੁਰਜੁਆ ਸਾਹਿਤ ਤੋਂ ਬਿਲਕੁਲ ਵਿਪਰੀਤ ਹੁੰਦਾ ਹੈ ਤੇ ਇਸ ਦੇ ਹਿਤਾਂ ਦਾ ਅਨੁਸਾਰੀ ਹੁੰਦਾ ਹੈ। ਦੋਵੇਂ ਭਾਂਤ ਦੇ ਸਾਹਿਤ ਦੋਨਾਂ ਜਮਾਤਾਂ ਦੀ ਆਪਣੀ ਆਪਣੀ ਅਸਲੀਅਤ ਤੋਂ ਜਨਮ ਲੈਂਦੇ ਹਨ।

ਸੁਆਲ ਉਠਦਾ ਹੈ ਕਿ ਇਤਹਾਸਿਕ ਪਖੋਂ ਕਿਹੜੀ ਸ਼ਰੇਣੀ ਨਿਘਾਰ ਵਲ ਜਾ ਰਹੀ ਹੈ ਤੇ ਕਿਹੜੀ ਸ਼ਰੇਣੀ ਇਸ ਦੀ ਥਾਂ ਸੰਭਾਲਣ ਲਈ ਉਭਰ ਰਹੀ ਹੈ। ਨਵੇਂ ਦੀ ਜਿੱਤ ਅਤੇ ਪੁਰਾਣੇ ਦੀ ਹਾਰ ਦੀ ਲੜਾਈ ਇਸ ਪੜਾਅ ਉਤੇ ਹੁੰਦੀ ਹੈ,ਅਤੇ ਇਤਿਹਾਸਕ ਪੱਖ ਤੋਂ ਸ਼ਰੇਣੀ ਸਮਾਜ ਵਿਚ ਇਹ ਲੜਾਈ ਜਾਰੀ ਰਹਿੰਦੀ ਹੈ। ਭਵਿਖ ਉਭਰ ਰਹੀ ਸ਼ਰੇਣੀ ਮਜ਼ਦੂਰ ਸ਼ਰੇਣੀ ਦੇ ਹੱਥ 'ਚ ਆਏਗਾ, ਇਸ ਤੋਂ ਇਨਕਾਰੀ ਹੋਣਾ ਐਂਟੀ-ਡਾਕਿਆਲੈਕਟਿਕ ਹੈ। ਪੁਰਾਣੇ ਨੂੰ ਹਾਰ ਦੇਣ ਲਈ, ਜੋ

ਹਾਸਿਕ ਸੱਚ ਹੈ, ਸਾਹਿਤ ਨੂੰ ਨਵੇਂ ਦਾ ਸਹਾਇਕ ਬਣਨਾ ਪਵੇਗਾ।

ਸ: ਪ੍ਰੀਤਮ ਸਿੰਘ ਆਪਣੇ ਨਿਬੰਧ ਵਿਚ ਦੋ ਨੁਕਤੇ ਉਭਾਰ ਕੇ ਅੱਗੇ ਲਿਆਉਂਦੇ ਹਨ। ਦਰਅਸਲ ਇਹ 'ਘਾੜਤ' ਪ੍ਰੀਤਮ ਸਿੰਘ ਦੀ ਦੇਣ ਨਹੀਂ, ਬੁਰਜ਼ੁਆ ਲੇਖਕ ਇਹਨਾਂ ਨੁਕਤਿਆਂ ਦਾ ਹਮੇਸ਼ਾ ਸਹਾਰਾ ਲੈਂਦੇ ਆਏ ਹਨ।

ਪਹਿਲਾ ਨੁਕਤਾ ਹੈ ਕਿ ਮਨੁੱਖ ਵਿਅਕਤੀਗਤ ਤੌਰ ਤੇ ਸਿਰਜਣਾ ਕਰ ਸਕਦਾ ਹੈ ਤੇ ਕਿਸੇ ਸਿਧਾਂਤ ਤੋਂ ਮੁਨਕਰ ਹੈ।

ਦੂਜਾ ਨੁਕਤਾ ਹੈ ਕਿ ਸਾਹਿਤ ਨੂੰ ਸਾਹਿਤ ਦੇ ਮਿਆਰ ਤੋਂ ਪਰਖਣਾ ਚਾਹੀਦਾ ਹੈ, ਇਸ ਦਾ ਰਾਜਨੀਤੀ ਨਾਲ ਕੋਈ ਸਬੰਧ ਨਹੀਂ।

ਅਸੀਂ ਇਹਨਾਂ ਦੋਨਾਂ ਨੁਕਤਿਆਂ ਨੂੰ, ਜੋ ਬੁਰਜੁਆ ਰਾਜਨੀਤੀ ਦੀ ਉਪਜ ਹਨ, ਮਾਰਕਸੀ ਸਿਧਾਂਤ ਦੀ ਕਸੌਟੀ ਉਤੇ ਪਰਖਾਂਗੇ।

ਮਨੁੱਖ ਨੂੰ ਵਿਚਾਰਾਂ ਦੀ ਪੌੜੀ ਤੱਕ ਅਪੜਨ ਲਈ ਕੁਦਰਤ ਨਾਲ ਇਕ ਲੰਮਾ ਘੋਲ ਕਰਨਾ ਪਿਆ। ਇਹ ਘੋਲ ਸਦੀਵੀ ਹੈ ਤੇ ਮਨੁਖ ਜਾਤੀ ਦਾ ਸੰਚਾਲਕ ਵੀ। ਕਰਮ ਦੀ ਬੇਰੋਕ ਚਾਲ ਨਾਲ ਮਨੁੱਖ ਨੂੰ ਜਾਚ ਆਈ ਆਪਣੀ ਹੋਂਦ ਨੂੰ ਜ਼ਿੰਦਾ ਰਖਣ ਲਈ ਅਤੇ ਵਿਕਸਤ ਕਰਨ ਲਈ। ਆਰਥਕ ਪ੍ਰਸਥਿਤੀਆਂ ਨੇ ਸਮੂਹ ਦਾ ਸੰਪਰਕ ਕਾਇਮ ਕੀਤਾ। ਇਸ ਸੰਪਰਕ ਨੂੰ ਮਜ਼ਬੂਤ ਲੀਹਾਂ ਉਤੇ ਤੋਰਨ ਲਈ ਬੋਲੀ ਨੇ ਜਨਮ ਲਿਆ। ਵਿਚਾਰ ਨਾਂ ਦੀ ਚੀਜ਼ ਮਨੁੱਖ ਦਿਮਾਗ਼ ਵਿਚ ਦੌਰਾ ਕਰਨ ਲਗੀ। ਚੇਤੰਨਤਾ, ਇਸ ਭੌਤਿਕ ਆਰਥਿਕ ਪ੍ਰਸਥਿਤੀਆਂ ਤੋਂ ਉਗਮਕੇ ਇਕ ਖਾਸ ਪੜਾਅ ਉਤੇ ਅੱਪੜ ਕੇ ਇਸ ਬੁਨਿਆਦੀ ਆਰਥਿਕ ਜੀਵਨ ਨੂੰ ਪ੍ਰਭਾਵਤ ਕਰਨ ਲਗੀ। ਸਮਾਜਿਕ ਆਰਥਕ ਢਾਂਚੇ ਨੇ ਰਾਜਨੀਤੀ, ਕਾਨੂੰਨ, ਮਜ਼ੁਬ, ਕਲਾ ਤੇ ਸਾਹਿਤ ਨੂੰ ਜਨਮ ਦਿਤਾ। ਮਾਰਕਸ ਅਨੁਸਾਰ ਆਰਥਿਕ ਢਾਂਚਾ ਨੀਂਹ ਹੈ ਤੇ ਰਾਜਨੀਤੀ, ਕਾਨੂੰਨ, ਸਾਹਿਤ ਆਦਿ ਇਸ ਦਾ ਉਸਾਰ। ਸਾਹਿਤ ਇਸ ਉਸਾਰ ਦਾ ਇਕ ਪਹਿਲੂ ਹੈ। ਸੋ ਵਿਚਾਰ ਸਮਾਜਿਕ ਰਿਸ਼ਤੇ, ਜੋ ਉਤਪਾਦਨ ਦੇ ਲਛਣ ਹਨ, ਤੋਂ ਉਤਪੰਨ ਹੋਏ। ਵਿਅਕਤੀ ਦੇ ਵਿਚਾਰ ਸਮੂਹਕ ਉਤਪਾਦਨ ਵਿਕ ਜੁਟਣ ਕਰ ਕੇ ਹੋਂਦ 'ਚ ਆਏ। ਇਹ ਨਿਜੀ ਵੀ ਹੋ ਸਕਦੇ ਹਨ ਪਰ ਸੀਮਤ ਨਹੀਂ ਹੋ ਸਕਦੇ। ਜਾਂ ਇਉਂ ਕਹਿ ਲਓ ਕਿ ਨਿਜੀ ਹੁੰਦੇ ਹੋਏ ਸਮੂਹਕਤਾ ਦੇ ਘੇਰੇ ਤੋਂ ਬਾਹਰ ਨਹੀਂ ਜਾ ਸਕਦੇ। ਮਨੁੱਖ ਨੂੰ ਸਮੂਹਕਤਾ ਤੋਂ ਨਿਖੇੜਨਾ ਉਸ ਨੂੰ ਅਣ-ਇਤਿਹਾਸਿਕ ਬਣਾਉਣਾ ਹੈ। ਸਮਾਜਿਕ ਜਕੜਾਂ ਤੋਂ ਆਜ਼ਾਦ ਮਨੁੱਖ ਨੂੰ ਕਲਪਣਾ ਅਧਿਆਤਮਕਵਾਦ ਹੈ, ਜਿਸ ਦਾ ਪ੍ਰੀਤਮ ਸਿੰਘ ਸ਼ਿਕਾਰ ਹੋ ਗਏ ਜਾਪਦੇ ਹਨ। ਉਹ ਕਲਾਕਾਰ ਨੂੰ ਸਮਾਜ ਤੋਂ ਉਪਰ ਉਠਿਆ ਦੇਖਦੇ ਹਨ ਤੇ ਆਪਣੀ ਕਲਾ ਦਾ ਜਾਦੂ ਸੁੱਟ ਇਸ ਨੂੰ ਜਿਸ ਤਰ੍ਹਾਂ ਚਾਹੁਣ ਬਿਆਨ ਕਰ ਸਕਦੇ ਹਨ।

ਕਲਾਕਾਰ ਸਮਾਜ ਦਾ ਇਕ ਅੰਗ ਹੈ। ਉਹ ਸਮਾਜ ਨੂੰ ਕੇਵਲ ਤਦ ਹੀ ਚਿਤਰ ਸਕਦਾ ਹੈ ਜੇ ਸਮੂਹਕ ਮਨੁੱਖੀ ਅਮਲ ਰਾਹੀਂ ਸਮਾਜ ਦਾ ਵਿਕਸਤ ਹੋਣਾ ਜਾਰੀ ਰਹੇ। ਸਮੂਹ ਸਿਰਜਣਾ ਕਰਦਾ ਹੈ, ਕਲਾਕਾਰ ਇਸ ਸਮੂਹਕ ਸਿਰਜਣਾ ਨੂੰ ਆਪਣੀਆਂ ਕਿਰਤਾਂ ਵਿਚ ਉਲਥਾਂਦਾ ਹੈ। ਸ: ਪ੍ਰੀਤਮ ਸਿੰਘ ਕਲਾਕਾਰ ਨੂੰ ਸਮੂਹ ਨਾਲੋਂ ਨਖੇੜ,ਇਕ ਦੁਫੇੜ ਪਾਕੇ ਤਕਦੇ ਹਨ। ਉਹ ਕਲਾਕਾਰ ਦੇ ਨਿਜੀ ਵਿਚਾਰਾਂ ਨੂੰ ਪਹਿਲ ਦੇਂਦੇ ਹਨ ਜੋ ਸਮਾਜਿਕ ਜ਼ਿੰਦਗੀ ਉਤੇ ਜਿਵੇਂ ਜੀਅ ਆਏ ਆਪਣੇ

ਵਿਚਾਰ ਥਪ ਸਕਦਾ ਹੈ। ਕੋਈ ਸਾਹਿਤਕ ਕਿਰਤ ਮਨੁਖ ਆਪਣੇ ਨਿਜ ਲਈ ਨਹੀਂ ਰਚਦਾ। ਉਹ ਦੂਜਿਆਂ ਲਈ ਰਚਨਾ ਕਰਦਾ ਹੈ। ਆਪਣੇ ਇਕਲੇ ਦੀ ਬੰਦ ਦੁਨੀਆਂ ਵਿਚ ਉਸ ਲਿਖਣਾ ਤਾਂ ਕੀ, ਬੋਲ ਵੀ ਨਹੀਂ ਸਕਦਾ।

ਵਿਚਾਰ, ਜਜ਼ਬੇ ਆਦਿਕ ਮਨੁਖ ਦੇ ਨਿਜੀ ਵੀ ਹੁੰਦੇ ਹਨ, ਇਹਨਾਂ ਵਿਚ ਸਮੂਹਕਤਾ ਨਾਲੋਂ ਓਪਰਾਪਨ ਵੀ ਹੁੰਦਾ ਹੈ, ਪਰ ਮਨੁਖ ਇਹਨਾਂ ਵਿਚਾਰਾਂ ਤੇ ਜਜ਼ਬਿਆਂ ਨੂੰ ਯਥਾਰਥ ਬਣਾਉਣ ਲਈ ਸਮੂਹ ਨੂੰ ਰਚਨਾ ਪ੍ਰਦਾਨ ਕਰਦਾ ਹੈ। ਪਰ ਇਹਨਾਂ ਦੀ ਨੀਂਹ, ਜਿਸ ਤਰ੍ਹਾਂ ਪਹਿਲਾਂ ਲਿਖਿਆ ਜਾ ਚੁਕਿਆ ਹੈ, ਆਰਥਿਕ ਪ੍ਰਸਥਿਤੀਆਂ ਹਨ ਜੋ ਚੇਤੰਨਤਾ ਨੂੰ ਜਨਮ ਦੇਕੇ ਵਿਚਾਰ, ਜਜ਼ਬੇ ਨੂੰ ਆਪਣੀ ਵਖਰੀ ਹੋਂਦ ਵਿਚ ਵਿਕਸਤ ਕਰਦੀਆਂ ਹਨ। ਇਸ ਤਰ੍ਹਾਂ ਵਿਚਾਰਾਂ ਵਿਚ ਸਵੈ-ਪ੍ਰਗਟਾਵਾ ਤੇ ਓਪਰਾਪਨ ਵੀ ਹੁੰਦਾ ਹੈ। ਪਰ ਅਸੀਂ ਨੀਂਹ ਦੀ ਹੋਂਦ ਨੂੰ, ਜੋ ਇਸ ਹੋਂਦ (ਵਿਚਾਰ) ਦੀ ਸਚਾਈ ਹੈ, ਇਸ ਨਾਲੋਂ ਨਖੇੜ ਨਹੀਂ ਸਕਦੇ। ਇਸ ਦਾ ਅਰਥ ਇਹ ਹੈ ਕਿ ਉਸਾਰ ਅੱਡਰੀ ਹਸਤੀ ਕਾਇਮ ਰਖਦਿਆਂ ਵੀ ਨੀਂਹ ਤੋਂ ਨਖੇੜ ਕੇ ਨਹੀਂ ਦੇਖਿਆ ਜਾ ਸਕਦਾ। ਇਸ ਤੋਂ ਸਿੱਧ ਹੁੰਦਾ ਹੈ ਕਿ ਕਲਾਕਾਰ ਆਪਣੇ ਵਿਚਾਰ ਤਾਂ ਹੀ ਸਹੀ ਸਾਬਤ ਕਰ ਸਕਦਾ ਹੈ ਜੇ ਉਹ ਮਨੁਖ ਮਾਤਰ ਦੇ ਕਿਸੇ ਅੰਗ, ਕਿਸੇ ਸ਼ਰੇਣੀ, ਜਾਂ ਸਾਰੀ ਮਨੁਖਤਾ ਦੇ ਵਿਚਾਰਾਂ ਨਾਲ ਮੇਲ ਖਾਵੇ। ਇਹੀ ਯਥਾਰਥ ਨੂੰ ਸਮਝਣ ਦੀ ਸਹੀ ਕੁੰਜੀ ਹੈ।

ਸ: ਪ੍ਰੀਤਮ ਸਿੰਘ ਦੇ 'ਥੀਸਸ'ਦਾ ਦੂਜਾ ਨੁਕਤਾ ਹੈ ਕਿ ਸਾਹਿਤ ਬੱਸ ਸਾਹਿਤ ਹੈ ਇਸਦਾ ਰਾਜਨੀਤੀ ਨਾਲ ਕੋਈ ਵਾਸਤਾ ਨਹੀਂ।

ਮਾਦਾ ਸਦਾ ਗਤੀ-ਸ਼ੀਲ ਰਹਿੰਦਾ ਹੈ, ਇਹ ਮਾਰਕਸਵਾਦ ਦਾ ਪਹਿਲਾ ਸਿਧਾਂਤਕ ਸੰਕਲਪ ਹੈ। ਇਸ ਤੋਂ ਇਹ ਸਾਫ ਹੈ ਕਿ ਸਮਾਜਿਕ ਜੀਵਨ ਅਬਦਲ ਨਹੀਂ, ਇਹ ਨਿਰੰਤਰ ਬਦਲਣ ਦੇ ਵੇਗ ਵਿਚ ਹੁੰਦਾ ਹੈ। ਉਤਪਾਦਨ ਦੇ ਰਿਸ਼ਤੇ ਸ਼ਰੇਣੀਆਂ ਵਿਉਂਤਦੇ ਹਨ। ਸ਼ਰੇਣੀਆਂ ਦਾ ਪ੍ਰਸਪਰ ਘੋਲ ਮਨੁਖੀ ਸਮਾਜ ਦਾ ਇਤਿਹਾਸ ਸਿਰਜਦਾ ਹੈ। ਇਕ ਸ਼ਰੇਣੀ ਪੁਰਾਣੇ ਉਤਪਾਦਨ ਰਿਸ਼ਤੇ—ਜੋ ਪੈਦਾਵਾਰੀ ਸਥਿਤੀ ਨਾਲ ਮੇਲ ਨਹੀਂ ਖਾਂਦੇ ਮਿਟਾ, ਜੋ ਪਹਿਲੀ ਮਰ ਰਹੀ ਸ਼ਰੇਣੀ ਲਈ ਯਥਾਰਥਕ ਹੁੰਦੇ ਹਨ, ਨਵੇਂ ਰਿਸ਼ਤਿਆਂ ਨੂੰ ਹੋਂਦ ਵਿਚ ਲਿਆਉਂਦੀ ਹੈ ਜੋ ਪਹਿਲਿਆਂ ਨੂੰ ਅਣ-ਯਥਾਰਥਕ ਕਰਾਰ ਦੇਂਦੀ ਹੈ। ਇਕ ਸ਼ਰੇਣੀ ਦੀ ਚੜ੍ਹਤ ਸਿਰਫ਼ ਉਨਾ ਚਿਰ ਤੱਕ ਸੀਮਤ ਹੈ ਜਿੰਨਾਂ ਚਿਰ ਉਹ ਆਪਣਾ ਇਤਿਹਾਸਿਕ ਕਾਰਜ ਪੂਰਾ ਨਹੀਂ ਕਰ ਲੈਂਦੀ।

ਸਾਡੇ ਅਜੋਕੇ ਸਮਾਜ ਉਤੇ ਬੁਰਜੂਆ ਸ਼ਰੇਣੀ ਭਾਰੂ ਹੈ। ਸਮਾਜ ਵਿਚ ਪੈਦਾਵਾਰੀ ਸ਼ਕਤੀਆਂ ਪੈਦਾਵਾਰੀ ਮਾਲਕੀ ਨਾਲ ਮੇਲ ਨਹੀਂ ਖਾਂਦੀਆਂ। ਉਧਰ ਉਭਰ ਰਹੀ ਮਜ਼ਦੂਰ ਸ਼ਰੇਣੀ ਇਸ ਸੰਕਟ ਗ੍ਰਸਤ ਸਮਾਜ ਨੂੰ ਬਦਲਣ ਲਈ ਹੰਭਲਾ ਮਾਰ ਰਹੀ ਹੈ ਅਰਥਾਤ ਨਵੇਂ ਲਈ ਘੋਲ ਜਾਰੀ ਹੈ।

ਰਾਜਨੀਤੀ ਸ਼ਰੇਣੀ ਘੋਲ ਦਾ ਅਖਾੜਾ ਹੈ। ਇਥੇ ਬੁਨਿਆਦੀ ਨੀਂਹ ਨੂੰ ਬਦਲਣ ਲਈ ਉਸਾਰ ਨਾਲ ਲੜਾਈ ਹੁੰਦੀ ਹੈ। ਸਰਮਾਏਦਾਰ ਸ਼ਰੇਣੀ ਆਪਣੇ ਉਸਾਰ-ਰਾਜਨੀਤੀ, ਮਜ਼ਹਬ, ਕਾਨੂੰਨ, ਸਾਹਿਤ, ਹੋਰ ਜਥੇਬੰਦੀਆਂ ਰਾਹੀਂ, ਪਰੋਲਤਾਰੀ ਉਸਾਰ ਨੂੰ ਉਭਰਨੋਂ ਰੋਕਦੀ ਹੈ। ਇਥੇ ਹਰ ਮੁਹਾਜ਼ ਉਤੇ ਬੁਰਜੂਆ ਵਿਚਾਰਧਾਰਾ ਅਤੇ ਪਰੋਲੇਤਾਰੀ ਵਿਚਾਰਧਾਰਾ ਵਿਚਕਾਰ ਘੋਲ ਹੋਣਾ

ਲਾਜ਼ਮੀ ਹੈ।

ਇਥੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਰਾਜਨੀਤੀ ਅਤੇ ਸਾਹਿਤ ਨੂੰ ਨਖੇੜਿਆ ਨਹੀਂ ਜਾ ਸਕਦਾ। ਸਾਹਿਤ ਰਾਜਨੀਤੀ ਦਾ ਸਹਾਇਕ ਬਣ ਇਸ ਨੂੰ ਮਜ਼ਬੂਤ ਕਰਦਾ ਹੈ। ਕਿਉਂਕਿ ਸਮਾਜਿਕ ਸਚਾਈ ਸ਼ਰੇਣੀ ਘੋਲ ਹੈ, ਇਸ ਘੋਲ ਦਾ ਰਾਜਨੀਤਕ ਹੋਣਾ ਸੁਭਾਵਕ ਹੈ। ਕਲਾ ਇਸ ਸਚਾਈ ਨੂੰ ਉਘਾੜ ਕੇ ਲੋਕਾਂ ਅੱਗੇ ਪੇਸ਼ ਕਰਦੀ ਹੈ। ਇਹ ਦੋਨੋਂ ਅਨਿਖੜਵੇਂ ਕਰਮ ਹਨ। ਸਮਾਜਿਕ ਸਚਾਈ ਤੋਂ ਟੁਟੀ ਕਲਾ ਜਿੰਦ ਵਿਹੂਣੀ ਹੋਵੇਗੀ। ਦੋਨਾਂ ਦੀ ਏਕਤਾ ਹੈ ਤੇ ਭਿੰਨਤਾ ਵੀ। ਭਿੰਨਤਾ ਸਿਰਫ਼ ਇਸ ਏਕਤਾ ਦੇ ਪ੍ਰਸੰਗ ਵਿਚ ਹੀ ਦੇਖੀ ਜਾ ਸਕਦੀ ਹੈ।

ਸਾਡੇ ਵਿਦਵਾਨ ਨੇ ਮਾਓ-ਜ਼ੇ-ਤੁੰਗ ਦੇ ਕਲਾ ਦੇ ਦੋ ਪਹਿਲੂਆਂ ਰਾਜਨੀਤਕ ਮਿਆਰ ਅਤੇ ਕਲਾਤਮਕ ਮਿਆਰ ਨੂੰ ਨਿਖੇੜ ਕੇ ਇਹ ਲਿਖਿਆ ਹੈ ਤੇ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮਾਓ ਨੇ ਮੰਨਿਆ ਹੈ ਕਿ ਕਲਾ ਦਾ ਆਪਣਾ ਕਲਾਤਕ ਮਿਆਰ ਵੀ ਹੁੰਦਾ ਹੈ ਜੋ ਰਾਜਨੀਤੀ ਦੇ ਮਿਆਰ ਤੋਂ ਅੱਡਰਾ ਹੈ। ਮਾਓ ਦੇ ਵਿਚਾਰ ਵਿਚ ਕਲਾਤਮਕ ਮਿਆਰ ਸਿਰਫ਼ ਰਾਜਨੀਤਕ ਮਿਆਰ ਦੇ ਪਰਸੰਗ ਵਿਚ ਹੀ ਸਮਝਿਆ ਜਾਣਾ ਚਾਹੀਦਾ ਹੈ। ਕਲਾਤਮਕ ਮਿਆਰ ਸਿਰਫ਼ ਇਸ ਵਿਚ ਹੈ ਕਿ ਕਲਾ ਕਿਥੋਂ ਤੱਕ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਸ਼ਰੇਣੀ ਘੋਲ ਵਰਗੀ ਸਚਾਈ ਨੂੰ ਸਹੀ ਚਿਤਰਨ ਵਿਚ ਆਪਣਾ ਕਰਤਵ ਨਿਭਾਉਂਦੀ ਹੈ।

ਸੰਗੀਤ, ਮੂਰਤੀ ਕਲਾ, ਵਰਗੀਆਂ ਸੁਹਜ ਕਲਾ ਕਿਰਤਾਂ ਮਜ਼ਦੂਰ ਸ਼ਰੇਣੀ ਨੂੰ ਅੱਗੇ ਖੜ ਸਕਦੀਆਂ ਹਨ ਤੇ ਤੋਰਦੀਆਂ ਵੀ ਹਨ। ਚਿਤਰਕਾਰ ਸਪੂਤਨਿਕ ਦਾ ਚਿਤਰ ਬਣਾ ਨਵੇਂ ਯੁਗ ਨੂੰ ਦਰਸਾਂਦਾ ਹੈ। ਬੁਤ ਦੀ ਕੋਈ ਕਲਾ ਕਿਰਤ ਜੋ ਮਜ਼ਦੂਰ ਸ਼ਰੇਣੀ ਦੇ ਅਮਲ ਲਈ ਬਾਧਕ ਨਹੀਂ, ਸਾਹਿਤ ਵਿਚ ਅਪਣਾਈ ਜਾਣੀ ਚਾਹੀਦੀ ਹੈ ਕਿਉਂਕਿ ਇਹ ਲੋਕਾਂ ਦਾ ਹਿਤ ਪਾਲਦੀ ਹੈ।

ਸ: ਪ੍ਰੀਤਮ ਸਿੰਘ ਦੇ 'ਥੀਸਸ' ਅਨੁਸਾਰ ਜਸਵੰਤ ਸਿੰਘ ਕੰਵਲ ਦੀ ਕਲਾ ਦੀ ਅਸਫਲਤਾ ਉਸ ਦੇ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਹੋਈ ਹੈ। ਪਰ ਗੱਲ ਇਸ ਦੇ ਐਨ ਉਲਟ ਹੈ। ਕੰਵਲ ਦੀ ਸਿਧਾਂਤਕ ਪਹੁੰਚ ਤਾਂ ਸਲਾਹੁਣ ਯੋਗ ਹੈ ਪਰ ਸਿਧਾਂਤਕ ਅਸਪਸ਼ਟਤਾ ਕਰ ਕੇ ਉਹ ਕਈ ਵਾਰ ਉਲਾਰਵਾਦੀ ਹੋ ਜਾਂਦਾ ਹੈ ਤੇ ਸਚਾਈ ਨੂੰ ਦਰਸਾਣ ਵਿਚ ਅਸਫਲ ਰਹਿੰਦਾ ਹੈ। ਸ਼ੋਲੋਖੋਵ ਦੀ ਉਦਾਹਰਣ ਇਥੇ ਦੇਣੀ ਅਸੀਂ ਠੀਕ ਸਮਝਾਂਗੇ। 'ਡਾਨ ਵਹਿੰਦਾ ਰਿਹਾ' ਵਿਚ ਸ਼ੋਲੋਖੋਵ ਯਥਾਰਥਕ ਪੱਖ ਤੋਂ ਬਿਲਕੁਲ ਸਹੀ ਉਤਰਦਾ ਹੈ। ਉਹ ਮਰ ਰਹੀਆਂ ਸ਼ਰੇਣੀਆਂ, ਜੋ ਇਨਕਲਾਬ ਤੋਂ ਪਿਛੋਂ ਸਿਰ ਚੁਕਦੀਆਂ ਹਨ, ਨੂੰ ਸਹੀ ਚਿਤਰਣ ਵਿਚ ਹਿਚਕਚਾਂਦਾ ਨਹੀਂ। ਇਹ ਉਸ ਦੀ ਮਹਾਨਤਾ ਹੈ। ਕਲਾਕਾਰ ਦਾ ਇਹ ਮਤਲਬ ਨਹੀਂ ਕਿ ਦੂਜੀ ਸ਼ਰੇਣੀ ਦੀ ਖਾਸੀਅਤ ਨੂੰ ਤਰੋੜ ਮਰੋੜ ਕੇ ਪੇਸ਼ ਕਰੇ। ਪਰ ਕੀ ਇਸ ਤਰ੍ਹਾਂ ਕਰਦਿਆਂ ਸ਼ੋਲੋਖੋਵ ਸਿਧਾਂਤ ਤੋਂ ਬੇਮੁੱਖ ਹੁੰਦਾ ਹੈ? ਸ਼ਾਇਦ ਇਹ ਗੱਲ ਸ: ਪ੍ਰੀਤਮ ਸਿੰਘ ਦੇ ਖਾਨੇ ਨਾ ਪੈ ਸਕੇ।

ਮਹਾਨ ਪਰੋਲਤਾਰੀ ਲੇਖਕ ਗੋਰਕੀ ਨੂੰ ਸਾਡੇ ਵਿਦਵਾਨ ਨੇ ਤਰੋੜ ਮਰੋੜ ਕੇ ਇਕ ਬੁਰਜੂਆ ਲੇਖਕ ਦਰਸਾਉਣ ਦੀ ਬੇ-ਹੱਦ ਕੋਸ਼ਿਸ਼ ਕੀਤੀ ਹੈ। ਆਪਣੇ 'ਥੀਸਸ' ਨੂੰ ਬਚਾਣ ਲਈ ਉਨ੍ਹਾਂ ਨੇ ਏਧਰੋਂ ਉਧਰੋਂ ਆਪਣੇ ਮਤਲਬ ਦੀਆਂ ਟੂਕਾਂ ਚੁਕ ਕੇ ਗੋਰਕੀ ਨੂੰ ਇਸ ਤਰ੍ਹਾਂ ਪੇਸ਼ ਕੀਤਾ

ਹੈ ਕਿ ਉਹ ਕਲਾ ਨੂੰ ਰਾਜਨੀਤੀ ਤੋਂ ਅਲੱਗ ਸਮਝਦਾ ਹੈ। ਪਰ ਲੈਨਿਨ ਗੋਰਕੀ ਨੂੰ ਸੋਵੀਅਤ ਸਾਹਿਤ ਦਾ ਕਰਤਾ ਧਰਤਾ ਤੇ ਪਰਲੋਤਾਰੀ ਸਾਹਿਤ ਨੂੰ ਜਨਮ ਦੇਣ ਵਾਲਾ ਮਹਾਨ ਲੇਖਕ ਮੰਨਦਾ ਹੈ।

ਸ: ਪ੍ਰੀਤਮ ਸਿੰਘ ਦਾ ਦੁਖਾਂਤ ਇਸ ਵਿਚ ਹੈ ਕਿ ਉਹ ਬੁਰਜੁਆ ਰਾਜਨੀਤੀ ਦਾ ਪਰਚਾਰ ਕਰਦੇ ਹਨ। ਸ਼ਰੇਣੀ ਸਮਾਜ ਵਿਚ ਕਾਬਜ਼ ਜਮਾਤ ਦੇ ਬੁਲਾਰੇ ਬਾਹਰ ਮੁਖੀ ਤੌਰ ਤੇ ਸਮੁੱਚੇ ਸਮਾਜ ਨੂੰ ਸੰਬੋਧਨ ਕਰਦੇ ਹਨ। ਉਹ ਲੋਕਾਂ ਅੱਗੇ 'ਕਲਾ ਲਈ' ਜਾਂ ਹੋਰ ਇਸ ਤਰ੍ਹਾਂ ਦੇ ਊਲ ਜਲੂਲ-ਸਿਧਾਂਤ ਪੇਸ਼ ਕਰ ਕੇ ਲੋਕਾਂ ਨੂੰ ਰਾਜਨੀਤੀ ਤੋਂ ਦੂਰ ਰਖਣ ਦਾ ਯਤਨ ਕਰਦੇ ਹਨ। ਇਸ ਦੇ ਫਲ ਸਰੂਪ ਕਬਜ਼ੇ ਲਈ ਜੂਝਦੀ ਮਜ਼ਦੂਰ ਜਮਾਤ ਦੇ ਇਨਕਲਾਬੀ ਉਭਾਰ ਨੂੰ ਖੁੰਢਿਆਂ ਕਰ ਕੇ ਉਹ ਲੋਟੂ ਜਮਾਤ ਦਾ ਹਿਤ ਪਾਲਦੇ ਹਨ ਅਤੇ ਸਮਾਜ ਨੂੰ ਪ੍ਰੀਵਰਤਣ ਵਲ ਲਜਾਣ ਦੀ ਬਜਾਏ ਉਸ ਨੂੰ 'ਜਿਉਂ ਦਾ ਤਿਉਂ' ਰਖਣਾ ਚਾਹੁੰਦੇ ਹਨ।

ਦਰਅਸਲ ਸ: ਪ੍ਰੀਤਮ ਸਿੰਘ ਦਾ ਥੀਸਸ—ਕਲਾ, ਕਲਾ ਹੈ ਤੇ ਰਾਜਨੀਤੀ ਰਾਜਨੀਤੀ—ਇਕ ਰਾਜਨੀਤਕ ਥੀਸਸ ਹੈ ਜੋ ਬੁਰਜੁਆ ਜਮਾਤ ਦਾ ਪੱਖ ਪੂਰਦਾ ਹੈ।

— — — —

ਪੰਜਾਬੀ ਲੇਖਕ ਡਾਇਰੈਕਟਰੀ

ਸਾਹਿਤ ਸਭਾ, ਅਨੰਦਪੁਰ ਸਾਹਿਬ, ਆਧੁਨਿਕ ਪੰਜਾਬੀ ਲਿਖਾਰੀਆਂ ਦੀ ਡਾਇਰੈਕਟਰੀ ਤਿਆਰ ਕਰ ਰਹੀ ਹੈ। ਇਸ ਲਈ ਸਮੂੰਹ ਲੇਖਕਾਂ ਨੂੰ ਬਿਨੈ ਕੀਤੀ ਜਾਂਦੀ ਹੈ ਕਿ ਉਹ ਆਪਣੇ ਬਾਰੇ ਪੂਰੀ ਜਾਣਕਾਰੀ, ਰਚਨਾ ਦਾ ਕੁਝ ਨਮੂਨਾ, ਪੂਰਾ ਪਤਾ ਅਤੇ ਜੇ ਹੋ ਸਕੇ ਤਾਂ ਇਕ ਫੋਟੋ, ਸਕੱਤਰ, ਸਾਹਿਤ ਸਭਾ, ਅਨੰਦ ਪੁਰ ਸਾਹਿਬ (ਰੋਪੜ) ਦੇ ਨਾਂ ਭੇਜਣ ਦਾ ਕਸ਼ਟ ਕਰਨ। ਜਿਹੜੇ ਲੇਖਕ ਵੀਰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ ਉਹਨਾਂ ਬਾਰੇ ਜਿੰਨ੍ਹਾਂ ਵੀਰਾਂ ਤੇ ਭੈਣਾਂ ਨੂੰ ਜਾਣਕਾਰੀ ਹੋਵੇ ਉਹ ਵੀ ਭੇਜਣ ਦਾ ਕਸ਼ਟ ਕਰਨ। ਅਸੀਂ ਬਹੁਤ ਧੰਨਵਾਦੀ ਹੋਵਾਂਗੇ।

— — — —

ਸ਼ਰੇਣੀ ਘੋਲ
ਤੇ
ਸਾਹਿਤ

ਅਵਤਾਰ ਸਿੰਘ 'ਸਾਦਿਕ'

ਸ: ਪ੍ਰੀਤਮ ਸਿੰਘ ਆਪਣੇ ਲੇਖ 'ਸ਼ਰੇਣੀ ਘੋਲ ਤੇ ਸਾਹਿਤ' ਵਿਚ ਲਿਖਦੇ ਹਨ, "ਸ਼ਰੇਣੀ ਘੋਲ ਮਾਰਕਸਵਾਦੀ ਦਰਸ਼ਣ ਦੀ ਆਧਾਰ ਸ਼ਿਲਾ ਹੈ। ਮਾਰਕਸ ਨੇ ਵਿਸ਼ਲੇਸ਼ਣ ਦੇ ਇਸ ਸੰਦ ਦੀ ਮਨੁੱਖੀ ਇਤਿਹਾਸ ਗਤੀ ਦੀ ਵਿਆਖਿਆ ਲਈ ਘਾੜਤ ਕੀਤੀ ਸੀ। ਮਾਰਕਸਵਾਦੀ ਸਾਹਿਤਕਾਰਾਂ ਨੇ ਇਸ ਨੂੰ ਸਾਹਿਤ ਕਲਾ ਦੇ ਖੇਤਰ ਵਿਚ ਵੀ ਵਰਤੋਂ ਵਿਚ ਲੈ ਆਂਦਾ ਹੈ।" ਇਸ ਨੂੰ ਪਹਿਲਾਂ ਘੋਖਣਾ ਚਾਹੀਦਾ ਹੈ, ਸਮਝਣਾ ਚਾਹੀਦਾ ਹੈ। ਇਸ ਤੋਂ ਉਪਰੰਤ ਅਸੀਂ ਨਿਰਨਾ ਕਰਨ ਦੇ ਯੋਗ ਹੋ ਸਕਾਂਗੇ ਕਿ ਇਸ ਸਿਧਾਂਤ ਨੂੰ ਕਲਾ ਤੇ ਸਾਹਿਤ ਦੇ ਖੇਤਰ ਵਿਚ ਲਾਗੂ ਕਰਨਾ ਕਿਥੋਂ ਤੱਕ ਉਚਿੱਤ ਹੈ। ਅੱਗੇ ਜਾ ਕੇ ਲਿਖਦੇ ਹਨ "ਇਹ ਵਿਰਾਟ ਸੰਕਲਪ ਹੈ। ਸਾਹਿਤ ਵਿਅਕਤੀਗਤ ਕਿਰਿਆ ਹੈ... ਸਾਡੀ ਸਮਾਜਿਕ ਦਸ਼ਾ ਭੌਤਿਕ ਵਾਤਾਵਰਣ ਤੇ ਅਧਾਰਿਤ ਨਹੀਂ।"

ਪ੍ਰੀਤਮ ਸਿੰਘ ਹੋਰਾਂ ਦੇ ਇਸ ਲੇਖ ਨੂੰ ਪੜ੍ਹਕੇ ਇਉਂ ਜਾਪਿਆ ਹੈ ਕਿ ਉਹਨਾਂ ਦੀ ਮਾਰਕਸਵਾਦੀ ਦਰਸ਼ਨ ਵਿਚ ਸ਼ਰੇਣੀ ਘੋਲ ਨੂੰ ਸਮਝਣ, ਪਰਖਣ, ਘੋਖਣ ਦੀ ਸੂਝ ਬੜੀ ਅਧੂਰੀ ਜਿਹੀ ਹੈ। ਹਾਂ ਭੰਨ ਤੋੜ ਕਰਨ ਵਿਚ ਕਾਫ਼ੀ ਚਲਾਕੀ ਵਿਖਾ ਗਏ ਹਨ। ਸ੍ਰ: ਪ੍ਰੀਤਮ ਸਿੰਘ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਮਾਰਕਸ ਨੇ ਇਸ ਸੰਦ ਨੂੰ ਮਨੁੱਖੀ ਇਤਿਹਾਸ ਦੀ ਗਤੀ ਦੀ ਵਿਆਖਿਆ ਲਈ ਹੀ ਨਹੀਂ ਵਰਤਿਆ ਸਗੋਂ ਮਨੁੱਖਤਾ ਦੇ ਕਲਿਆਣ ਲਈ ਹੋਂਦ ਵਿਚ ਲਿਆਂਦਾ ਜੋ ਕਿ ਆਪਣੀ ਸਚਾਈ ਦਾ ਪ੍ਰਮਾਣ ਰੂਸ ਦੀ ਧਰਤੀ ਵਿਚੋਂ ਦੇ ਕੇ ਅੱਜ ਸਭ ਦੇਸ਼ਾਂ ਦੀਆਂ ਦਲਿਤ ਸ਼ਰੇਣੀਆਂ ਲਈ ਆਤਮਕ ਹਥਿਆਰ ਸਿੱਧ ਹੋ ਰਿਹਾ ਹੈ। ਬੜੀ ਚੰਗੀ ਗੱਲ ਹੁੰਦੀ ਜੇ ਸ੍ਰ: ਪ੍ਰੀਤਮ ਸਿੰਘ ਵਿਅਕਤੀ ਅਤੇ ਸਮਾਜ ਸੰਬੰਧੀ ਮਾਰਕਸਵਾਦੀ ਸੰਕਲਪ ਨੂੰ ਸਮਝਣ ਦਾ ਯਤਨ ਕਰਦੇ। ਐਪਰ ਸਮਝਣਾ ਵੀ ਤਾਂ ਇਕ ਸਮੱਸਿਆ ਹੈ ਉਹਨਾਂ ਸਭਨਾਂ ਲਈ ਜਿਹੜੇ ਮਨੁੱਖੀ ਸਰਗਰਮੀ ਦੇ ਸੁਭਾਅ, ਸਮਾਜ ਦੇ ਵਿਕਾਸ ਦੇ ਬਾਹਰਮੁਖੀ ਨੇਮਾਂ ਅਤੇ ਇਤਿਹਾਸਕ ਆਵਸ਼ਕਤਾ ਨੂੰ ਹੋਂਦਵਾਦ ਦੀ ਐਨਕ ਨਾਲ ਵੇਖਦੇ ਹਨ।

ਸਮਾਜ ਅਤੇ ਵਿਅਕਤੀ ਵਿਚਕਾਰਲੇ ਰਿਸ਼ਤੇ ਦੇ ਮਸਲੇ ਨੂੰ ਸਮਝਣਾ ਸ੍ਰ: ਪ੍ਰੀਤਮ ਸਿੰਘ ਨੂੰ ਬੜਾ ਔਖਾ ਲੱਗਾ ਹੋਵੇਗਾ। ਉਹਨਾਂ ਦੇ ਆਪਸੀ ਪੱਖਾਂ ਤੇ ਪ੍ਰਭਾਵ ਨੂੰ ਸਮਾਜ ਦੀ ਬਣਤਰ ਨਾਲੋਂ ਉਹ ਜੁਦਾ ਕਰਕੇ ਵੇਖਦੇ ਹਨ ਜਦ ਕਿ ਸਮਾਜ ਤੋਂ ਬਗੈਰ ਵਿਅਕਤੀ ਦੀ ਹੋਂਦ ਹੀ ਨਹੀਂ। ਸ੍ਰ: ਪ੍ਰੀਤਮ ਸਿੰਘ ਇਹ ਵੀ ਭੁਲ ਗਏ ਕਿ ਸਾਹਿਤ ਤਾਂ ਸਮਾਜ ਦਾ ਪ੍ਰਤੀਬਿੰਬ ਹੁੰਦਾ ਹੈ ਅਤੇ ਵਿਅਕਤੀ ਸਿਰਜਣਾ ਦੇ ਖੇਤਰ ਵਿਚ ਆਪਣੇ ਆਪ ਤਕ ਸੀਮਤ ਨਹੀਂ।

ਵਿਅਕਤੀ ਵਿਚ ਦੋ ਪ੍ਰਬਲ ਰੁਚੀਆਂ ਕੰਮ ਕਰਦੀਆਂ ਹਨ। ਪਹਿਲੀ ਰੁਚੀ ਤਾਂ ਹੈ
(ਆਪੇ ਦਾ ਪ੍ਰਗਟਾਅ) ਆਪਾ ਜਾਨਣ ਦੀ ਅਤੇ ਦੂਜੀ ਰੁਚੀ ਹੈ ਦੂਜਿਆਂ ਸੰਬੰਧੀ ਜਾਨਣ ਦੀ। ਪਰ
ਸ: ਪ੍ਰੀਤਮ ਸਿੰਘ ਸਿਰਜਣਾ ਦੇ ਵਿਚਾਰਾਂ ਨੂੰ ਨਿੱਜੀ ਅਨੁਭਵ, ਜਾਤੀ ਯੋਗਤਾ ਤੇ ਕੀਤੀ ਹੋਈ
ਮਿਹਨਤ ਤਕ ਹੀ ਸੀਮਤ ਰੱਖਦੇ ਹਨ। ਇਸ ਪ੍ਰਕਾਰ ਉਹ ਸਾਹਿਤ ਨੂੰ ਸਮਝਣੋਂ ਵੀ ਅਸਮਰਥ
ਰਹੇ ਹਨ।

ਸਾਹਿਤ ਦੀ ਸਿਰਜਣਾ ਉਪਰੋਕਤ ਦੋਨੋਂ ਰੁਚੀਆਂ ਦੁਆਰਾ ਹੁੰਦੀ ਹੈ। ਜੇ ਸਾਹਿਤ
ਵਿਅਕਤੀ ਤੱਕ ਹੀ ਸੀਮਤ ਹੈ ਤਾਂ ਦੂਜਿਆਂ ਸੰਬੰਧੀ ਜਾਨਣ ਦੀ ਇੱਛਾ ਹੀ ਪੈਦਾ ਨਹੀਂ ਹੁੰਦੀ। ਪਰ
ਉਹ ਤਾਂ ਸਾਹਿਤ ਤੇ ਆਲੋਚਨਾ ਦੋਨਾਂ ਖੇਤਰਾਂ ਵਿਚ ਨਵੀਆਂ ਲੀਹਾਂ ਤੋਰਨ ਦੇ ਇੱਛਕ ਹਨ। ਪਰ
ਪੁਛਿਆ ਜਾ ਸਕਦਾ ਹੈ ਕਿਹਨਾਂ ਲਈ ਨਵੀਆਂ ਲੀਹਾਂ ਚਾਹੁੰਦੇ ਹਨ? ਸਮਾਜ ਲਈ ਜਾਂ ਵਿਅਕਤੀਆਂ
ਦੀ ਇਕ ਟੋਲੀ ਲਈ, ਮਜ਼ਦੂਰਾਂ ਲਈ ਜਾਂ ਅਮੀਰਾਂ ਲਈ? ਜੇ ਕਦੀ ਉਹ ਮਾਰਕਸਵਾਦੀ ਦਰਸ਼ਨ
ਅਤੇ ਇਤਿਹਾਸ ਨੂੰ ਚੰਗੀ ਤਰ੍ਹਾਂ ਪੜ੍ਹਦੇ ਤਾਂ ਉਹ ਇਹ ਸਮਝਣ ਦੇ ਯੋਗ ਹੋ ਜਾਂਦੇ ਕਿ ਆਧੁਨਿਕ
ਸਮਾਜ ਵਿਚ ਵਿਅਕਤੀ ਵੀ ਦੋ ਪ੍ਰਕਾਰ ਦੇ ਹਨ। ਇਕ ਪਰੋਲਤਾਰੀ ਤੇ ਦੂਜਾ ਬੁਰਜੁਆ। ਸ: ਪ੍ਰੀਤਮ
ਸਿੰਘ ਭਲਾ ਕਿਸ ਕਿਸਮ ਦੇ ਵਿਅਕਤੀ ਦੀ ਗੱਲ ਕਰਦੇ ਹਨ? ਜੇ ਕਦੀ ਉਹ ਵਿਅਕਤੀ ਸੰਬੰਧੀ
ਸਮਝਣ ਦੀ ਕੋਸ਼ਿਸ਼ ਕਰਦੇ ਤਦ ਉਨ੍ਹਾਂ ਨੂੰ ਸ਼ਰੇਣੀ ਘੋਲ ਨੂੰ ਸਮਝਕੇ ਸਾਹਿਤ ਵਿਚ ਅਪਣਾਉਣ
ਲਈ ਕੋਈ ਇਤਰਾਜ਼ ਨਾ ਹੁੰਦਾ।

ਫਿਰ ਉਹ ਇਹ ਵੀ ਆਖਦੇ ਹਨ ਕਿ "ਸਾਡੀ ਸਮਾਜਿਕ ਦਸ਼ਾ ਭੌਤਿਕ ਵਾਤਾਵਰਣ
ਉਤੇ ਆਧਾਰਿਤ ਨਹੀਂ।" ਕੀ ਅਸੀਂ ਪੁਛ ਸਕਦੇ ਹਾਂ ਕਿ ਗੂੜ੍ਹ ਸਮਾਧੀਆਂ ਲਾ ਕੇ ਫਾਕਿਆਂ ਉਤੇ
ਆਧਾਰਿਤ ਹੈ?

ਕੀ ਵਿਅਕਤੀਗਤ ਸਮਸਿਆਵਾਂ ਨਿਰਵਾਣ ਨਾਲ ਹੱਲ ਹੋ ਸਕਦੀਆਂ ਹਨ? ਜੇ ਸਮਾਜ
ਵਿਚ ਆਰਥਿਕ ਸਮੱਸਿਆਵਾਂ ਭਾਰੂ ਹਨ ਤਦ ਉਸ ਦਾ ਜ਼ਿਮੇਵਾਰ ਗਲਤ ਆਰਥਿਕ ਬਣਤਰ ਤੋਂ
ਬਿਨਾਂ ਹੋਰ ਕੌਣ ਹੈ? ਗਲਤ ਆਰਥਿਕ ਬਣਤਰ ਦੇਸ਼ ਵਿਚ ਅਜਿਹੀਆਂ ਸਮੱਸਿਆਵਾਂ ਪੈਦਾ ਕਰਨ
ਲਈ ਜ਼ਿਮੇਂਵਾਰ ਹੈ। ਵਿਅਕਤੀ ਦਾ ਦੁਖਾਂਤ ਜਮਾਤਾਂ ਵਿਚਕਾਰ ਵਿਰੋਧਤਾਈਆਂ ਦਾ ਸਿੱਟਾ ਹੈ।
ਪਰ ਪ੍ਰੀਤਮ ਸਿੰਘ ਹੋਰੀਂ ਆਪਣੇ ਲੇਖ ਵਿਚ ਵਿਅਕਤੀ ਦੀ ਸਮਾਜ ਉਤੇ ਨਿਰਭਰਤਾ ਤੋਂ ਮੁਕਤ ਹੋਣ
ਤਕ ਚਲੇ ਗਏ ਸਨ।

ਅੱਗੇ ਜਾ ਕੇ ਉਹ ਲਿਖਦੇ ਹਨ, "ਮਾਰਕਸ ਨੇ ਸ਼ਰੇਣੀਆਂ ਤੇ ਸ਼ਰੇਣੀ ਘੋਲ ਦਾ ਜ਼ਿਕਰ
ਥਾਵੇਂ ਪਰਥਾਵੇਂ ਕੀਤਾ ਹੈ ਪਰ ਸ਼ਰੇਣੀ ਨੂੰ ਕਿਧਰੇ ਵੀ ਪ੍ਰੀਭਾਸ਼ਤ ਨਹੀਂ ਕੀਤਾ। ਪਰ ਜੇ ਉਹ
ਮਾਰਕਸ ਨੂੰ "ਸਮਾਜੀ ਜਮਾਤਾਂ ਅਤੇ ਸਮਾਜੀ ਘੋਲ ਦੇ ਸਿਰਲੇਖ ਥੱਲੇ ਪੜ੍ਹਨ ਦਾ ਯਤਨ ਕਰਦੇ ਤਾਂ
ਉਹਨਾਂ ਨੂੰ ਪ੍ਰੀਭਾਸ਼ਾ ਮਿਲ ਜਾਂਦੀ। ਮਾਰਕਸ ਲਿਖਦੇ ਹਨ, "What constitutes the
class? The answer can be found answering an other ques-
tion: What constitutes labourers, capitalists, and landlords as
three great social classes? ਅਤੇ ਉਨ੍ਹਾਂ ਨੂੰ ਹੋਰ ਲੇਖਕ (ਕਰਿਸਟਾਫਰ ਕਾਡਵੈਲ
ਆਦਿ) ਨਾ ਪੜ੍ਹਨੇ ਪੈਂਦੇ।

ਮਾਰਕਸ ਦਾ ਪਰੋਲਤਾਰੀ, ਆਰਥਕ ਤੇ ਸਮਾਜਿਕ ਸਥਿਤੀ ਦੇ ਵਿਸ਼ਲੇਸ਼ਣ ਲਈ ਸਾਧਨ ਹੀ ਨਹੀਂ ਸਗੋਂ ਜੀਉਂਦਾ ਜਾਗਦਾ ਮਨੁੱਖ ਹੈ। ਕੌਣ ਅੱਖ ਮੀਟ ਸਕਦਾ ਹੈ ਦੇਸ਼ ਵਿਚ ਕਰੋੜਾਂ ਟੱਬਰ ਗਲਤ ਆਰਥਕ ਬਣਤਰ ਦੇ ਸ਼ਕੰਜੇ ਵਿਚ ਪੀੜੇ ਜਾ ਰਹੇ ਹਨ। ਜਿਥੇ ਰਾਜਨੀਤਕ ਤਾਕਤਾਂ ਬੁਰਜੁਆਜ਼ੀ ਦੀ ਸੇਵਾ ਕਰਦੀਆਂ ਹਨ ਜਦ ਬੁਰਜੁਆਜੀ ਮੋਹਰਲੀਆਂ ਸਫਾਂ ਵਿਚ ਹੋਵੇ। ਹਰ ਜਮਾਤ ਆਪਣਾ ਰਾਜਨੀਤਕ ਪੱਖ ਪਹਿਲਾਂ ਪੇਸ਼ ਕਰਦੀ ਹੈ। ਇਸ ਲਈ ਮਾਰਕਸਵਾਦੀ ਦ੍ਰਿਸ਼ਟੀਕੋਣ ਮਹਾਂ ਪੁਰਖਾਂ ਦੇ ਬੋਲਾਂ ਵਾਂਗ ਅਸਮਾਨੋਂ ਨਹੀਂ ਡਿੱਗਦਾ, ਸਮਾਜ ਦਾ ਵਿਗਿਆਨਕ ਤੌਰ ਤੇ ਵਿਸ਼ਲੇਸ਼ਣ ਕਰਕੇ ਹੋਂਦ ਵਿਚ ਆਉਂਦਾ ਹੈ। ਹਰ ਜਮਾਤ ਦਾ ਦ੍ਰਿਸ਼ਟੀਕੋਣ ਸਮਾਜਿਕ ਆਰਥਿਕਤਾ ਦੀ ਉਪਜ ਹੁੰਦੀ ਹੈ। ਉਹ ਵੀ ਵਿਸ਼ੇਸ਼ ਹਿੱਤਾਂ ਦਾ ਸਹਾਇਕ ਹੁੰਦਾ ਹੈ। ਰਹੀ ਗੱਲ ਸਮਾਜ ਵਿਚ ਚੰਗੀ ਤੇ ਮਾੜੀ ਜਮਾਤ ਦੀ। ਕੂੜ, ਭਰਿਸ਼ਟਾਚਾਰ, ਗੁੰਡਾਗਰਦੀ, ਲੁੱਟ-ਖਸੁੱਟ ਬੁਰਜੁਆਜ਼ੀ ਕਰਦੀ ਹੈ ਅਤੇ ਸਮਾਜ ਵਿਚ ਬੰਦੇ ਦੀ ਬੰਦੇ ਹੱਥੋਂ ਲੁੱਟ ਨੂੰ ਬੰਦ ਪਰਲੋਤਾਰੀ ਜਮਾਤ ਕਰਦੀ ਹੈ। ਇਸ ਲਈ ਅੱਜ ਦੁਨੀਆਂ ਵਿਚ ਸਤਿਕਾਰ ਯੋਗੀ ਵਿਚਾਰਧਾਰਾ ਮਨੁੱਖ ਦੇ ਕਲਿਆਣ ਲਈ ਪਰੋਲਤਾਰੀਆਂ ਜਮਾਤ ਦੀ ਹੈ ਜੋ ਨਿਸ਼ਚੇ ਹੀ ਮਾਰਕਸਵਾਦੀ ਹੈ।

ਹੁਣ ਰਹੀ ਸਮੂਹ ਦੀ ਮਨੋਦਸ਼ਾ ਤੇ ਵਿਅਕਤੀ ਦੀ ਮਨੋਦਸ਼ਾ ਵਿਚਲੀ ਗੱਲ। ਪਦਾਰਥ-ਵਾਦੀ ਸੰਕਲਪ ਦੁਆਰਾ ਦੋਵਾਂ ਦਾ ਹੱਲ ਬੜੀ ਸੌਖੀ ਤਰ੍ਹਾਂ ਹੋ ਜਾਂਦਾ ਹੈ। ਮਾਰਕਸਵਾਦੀ ਦਰਸ਼ਨ ਵਿਅਕਤੀ ਦੇ ਮਨੋਭਾਵਾਂ ਤਕ ਸੀਮਤ ਨਹੀਂ ਸਗੋਂ ਸਮੇਂ, ਸਥਾਨ, ਦਸ਼ਾ ਤੇ ਕਰਮ ਪੀੜਾ ਦਾ ਵਰਣਨ ਵੀ ਵਿਸਥਾਰ ਨਾਲ ਕਰਕੇ ਹੱਲ ਪੇਸ਼ ਕਰਦਾ ਹੈ। ਸ੍ਰ: ਪ੍ਰੀਤਮ ਸਿੰਘ ਦਾ ਦੁਖਾਂਤ ਇਹ ਹੈਕਿ ਉਹ ਸਾਹਿਤ ਦੀ ਹੋਂਦ ਵਿਅਕਤੀਗਤ ਮਨੋਭਾਵਾਂ ਤਕ ਹੀ ਸੀਮਤ ਸਮਝਦੇ ਹਨ।

ਜਾਤੀ ਜੀਵਨ ਦਾ ਰਾਜਸੀ ਜੀਵਨ ਨਾਲ ਨਾਤਾ ਅਟੁੱਟ ਹੈ। ਇਸ ਲਈ ਸਿਰਜਣਾ ਦੇ ਖੇਤਰ ਵਿਚ ਚੇਤੰਨ ਭਾਂਤ ਵਿਸ਼ਾ ਤੇ ਵਸਤੂ ਅਪਣਾਉਣਾ ਯਥਾਰਥਮਈ ਹੈ। ਸਾਹਿਤ ਤੇ ਕਲਾ ਦਾ ਨਾਤਾ ਤਾਂ ਜੀਵਨ ਨਾਲ ਹੈ। ਕੀ ਗਲਤ ਰਾਜਨੀਤਕ, ਆਰਥਕ ਬਣਤਰ—ਭੁੱਖ, ਕੰਗਾਲੀ, ਮੌਤ ਤੇ ਸਮਾਜੀ ਕੁਰੀਤੀਆਂ ਪੈਦਾ ਨਹੀਂ ਕਰਦੀ? ਪ੍ਰੀਤਮ ਸਿੰਘ ਹੋਰੀਂ ਨਹੀਂ ਮੁਕਰ ਸਕਦੇ, ਹੋ ਸਕਦਾ ਹੈ, ਜੇ ਉਹ ਆਪਣੇ ਮਕਾਨ ਵਿਚੋਂ ਕਦੇ ਬਾਹਰ ਨਾ ਨਿਕਲੇ ਹੋਣ ਅਤੇ ਨਾ ਹੀ ਪ੍ਰਵਾਰਕ ਜੀਵਨ ਭੋਗਦੇ ਹੋਣ ਤਾਂ ਉਨ੍ਹਾਂ ਦਾ ਸੰਕਲਪ ਠੀਕ ਹੋਵੇ।

ਮਾਉ ਜ਼ੇ ਤੁੰਗ ਦੀ ਸਾਹਿਤ ਕਲਾ ਪ੍ਰਤੀ ਪਹੁੰਚ ਦੀ ਆਲੋਚਨਾ ਕਰਕੇ ਪ੍ਰੀਤਮ ਸਿੰਘ ਹੋਰੀ "ਕਲਾਕਾਰ ਲਈ ਉਸ ਦੀ ਕਲਾ ਹੀ ਸਭ ਕੁਛ ਹੈ" ਦਾ ਢੰਡੋਰਾ ਪਿਟਕੇ ਸਾਹਿਤ ਤੇ ਕਲਾ ਵਿਚ ਵਿਚਾਰਧਾਰਾ ਦੀ ਵਿਰੋਧਤਾ ਕਰਦੇ ਹਨ ਅਤੇ ਇਹ ਦੋਸ਼ ਲਾਉਂਦੇ ਹਨ ਕਿ ਚੇਤੰਨ ਵਿਚਾਰਧਾਰਾ ਅਪਣਾਉਣ ਨਾਲ ਮਨੋਭਾਵਾਂ ਤੇ ਜਜ਼ਬਿਆਂ ਦਾ ਸਤਿਆਨਾਸ ਹੋ ਜਾਂਦਾ ਹੈ।

ਸਾਹਿਤ ਦੀ ਸਿਰਜਣਾ ਸਹੀ ਢੰਗ ਨਾਲ ਕਿਰਤੀ ਵਰਗ ਦੇ ਹੱਕ ਵਿਚ ਤਦ ਹੀ ਹੋਵੇਗੀ ਜੇ ਸਾਹਿਤਕਾਰਾਂ ਦੇ ਵਿਚਾਰਧਾਰਕ ਤੇ ਕਲਾ ਪੱਖ ਦਾ ਸੁਮੇਲ ਜ਼ੋਰਦਾਰ ਹੋਵੇਗਾ। ਮਾਉ ਜ਼ੇ ਤੁੰਗ ਦੀ ਵਿਚਾਰਧਾਰਾ ਕਲਾ ਪੱਖ ਨੂੰ ਅੱਖੋਂ ਉਹਲੇ ਨਹੀਂ ਕਰਦੀ।

ਪ੍ਰੀਤਮ ਸਿੰਘ ਹੋਰੀਂ ਲਿਖਦੇ ਹਨ ਕਿ ਰਾਜਨੀਤਕ ਵਿਚਾਰਧਾਰਾ ਅਪਣਾਉਣ ਵਾਲਾ ਸਾਹਿਤਕਾਰ ਰਾਜਨੀਤਕ ਲੀਡਰ ਵਾਂਗ ਪਰਚਾਰਕ ਹੋ ਜਾਂਦਾ ਹੈ। ਉਹ ਕੀ ਜਾਨਣ ਕਿ ਅਜਿਹਾ

ਸਾਹਿਤਕਾਰ ਜ਼ਿੰਦਗੀ ਦਾ ਹਾਣੀ ਸਾਹਿਤ ਪੈਦਾ ਕਰਦਾ ਹੈ ਤੇ ਯਥਾਰਥਕਤਾ ਦੇ ਬੜਾ ਨੇੜੇ ਹੋ ਜਾਂਦਾ ਹੈ। ਘੋਲਾਂ ਦਾ ਹਾਣੀ ਕਲਾਕਾਰ ਜ਼ਜਬਿਆਂ, ਮਨੋਭਾਵਾਂ ਦਾ ਯੋਗ ਸਮਰਥਨ ਕਰਕੇ ਕਲਪਨਾ ਨੂੰ ਬਲਵਾਨ ਬਣਾਉਂਦਾ ਹੋਇਆ ਬੌਧਿਕ ਹੋ ਜਾਂਦਾ ਹੈ। ਇਹ ਕਹਿਣਾ ਕਿ ਮਾਰਕਸੀ ਪਾਤਰ ਕਮਜ਼ੋਰ ਹੁੰਦੇ ਹਨ। ਹੋ ਸਕਦਾ ਹੈ ਕਿ ਮਾਰਕਸੀ ਕਲਾਕਾਰਾਂ ਦੀ ਕਲਾ ਕਮਜ਼ੋਰ ਹੋਵੇ ਪਰ ਮਾਰਕਸੀ ਵਿਚਾਰਧਾਰਾ ਕਮਜ਼ੋਰ ਨਹੀਂ ਹੈ।

ਸਾਹਿਤ ਲੋਕਾਂ ਲਈ ਹੈ—ਲੋਕਾਂ ਦੀ ਸੇਵਾ ਸ਼ਰੇਣਕ ਤੌਰ ਤੇ ਸੁਚੇਤ ਸਾਹਿਤਕਾਰ ਕਰਦੇ ਹਨ ਤੇ ਜਿਹੜੇ ਸ: ਪ੍ਰੀਤਮ ਸਿੰਘ ਵਾਂਗੂ ਸ਼ਰੇਣੀ ਘੋਲਾਂ ਵਲੋਂ ਮੁਖ ਮੋੜਦੇ ਹਨ ਜਾਂ ਭੰਨ ਤੋੜ ਕਰਦੇ ਹਨ ਉਨ੍ਹਾਂ ਪਾਸੋਂ ਲੋਕ ਸੇਵਾ ਦੀ ਆਸ ਰੱਖਣੀ ਨਿਰਮੂਲ ਹੈ। ਉਹ ਤਾਂ ਚੰਦ ਕੁ ਬੰਦਿਆਂ ਦੇ ਹੱਥ ਵਿਚ ਲੁਟੀਂਦੇ, ਦਲੀਂਦੇ ਕਰੋੜਾਂ ਲੋਕਾਂ ਨੂੰ ਵੇਖਣਾ ਚਾਹੁੰਦੇ ਹਨ। ਜਦ ਵੀ ਉਨ੍ਹਾਂ ਦੀ ਹੋਂਦ ਉਤੇ ਸੰਗਰਾਮੀਂ ਲਿਖਤਾਂ ਦੀ ਸੱਟ ਵੱਜਦੀ ਹੈ ਤਾਂ ਉਹ 'ਕਲਾ ਕਲਾ ਲਈ' ਦਾ ਢੋਲ ਪਿਟਦੇ ਹਨ। ਸਾਨੂੰ ਖੁਸ਼ੀ ਹੈ ਉਨ੍ਹਾਂ ਦਾ ਜਮਾਤੀ ਖਾਸਾ ਨਿਖਰਕੇ ਸਾਹਮਣੇ ਆ ਜਾਂਦਾ ਹੈ ਅਤੇ ਸਾਹਿਤਕ ਖੇਤਰ ਵਿਚ ਦੋਸਤ ਜਾਂ ਦੁਸ਼ਮਣ ਦਾ ਪਤਾ ਲੱਗ ਜਾਂਦਾ ਹੈ।

— — — —

ਤਿੰਨ ਨਵੀਨ ਹਿੰਦੀ ਕਵਿਤਾਵਾਂ

ਭਾਰਤ ਭੂਸ਼ਣ ਅਗਰਵਾਲ

—ਇਕ—

ਹਰ ਰੋਜ਼

ਹਰ ਰੋਜ਼
ਇਕ ਕੁਤਬ ਮੀਨਾਰ
ਮੁਰੰਮਤ ਲਈ ਠੇਲੇ 'ਤੇ ਜਾਂਦੀ ਹੈ
ਹਰ ਰੋਜ਼ ਇਕ ਝੰਡਾ
ਮੈਨੂੰ ਸੜਕ 'ਤੇ ਕੁਚਲਿਆ ਮਿਲਦਾ ਹੈ
ਹਰ ਰੋਜ਼ ਇਕ ਭਵਿਸ਼
ਹਸਪਤਾਲ 'ਚ ਦਾਖ਼ਲ ਹੁੰਦਾ ਹੈ
ਹਰ ਰੋਜ਼ ਇਕ ਸੁਪਨੇ ਨੂੰ
ਮੈਂ ਭਰਤੀ ਦੇ ਦਫ਼ਤਰ ਸਾਹਵੇਂ ਖੜਿਆਂ ਦੇਖਦਾ ਹਾਂ
ਹਰ ਰੋਜ਼ ਇਕ ਨਾਅਰਾ
ਜਲੂਸ ਵਿਚ ਚਲਦਾ ਹੈ ਅਤੇ ਰੈਸਤੋਰਾਂ 'ਚ ਘੁਸ ਜਾਂਦਾ ਹੈ
ਹਰ ਰੋਜ਼ ਮੈਂ-ਇਕ ਕਵਿਤਾ ਲਿਖਣ ਬਹਿੰਦਾ ਹਾਂ
ਅਤੇ ਇਲ-ਬਲਿੱਲੇ ਬਣ ਜਾਂਦੇ ਨੇ ।

—0—

—ਦੋ—

ਤਮਾਸ਼ਾ

ਕਿੰਨਾ ਹੀ ਢੋਲ ਪਿੱਟੋ
ਕਿੰਨੇ ਹੀ ਇਸ਼ਤਹਾਰ ਵੰਡ ਦਿਉ
ਕੋਈ ਦੇਖਣ ਨਹੀਂ ਆਏਗਾ ਇਹ ਟੱਕਰ
ਸਿਰ ਅਤੇ ਚੱਟਾਨ ਦੀ—
ਇਸ ਦਾ ਨਤੀਜਾ ਸਭ ਜਾਣਦੇ ਹਨ

ਜੂਝਦੇ ਰਹੋ ਤੁਸੀਂ ਭਾਵੇਂ ਕਿੰਨੇ ਇਕੱਲੇ ਹੀ
ਚੂਰ ਚੂਰ ਹੋਣ ਦੇ ਪਹਿਲਾਂ ਤਕ
ਸਭ ਏਹੋ ਸੋਚਣਗੇ
—ਕਿ ਕੋਰਾ ਤਮਾਸ਼ਾ ਹੈ
—ਫਿਰ ?
—ਫਿਰ ਸ਼ਾਇਦ ਉਹ ਮਾਲਾਵਾਂ ਲੈ ਕੇ ਆਉਣ
ਸ਼ਾਇਦ ਤੁਹਾਡੀ ਲਾਸ਼ ਵੀ ਮੋਢਿਆਂ 'ਤੇ ਲੈ ਜਾਣ ।

—ਤਿੰਨ—

ਕੋਟ ਸਪਤਕ

ਮੈਨੂੰ ਉਹਨਾਂ ਲੋਕਾਂ 'ਤੇ ਬੜੀ ਹੈਰਾਨੀ ਹੁੰਦੀ ਹੈ
ਜੋ ਇਕ ਹੀ ਕੋਟ ਨਾਲ ਕੰਮ ਚਲਾ ਲੈਂਦੇ ਹਨ
ਮੈਂ ਤਾਂ ਹਰ ਪਲ ਸੱਤ ਸੱਤ ਕੋਟ ਚਾੜ੍ਹੀ ਰੱਖਦਾ ਹਾਂ
ਇਕ ਕੋਟ ਮੈਨੂੰ ਮੇਰੇ ਪਿਤਾ ਜੀ ਨੇ ਦਿੱਤਾ ਹੈ
(ਭਗਵਾਨ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਦਏ)
ਅਤੇ ਇਕ ਮੇਰੇ ਗੁਰੂ ਜੀ ਨੇ
(ਹਾਏ, ਉਹਨਾਂ ਨੂੰ ਦਖਸ਼ਣਾ ਕਦ ਦੇਵਾਂਗਾ ?)
ਇਕ ਕੋਟ ਦਿੱਤਾ ਹੈ ਰਾਸ਼ਟਰ ਪਿਤਾ ਨੇ
(ਬੋਲ ਮਹਾਤਮਾ ਗਾਂਧੀ ਦੀ ਜੈ !)
ਅਤੇ ਇਕ ਕੋਟ ਰਾਸ਼ਟਰ ਕਵੀ ਨੇ
('ਸੁਣੋ,ਸਵਰਗ ਕੀ ਹੈ ? ਸਦਾਚਾਰ ਹੈ
ਮਨੁੱਖ ਮਾਤਰ ਹੀ ਮੁਕਤੀ ਦਾ ਦਵਾਰ ਹੈ)'
ਇਕ ਮੇਰੇ ਕੰਮ ਤੋਂ ਪ੍ਰਸੰਨ ਹੋਕੇ ਮੇਰੇ ਅਫ਼ਸਰ ਨੇ
(ਹਾਏ, ਕੋਟ ਦੇ ਬਦਲੇ ਪ੍ਰਮੋਸ਼ਨ ਕਿਉਂ ਨਾ ਦਿੱਤੀ ?)
ਇਕ ਮੇਰੀ ਮਹਿਬੂਬਾ ਨੇ
(ਕਿਸੇ ਦਿਨ ਹਿੰਮਤ ਕਰਕੇ ਉਸਦਾ ਨਾਮ ਲਵਾਂਗਾ)
ਅਤੇ ਇਕ ਕੋਟ ਮੈਂ ਇਕ ਇਕ ਪੈਸਾ ਜੋੜ ਕੇ
ਆਪ ਖ਼੍ਰੀਦਿਆ ਹੈ
(ਨਖ਼ਾਸ, ਜ਼ਿੰਦਾਬਾਦ !)
ਪਰ ਹਾਏ ਇਹ ਨਵੀਂ ਦਿੱਲੀ ਦੀਏ ਠੰਡ
ਜੋ ਸੱਤ ਥਾਣੀ ਲੰਘ ਹੱਡੀਆਂ ਨਾਲ ਟਕਰਾਉਂਦੀ ਹੈ
ਅਤੇ ਮੈਂ ਹਮੇਸ਼ਾ ਕੰਬਦਾ ਹੀ ਰਹਿੰਦਾ ਹਾਂ ।

—0—

ਪੰਜਾਬੀ ਰੂਪ : **ਮੋਹਨਜੀਤ**

ਤਿੰਨ
ਸ਼ਾਮਾਂ

ਤਰਸੇਮ ਸਿੰਘ

ਆਪਣੇ ਇਕ ਦੋਸਤ ਨਾਲ ਸਾਰਾ ਦਿਨ ਅਵਾਰਾ ਘੁੰਮਣ ਤੋਂ ਬਾਅਦ ਸ਼ਾਮ ਦੇ ਸਾਢੇ ਛੇ ਵਜੇ ਉਸ ਕੋਲੋਂ ਛੁੱਟੀ ਲਈ। ਉਸ ਦੇ ਜਾਣ ਤੋਂ ਬਾਅਦ ਲਿਸਟਰ ਸਕੁਵੇਅਰ ਸਟੇਸ਼ਨ ਤੇ ਮੈਂ ਦੁਚਿਤੀ 'ਚ ਖੜਾ ਸਾਂ। ਸੋਚ ਰਿਹਾ ਸਾਂ ਘਰ ਨੂੰ ਮੁੜਨ ਬਾਰੇ ਜਾਂ ਲੰਡਨ ਦੇ ਕਿਸੇ ਮੰਚ ਘਰ 'ਚ ਸ਼ਾਮ ਬਿਤਾਉਣ ਬਾਰੇ। ਅਖੀਰ ਮੇਰੀ ਕਮਜ਼ੋਰੀ ਨੇ ਮੇਰਾ ਸਾਥ ਦਿਤਾ ਤੇ ਮੈਂ ਉਲਡ-ਵਿੱਕ ਨੈਸ਼ਨਲ ਥੀਏਟਰ ਸੱਤ ਵਜੇ ਟਿਊਬ ਗੱਡੀ ਰਾਹੀਂ ਪਹੁੰਚ ਗਿਆ। ਅੱਧਾ ਘੰਟਾ ਕਿਊ ਵਿਚ ਲਟਕਣ ਤੋਂ ਬਾਅਦ ਮੈਨੂੰ ਗੈਲਰੀ ਵਿਚ ਥਾਂ ਮਿਲ ਗਈ। ਗੈਲਰੀ ਸਾਰੇ ਟਿਕਟਾਂ ਨਾਲੋਂ ਸਸਤੀ ਟਿਕਟ ਸੀ ਤੇ ਉਸ ਵਕਤ ਮੈਨੂੰ ਇਸਦਾ ਮਿਲ ਜਾਣਾ ਹੀ ਗਨੀਮਤ ਸੀ। ਕਿਉਂਕਿ ਦੂਸਰੀਆਂ ਟਿਕਟਾਂ ਪਹਿਲਾਂ ਹੀ ਵਿਕ ਚੁਕੀਆਂ ਸਨ।

ਈਡੀਪਸ! ਡੈਡੀ ਰਹਿੰਦਿਆਂ ਮੇਰੇ ਮਨ 'ਚ ਇਹ ਖਾਹਿਸ਼ ਸੀ ਕਿ 'ਹੇ ਰੱਬਾ ਕੀ ਕਦੇ ਮੈਂ ਪੀਟਰਬਰੁਕ ਦੀ ਨਿਰਦੇਸ਼ਨਾ ਦੇਖ ਸਕਾਂਗਾ। ਤੇ ਅੱਜ ਉਹ ਸ਼ਾਮ ਸੀ। ਪੀਟਰ ਬਰੁਕ ਨਵੀਨ ਅੰਗਰੇਜ਼ੀ ਨਾਟਕ ਨਿਰਦੇਸ਼ਨਾ ਦਾ ਥੰਮ ਹੈ। ਉਸ ਦੇ ਮੰਚ ਕੀਤੇ ਨਾਟਕ 'ਮਾਰਤ ਸੇਡ'' ਤੇ ''ਯੂ. ਐਸ'' ਜਾਂ ''ਅੱਸ'' ਦੀ ਚਰਚਾ ਮੈਂ ਆਮ ਸੁਣ ਚੁਕਿਆ ਸਾਂ ਤੇ ਅੱਸ ਦੇ ਇਕ ਦੋ ਦ੍ਰਿਸ਼ ਟੈਲੀ ਤੇ ਵੀ ਦੇਖ ਚੁਕਿਆਂ ਸਾਂ। ਥੀਏਟਰ ਦੇ ਅੰਦਰ ਪਹੁੰਚਕੇ ਪਹਿਲੀ ਨਜ਼ਰ ਮੰਚ ਤੇ ਪਈ। ਕੋਈ ਲਾਲ ਪੀਲੇ ਜਾਂ ਹਰੇ ਰੰਗ ਦਾ ਪਰਦਾ ਨਹੀਂ ਲਟਕ ਰਿਹਾ ਸੀ। ਮੰਚ ਦੇ ਵਿਚਕਾਰ ਲੱਗਪਗ ਅੱਠ ਫੁੱਟ ਸੁਨਹਿਰੀ ਕਿਊਬ ਸਾਜੀ ਹੋਈ ਸੀ। ਮੰਚ ਤੇ ਕੁਝ ਲੋਕ ਵਰਤਮਾਨ ਯੁਗ ਦੇ ਕਾਲੇ ਬਸਤਰ ਪਾਈ ਲਕੜ ਦੇ ਡੱਬਿਆਂ ਉਪਰ ਬੈਠੇ ਸਨ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਅਸੀਂ ਦਰਸ਼ਕ ਅਦਾਕਾਰਾਂ ਦੀ ਉਡੀਕ ਨਹੀਂ ਕਰ ਰਹੇ ਸਾਂ ਸਗੋਂ ਅਦਾਕਾਰ ਦਰਸ਼ਕਾਂ ਦੀ ਉਡੀਕ ਕਰ ਰਹੇ ਸਨ ਕੋਈ ਬਹੁਤ ਵੱਡਾ ਸਦਮਾਂ ਪਹੁੰਚਾਣ ਲਈ। ਕਿਸੇ ਦੀ ਪਿਠ ਦਰਸ਼ਕਾਂ ਵੱਲ ਸੀ ਤੇ ਕਿਸੇ ਦਾ ਮੂੰਹ। ਉਨ੍ਹਾਂ ਦੇ ਬੈਠਣ ਵਿਚ ਕੋਈ ਤਕਨੀਕ ਨਹੀਂ ਸੀ। ਪਰ ਉਨ੍ਹਾਂ ਦੇ ਬਸਤਰਾਂ ਦੀ ਇਕ ਸ਼ੈਲੀ ਸੀ। ਕਾਲਾ ਰੰਗ ਵਿਜੋਗ ਤੇ ਸੋਗ ਦਾ ਜਿਹੜਾ ਕਿ ਪੱਛਮੀ ਤੇ ਪੂਰਬੀ ਸੰਸਕ੍ਰਿਤੀਆਂ ਦਾ ਭਾਗ ਹੈ। ਕਦੇ ਕਦੇ ਉਹ ਅਤਿ ਦਰਦਨਾਕ ਸ਼ੈਲੀ ਵਿਚ ''ਹਾਹ'' ਦਾ ਨਾਹਰਾ ਮਾਰਦੇ। ਦਰਸ਼ਕਾਂ ਦੀਆਂ ਅੱਖਾਂ ਮੰਚ ਤੇ ਗੱਡੀਆਂ ਹੋਈਆਂ ਸਨ। ਅਸੀਂ ਕਿਸੇ ਅਤਿ ਦਰਦਨਾਕ ਘਟਨਾ ਦੇ ਵਾਪਰਨ ਦੀ ਉਡੀਕ ਵਿਚ ਆਪਣੇ ਆਪ ਨੂੰ ਤਿਆਰ ਕਰ ਰਹੇ ਸਾਂ। ਮੰਚ ਘਰ ਦੇ ਸਾਰੇ ਬੂਹੇ ਬੰਦ ਹੋ ਗਏ ਸਨ। ''ਹਾਹ'' ਦੇ ਨਾਅਰੇ ਮੰਚ ਘਰ ਦੇ ਹਰ ਕੋਨੇ ਚੋਂ ਉਚੇ ਹੁੰਦੇ ਗਏ ਕਿਉਂਕਿ ਕਈ ਅਦਾਕਾਰ ਕਾਲੇ ਬਸਤਰ ਪਾਈ ਸਾਡੇ ਵਿਚਕਾਰ ਪੀਲ ਪਾਵਿਆਂ ਨਾਲ ਜਫੀਆਂ ਪਾਈ ਖੜੇ ਸਨ ਤੇ ਕਰਾਹ

ਰਹੇ ਸਨ। ਮੰਚ ਤੇ ਬੈਠੇ ਅਭਿਨੇਤਿਆਂ ਵਿਚੋਂ ਅਖੀਰ ਸਰ ਜੌਹਨ ਗੀਲਗਡ ਉਠਿਆ ਤੇ ਈਡੀਪਸ ਦੇ ਪਾਰਟ ਨੂੰ ਪੜ੍ਹਨ ਅਦਾ ਕਰਨ ਲੱਗਾ। ਆਈਰੀਨ ਵੁਰਥ ਥੀਬਨ ਮਲਕਾ ਦੇ ਪਾਰਟ ਨੂੰ ਪੜ੍ਹ ਅਦਾ ਕਰ ਰਹੀ ਸੀ। ਸਭਿਅਕ ਸਮਾਜ ਦੀ ਅਤਿ ਦੁਖਾਂਤਿਕ ਕਹਾਣੀ—ਇਕ ਮਾਂ-ਇਕ ਪੁੱਤਰ-ਪਤੀ।

ਨਾਟਕ-ਕਾਰ ਨੇ ਆਪਣੇ ਨਾਟਕ ਨੂੰ ਮੰਚ ਕਰਨ ਲਈ ਨਹੀਂ ਲਿਖਿਆ ਸੀ। ਸਗੋਂ ਉਸ ਨੇ ਪੜ੍ਹੇ ਜਾਣ ਲਈ ਆਪਣੀ ਨਾਟਕ ਰਚਨਾ ਕੀਤੀ ਸੀ। ਇਸ ਲਈ ਇਸ ਨਿਰਦੇਸ਼ਨਾ ਦੀ ਤਕਨੀਕ ਨਾਟਕ-ਪਾਠ ਤੇ ਅਦਾਕਾਰੀ ਦਾ ਅਲੋਕਾਰ ਸੁਮੇਲ ਸੀ। ਸੁਨਹਿਰੀ ਕਿਊਬ ਘੁੰਮਦੀ। ਇਸਦੀ ਕਦੇ ਇਕ ਬਾਹੀ ਖੁਲ੍ਹਦੀ ਤੇ ਕਦੇ ਇਕ ਤੋਂ ਜ਼ਿਆਦਾ। ਪਾਤਰਾਂ ਦਾ ਇਸ ਵਿਚ ਦਾਖਲ ਹੋ ਕੇ ਆਪਣੇ ਪਾਰਟ ਅਦਾ ਕਰਨਾ ਕਈ ਪੱਖਾਂ ਤੋਂ ਮਹਾਨਤਾ ਰੱਖਦਾ ਸੀ ਜਿਸ ਤਰ੍ਹਾਂ ਕਿ ਰਾਜ ਭਾਗ ਦਾ ਸ਼ਾਹੀ ਠਾਠ, ਦ੍ਰਿਸ਼ ਦਾ ਬਦਲਣਾ ਤੇ ਕਾਰਜ ਦਾ ਉਪਜਣਾ ਤੇ ਇਸ ਦਾ ਅੱਗੇ ਤੁਰਨਾ। ਮੈਂ ਆਪਣੇ ਦਿਲ ਨੂੰ ਆਪਣੀ ਮੁੱਠੀ 'ਚ ਘੁੱਟੀ ਉਸ ਦ੍ਰਿਸ਼ ਵਿਚ ਖੱਪਤ ਸਾਂ ਜਦੋਂ ਏਥਨ ਵਿਚ ਪਲੇਗ ਪੈ ਜਾਂਦੀ ਹੈ ਤੇ ਇਸ ਦੇ ਕਾਰਨ ਢੂੰਡਣ ਦੇ ਯਤਨ ਕੀਤੇ ਜਾਂਦੇ ਹਨ। ਈਡੀਪਸ ਦੇ ਬਾਪ ਲਾਇਸ ਦਾ ਉਸ ਦੇ ਮਾਮੇ ਕਰਿਆਊਨ ਦੇ ਮੂੰਹੋਂ ਖੂੰਨੀ ਬਿਆਨ ਤੇ ਉਸਦਾ ਕਿਊਬ ਤੇ ਚੜ੍ਹਕੇ ਤਾਂਡਵ ਨਾਚ ਨੱਚਣਾ। ਜੋਕਾਸਟਾ ਨੂੰ ਪਤਾ ਲੱਗਣਾ ਕਿ ਈਡੀਪਸ (ਸੁੱਜੇ ਪੈਰਾਂ ਵਾਲਾ) ਉਸ ਦਾ ਪਤੀ ਅਸਲ ਵਿਚ ਉਸ ਦਾ ਪੁੱਤਰ ਹੈ। ਤੇ ਅੰਤ ਵਿਚ ਈਡੀਪਸ ਦਾ ਆਪਣੇ ਆਪ ਨੂੰ ਅੰਧਿਆਂ ਕਰ ਲੈਣਾ ਤੇ ਜੋਕਾਸਟਾ ਦਾ ਆਪਣੀ ਯੋਨੀ ਤੇ ਗਰਭ ਰਾਹੀਂ ਖੰਜਰ ਪਾਰ ਕਰਕੇ ਆਪਣੇ ਆਪ ਨੂੰ ਖਤਮ ਕਰ ਲੈਣਾ। ਇਸ ਸ਼ਾਮ ਦਾ ਹੁਸਨ ਤੇ ਨਿਰਦਾਇਤਾ ਇਥੇ ਹੀ ਖਤਮ ਨਹੀਂ ਹੋ ਜਾਂਦੀ। ਨਾਟਕ ਦੇ ਅੰਤ ਵਿਚ ਵਰਗ ਦੀਆਂ ਚਾਰੇ ਬਾਹੀਆਂ ਖੁਲ੍ਹੀਆਂ ਤੇ ਅਤਿ ਰੰਗੀਨ ਬਸਤਰਾਂ ਵਿਚ ਕੱਜੀ ਕੋਈ ਚੀਜ਼ ਮੰਚ ਤੇ ਲਿਆਂਦੀ ਗਈ। ਫਿਰ ਇਹ ਰੰਗੀਨ ਬਸਤਰ ਉਤਰ ਗਏ। ਮੰਚ ਘਰ ਇਕ 'ਤ੍ਰਾਹਟ' ਬਣ ਗਿਆ ਸੀ। ਮੈਂ ਕਾਮ-ਸ੍ਰਿਸ਼ਟੀ ਬਾਰੇ ਕੁਝ ਸੋਚਣ ਤੋਂ ਅਸਮਰਥ ਸਾਂ। ਸਿਰਫ ਇਕ ਗੂੰਗੇ ਤੇ ਬੇ-ਬੁਨਿਆਦ ਇਨਸਾਨ ਵਾਂਗ ਬੈਠਾ ਸਾਂ। ਰੰਗੀਨ ਕਪੜਿਆਂ 'ਚ ਸਜਾਈ ਚੀਜ਼ ਇਕ ਲਿੰਗਮ ਸੀ। ਇਸ ਦੀ ਉਚਾਈ ਸੱਤ ਫੁੱਟ ਦੇ ਕਰੀਬ ਸੀ। ਅਦਾਕਾਰ ਇਸ ਦੇ ਇਰਦ ਗਿਰਦ ਤੇ ਸਾਰੇ ਮੰਚ ਘਰ ਵਿਚ ਇਕ ਅਰਾਧਨਾ ਨਿਰਤ ਕਰ ਰਹੇ ਸਨ। ਦਰਸ਼ਕ ਆਪਣੇ ਆਪ ਨੂੰ ਕਿਸੇ ਹੋਣੀ ਦਾ ਸ਼ਿਕਾਰ ਸਮਝ ਰਹੇ ਸਨ। ਇਹ ਹੋਣੀ ਯੂਨਾਨੀ ਨਾਟਕਕਾਰ ਸੋਫੋਕਲੀਜ਼ ਦੀ ਪੈਦਾ ਕੀਤੀ ਹੋਈ ਨਹੀਂ ਸੀ। ਸਗੋਂ ਲਾਤੀਨੀ ਭਾਸ਼ਾ ਦੇ ਨਾਟਕਕਾਰ ਸੈਨਿਕਾ ਦੀ ਸੀ। ਨਹੀਂ—ਮੈਂ ਆਪਣੇ ਆਪ ਨੂੰ ਆਖਿਆ ਤੇ ਸੋਚਣ ਲੱਗਾ ਕਿ ਇਹ ਏਨਾ ਵੱਡਾ ਅਡੰਬਰ ਤਾਂ ਪੀਟਰ ਬਰੁਕ ਦਾ ਰਚਿਆ ਹੋਇਆ ਸੀ। ਪੀਟਰ ਬਰੁਕ ਜਿਹੜਾ ਕਿ ਮਾਸਕੋ ਦੇ ਟੈਲੀਵੀਯਨ ਟਾਵਰ ਨਾਲੋਂ ਵੀ ਉੱਚਾ ਸੀ। ਸੋਚ ਰਿਹਾ ਸਾਂ ਮੈਂ ਕਿ ਇਸ ਸੁਨਹਿਰੀ ਲਿੰਗਮ ਦੇ ਸਿਰੇ ਤੇ ਇਕ ਛੱਤਰ ਹੈ ਜਿਸ ਦੀ ਛਾਂ ਹੇਠਾਂ ਅਸੀਂ ਸਾਰੀ ਸ੍ਰਿਸ਼ਟੀ ਦੇ ਬੰਦੇ ਬੈਠੇ ਸਾਂ। ਕਦੇ ਅਸੀਂ ਇਸ ਛੱਤਰ ਦੀ ਛਾਵੇਂ ਮਹਾਨ ਦੁਖਾਂਤ ਵਿਚੋਂ ਦੀ ਗੁਜ਼ਰਦੇ ਹਾਂ। ਸਾਡੀਆਂ ਹਿੰਸਕ ਰੁਚੀਆਂ, ਸਾਡਾ ਘੁਮੰਡ ਤੇ ਸਾਡਾ ਪਿਆਰ ਕਾਮਦੇਵ ਦੇ ਕਰੋਧ ਤੇ ਦਇਆ ਦੇ ਸਿੱਟੇ ਕਾਰਨ ਪੈਦਾ ਹੁੰਦੇ ਹਨ।

ਦੂਜੀ ਸ਼ਾਮ—

ਇਸ ਸ਼ਾਮ ਬਾਰੇ ਮੈਂ ਖਾਸ ਫਿਕਰਮੰਦ ਸਾਂ। ਅੰਤਰ ਰਾਸ਼ਟਰੀ ਮੰਚ ਕਲਾ ਦੇ ਚਾਰ ਸ਼ੋ

ਮੈਂ ਰੀਜ਼ਰਵ ਕਰਕੇ ਆਇਆ ਸਾਂ। ਤੇ ਇਹ ਸਾਡੀ ਇਕੱਠਿਆਂ ਦੀ ਪਹਿਲੀ ਸ਼ਾਮ ਸੀ। ਮੈਂ ਤੇ ਜੁਗਿੰਦਰ ਸ਼ਮਸ਼ੇਰ ਜਾ ਰਹੇ ਸਾਂ। ਮੈਨੂੰ ਡਰ ਸੀ ਕਿ ਐਸਾ ਨਾ ਹੋਵੇ ਕਿ ਜੁਗਿੰਦਰ ਨੂੰ ਇਹ ਸ਼ੋ ਪਸੰਦ ਨਾ ਆਵੇ ਤੇ ਬਾਅਦ ਵਿਚ ਉਹ ਮੇਰੀ ਚੋਣ ਵਲੋਂ ਬੇ-ਮੁਖ ਹੋ ਜਾਵੇ। ਮੇਰਾ ਡਰ ਜਾਇਜ਼ ਸੀ ਕਿਉਂਕਿ ਇਹ ਚੈਕੋਸਲਵਾਕੀਆ ਦੇ ਮਸ਼ਹੂਰ ਮਾਈਮ ਐਕਟਰ ਲਾਡੀਸਵਾਲ ਫਿਆਲਕਾ ਦਾ ਸ਼ੋ ਸੀ। ਮਾਈਮ ਵਿਚ ਕੋਈ ਵਾਰਤਾਲਾਪ ਨਹੀਂ ਹੁੰਦਾ ਤੇ ਸਾਰੀ ਕਲਾ ਇਸ਼ਾਰਿਆਂ ਰਾਹੀਂ ਦਰਸਾਈ ਜਾਂਦੀ ਹੈ। ਇਸ ਲਈ ਮੈਂ ਸੋਚ ਰਿਹਾ ਸਾਂ ਕਿ ਹੋ ਸਕਦਾ ਹੈ ਕਿ ਸਾਨੂੰ ਚੈਕੋਸਲਵਾਕੀਆ ਦੇ ਨਿੱਜੀ ਇਸ਼ਾਰਾ ਕਲਾ ਦੀ ਸਮਝ ਨਾ ਪਵੇ। ਪਰ ਮੇਰਾ ਇਹ ਡਰ ਗਲਤ ਨਿਕਲਿਆ। ਅਸੀਂ ਮਿੰਟਾਂ ਵਿਚ ਹੀ ਫਿਆਲਕਾ ਦੀ ਇਸ਼ਾਰਾ ਕਲਾ ਦਾ ਅਨੰਦ ਲੈਣ ਲੱਗ ਪਏ ਸਾਂ। ਜੁਗਿੰਦਰ ਆਪਣੀ ਸੀਟ ਵਿਚ ਕਦੇ ਪਸਰ ਜਾਂਦਾ ਕਦੇ ਸਿਮਟ ਜਾਂਦਾ, ਮੈਂ ਖੁਸ਼ ਸਾਂ। ਫਿਆਲਕਾ ਅੱਖਾਂ ਮਟਕਾਉਂਦਾ ਆਪਣੇ ਹੱਥਾਂ ਦੀਆਂ ਉਂਗਲਾਂ ਖੋਲ੍ਹਦਾ,ਮੀਟਦਾ ਆਪਣੇ ਸਿਰ ਨੂੰ ਇਧਰ ਉਧਰ ਘੁੰਮਾਉ ਦਾ ਦਰਸਾ ਰਿਹਾ ਸੀ ਕਿ ਸਾਡੀ ਜ਼ਿੰਦਗੀ ਕਿੰਨੀ ਮੂਰਖਤਾ (The Fools) ਭਰੀ ਤੇ ਉਪਭਾਵਕ ਹੈ। ਉਹ ਆਪਣੀ ਇਸ਼ਾਰਾ ਕਲਾ ਰਾਹੀਂ ਸਿਖਰਾਂ ਛੂਹਣ ਦੇ ਯਤਨ ਕਰ ਰਿਹਾ ਸੀ। ਲਾਈਟਾਂ ਬਦਲ ਕੇ ਹਰੀਆਂ ਹੋ ਜਾਂਦੀਆਂ ਸਨ, ਫਿਰ ਅਸਮਾਨੀ। ਫਿਆਲਕਾ ਤੇ ਉਸ ਦੇ ਸਾਥੀ ਮੇਕਅੱਪ ਤੇ ਬਸਤਰਾਂ ਦੀ ਤਕਨੀਕ ਕਾਰਨ ਇਸ ਨਕਲੀ ਲਾਈਟ ਵਿਚ ਮਾਸੂਮ ਪੁਤਲੀਆਂ ਵਾਂਗ ਜਾਪ ਰਹੇ ਸਨ। ਅਤਿ ਭਾਵੁਕ ਤਕਨੀਕ, ਉਹ ਹੱਥ ਪੈਰ ਮਾਰਦੇ, ਡਿਗਦੇ ਢਹਿੰਦੇ ਕਿਸੇ ਤੂਫ਼ਾਨ ਚੋਂ ਗੁਜ਼ਰਨ ਦੀ ਝਾਕੀ ਪੇਸ਼ ਕਰ ਰਹੇ ਸਨ। ਦੋ ਕੁੜੀਆਂ ਇਕ ਦੂਸਰੀ ਦਾ ਹੱਥ ਫੜੀ ਬਾਹਾਂ ਉਚੀਆਂ ਕਰਦੀਆਂ ਤੇ ਮੰਚ ਤੇ ਪੁਲ ਉਸਾਰ ਦਿੰਦੀਆਂ। ਮੈਂ ਜੁਗਿੰਦਰ ਦੇ ਕੰਨ ਕੋਲ ਮੂੰਹ ਕਰਕੇ ਖੁਸ਼ ਹੁੰਦਿਆਂ ਆਖਿਆ, "ਕਿਦਾਂ ਸ਼ਮਸ਼ੇਰ ਸਾਹਿਬ?

ਅੱਗੋਂ ਉਸ ਨੇ ਆਪਣੀ ਸੀਟ ਵਿਚ ਔਖ ਮਹਿਸੂਸ ਕਰਦਿਆਂ ਕਿਹਾ, "ਯਾਰ ਅਸੀਂ ਪੰਜਾਬੀ ਵਾਲੇ ਕੀ ਕਦੇ ਇਹ ਸੁਪਨਾ ਦੇਖ ਸਕਾਂਗੇ? ਮੈਂ ਦੇਖ ਰਿਹਾ ਸਾਂ ਜੁਗਿੰਦਰ ਸ਼ਮਸ਼ੇਰ ਦੀ ਰੂਹ ਇਸ ਕੁਰਸੀ ਦੇ ਘੇਰੇ ਨੂੰ ਤੋੜਕੇ ਚੁਗਿਰਦੇ 'ਚ ਪਸਰ ਜਾਣਾ ਚਾਹੁੰਦੀ ਸੀ।

ਕਈ ਦਿਨ ਤਕ ਮੈਂ ਸੋਚਦਾ ਰਿਹਾ ਕਿ ਫ਼ਿਆਲਕਾ ਦੀ ਕਲਾ ਬਰੈਕਟੀਅਨ Brechtian) ਮੰਚ ਸਿਧਾਂਤ ਤੇ ਬੈਲੇ ਨਿਰਤਕਲਾ ਦਾ ਸੁਮੇਲ ਸੀ। ਕਿਉਂਕਿ ਫਿਆਲਕਾ ਦੀ ਮੁਢਲੀ ਟਰੇਨਿੰਗ ਬੈਲੇ ਨਿਰਤਕਾਰ ਦੇ ਤੌਰ ਤੇ ਹੋਈ ਸੀ ਤੇ ਉਹ ਇਸਦਾ ਪੂਰਾ ਲਾਭ ਉਠਾ ਰਿਹਾ ਸੀ। ਮੰਚ ਦੀਆਂ ਲੋੜਾਂ ਤੇ ਥੋੜਾਂ ਨੂੰ ਪੂਰਾ ਕਰਨ ਦਾ ਢੰਗ ਬਰੈਕਟੀਅਨ ਸੀ।

ਤੀਸਰੀ ਸ਼ਾਮ —

ਕੋਵਿੰਟ ਗਾਰਡਨ ਟਿਊਬ ਸ਼ਟੇਸਨ ਤੇ ਸਵਾ ਸੱਤ ਵਜੇ ਮੈਂ ਉਤਰਿਆ। ਉਥੋਂ ਔਲਡ ਵਿਚ ਥੀਏਟਰ ਪੰਜ ਮਿੰਟਾਂ ਦਾ ਰਾਹ ਸੀ। ਥੀਏਟਰ ਅੱਗੇ ਜੁਗਿੰਦਰ ਸ਼ਮਸ਼ੇਰ ਮੇਰੀ ਉਡੀਕ ਕਰ ਰਿਹਾ ਸੀ। ਇਕ ਦੂਜੇ ਨੂੰ ਦੇਖਕੇ ਅਸੀਂ ਮੁਸਕਰਾਏ। ਉਸ ਦੇ ਇਕ ਹੱਥ 'ਚ "ਸਿਰਜਣਾ" ਦਾ ਇਕ ਪਰਚਾ ਫੜਿਆ ਹੋਇਆ ਸੀ। ਦੂਸਰੇ ਨਾਲ ਉਸ ਨੇ ਮੇਰਾ ਹੱਥ ਘੁਟਿਆ। ਮੈਂ ਆਖਿਆ, "ਅੰਦਰ ਚਲੀਏ ਮਾਸਟਰ ਜੀ?" ਤੇ ਅਸੀਂ ਢਾਈ ਢਾਈ ਸ਼ਲਿੰਗ ਦੇ ਅੰਗਰੇਜ਼ੀ ਟਰਾਂਸਲੇਸ਼ਨ ਰਸੀਵਰ ਪੋਰਟਰ ਤੋਂ ਖਰੀਦਕੇ ਥੀਏਟਰ ਦੇ ਅੰਦਰ ਚਲੇ ਗਏ। ਹਾਲ ਖਚਾਖਚ ਭਰਿਆ ਹੋਇਆ ਸੀ। ਲੰਮੇ ਲੰਮੇ ਵਾਲਾਂ ਵਾਲੇ ਮੁੰਡੇ, ਲੰਬੀਆਂ ਲੱਤਾਂ ਤੇ ਭੂਰੇ ਵਾਲਾਂ ਵਾਲੀਆਂ ਕੁੜੀਆਂ। ਇਸਦਾ

ਖਾਸ ਕਾਰਨ ਸੀ । ਅੱਜ ਸ਼ਾਮ ਨੂੰ "ਕਿੰਗ ਅਬੂ" ਮੰਚ ਤੇ ਖੇਡਿਆ ਜਾ ਰਿਹਾ ਸੀ । ਕਈਆਂ ਸਾਲਾਂ ਤੋਂ ਮੇਰੀ ਇਹ ਤਮੰਨਾ ਸੀ ਕਿ ਐਲਫਰੇਡ ਜੈਰੀ ਦਾ ਪ੍ਰਸਿੱਧ ਨਾਟਕ "ਅਬੂ ਰਾਏ" ਵੇਖਿਆ ਜਾਏ । ਦੋ ਸਾਲ ਪਹਿਲਾਂ ਇਸ ਨੂੰ ਲੰਡਨ ਵਿਚ ਖੇਡਿਆ ਗਿਆ ਸੀ । ਉਦੋਂ ਮੈਂ ਡੰਡੀ ਸਾਂ ਲੰਡਨ ਤੋਂ ਪੰਜ ਸੌ ਮੀਲ ਦੂਰ । ਪਰ ਮੈਂ ਅੱਜ ਦੇ ਇਸ "ਕਿੰਗ ਅਬੂ" ਬਾਰੇ ਏਨਾਂ ਉਤਸ਼ਾਹ ਜਨਕ ਨਹੀਂ ਸਾਂ । ਇਸ ਦੇ ਦੋ ਕਾਰਨ ਸਨ । ਪਹਿਲਾ, ਇਸ ਕਰਕੇ ਕਿ ਇਸ ਨੂੰ ਫਰਾਂਸੀਸੀ ਨਹੀਂ ਚੈਕੋਸਲਵਾਕੀਆ ਦੀ "ਦੀ ਨੈਸ਼ਨਲ ਕੰਪਨੀ" ਮੰਚ ਕਰ ਰਹੀ ਸੀ । ਸ਼ਾਇਦ ਮੈਂ ਉਨ੍ਹਾਂ ਦੀ ਯੋਗਤਾ ਬਾਰੇ ਏਨਾਕਾਇਲ ਨਹੀਂ ਸਾਂ । ਤੇ ਦੂਸਰਾ ਇਸ ਕਰਕੇ ਕਿ ਇਹ ਨਾਟਕ "ਕਿੰਗ ਅਬੂ" ਐਲਫਰੇਡ ਜੈਰੀ ਦੇ ਨਾਟਕਾਂ "ਅਬੂ ਰਾਏ" ਤੇ "ਜੰਜੀਰਾਂ ਵਿਚ ਜਕੜਿਆ ਅਬੂ" ਦੋਹਾਂ ਨੂੰ ਮਿਲਾ ਕੇ ਇਕ ਵੱਡਾ ਨਾਟਕ ਬਣਾ ਦਿਤਾ ਗਿਆ ਸੀ । ਮੈਂ ਅਪਣਾਏ ਗਏ ਨਾਟਕਾਂ ਦੀ ਥਾਂ Original ਨਾਟਕਾਂ ਨੂੰ ਬਹੁਤਾ ਪਸੰਦ ਕਰਦਾ ਹਾਂ । ਫੇਰ ਵੀ ਮੇਰੇ ਦਿਲ ਦੇ ਕਿਸੇ ਕੋਨੇ ਵਿਚ ਗੁਝਾ ਉਤਸ਼ਾਹ ਸੀ । ਹਾਲ ਖਚਾਖਚ ਭਰਿਆ ਹੋਇਆ ਸੀ । ਨੌਜਵਾਨ ਮੁੰਡੇ ਕੁੜੀਆਂ ਗੱਲੀਂ ਜੁਟੇ ਹੋਏ ਸਨ । ਕਿੰਨੀ ਵਿਅੰਗਮਈ ਗੱਲ ਹੈ ਕਿ ਐਲਫਰੇਡ ਜੈਰੀ ਸਮਾਜਵਾਦੀਆਂ ਤੇ ਊਲਵਾਦੀਆਂ ਦੋਹਾਂ ਦਾ ਚਹੇਤਾ ਹੈ ਜਦੋਂ ਕਿ ਇਨ੍ਹਾਂ ਦੋਹਾਂ ਦਾ ਆਪਸ ਵਿਚ ਸਿਰ ਵੱਢਵਾਂ ਵੈਰ ਹੈ । ਊਲਵਾਦੀਆਂ ਦੇ ਕਥਨ ਅਨੁਸਾਰ ਜੈਰੀ ਉਹ ਨਾਟਕਕਾਰ ਹੈ ਜਿਸ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਬੂ ਨਾਟਕਾਂ ਦੀ ਲੜੀ ਲਿਖਕੇ ਊਲਵਾਦ ਦੀ ਨੀਂਹ ਰੱਖੀ । ਇਸ ਲਈ ਉਹ ਉਸ ਨੂੰ ਆਪਣਾ ਪਿਤਾ ਮੰਨਦੇ ਹਨ । ਅਗਾਂਹ ਵਧੂ ਜੈਰੀ ਨੂੰ ਇਸ ਕਰਕੇ ਪੂਜਦੇ ਹਨ ਕਿ ਉਸ ਨੇ ਆਪਣੇ ਸਮਕਾਲੀ ਬੁਰਜੂਆ ਸਮਾਜ ਤੇ "ਅਬੂ" ਨਾਟਕ ਲਿਖ ਕੇ ਇਕ ਮਹਾਨ ਵਿਅੰਗ ਕੀਤਾ । ਮੇਰੇ ਖਿਆਲ ਅਨੁਸਾਰ ਜੈਰੀ ਊਲਵਾਦੀਆਂ ਦੇ ਬਹੁਤ ਨੇੜੇ ਹੈ ਕਿਉਂਕਿ ਉਸ ਦੇ ਨਾਟਕ ਅਰਾਜਕਤਾ ਤੇ ਵਿਨਾਸ਼ ਬਾਰੇ ਇਕ ਮਹਾਨ ਕਵਿਤਾ ਹੈ । ਅਬੂ ਇਕ ਉਹ ਪਾਤਰ ਹੈ ਜਿਹੜਾ ਕਿ ਮੂਲ ਤੌਰ ਤੇ ਇਕ ਰਾਜਨੀਤਕ ਗੁੰਡਾ ਹੈ ਤੇ ਆਪਣਾ ਅਧਿਕਾਰੀਪਨ ਕਾਇਮ ਕੀਤੇ ਤੋਂ ਬਿਨਾਂ ਨਹੀਂ ਰਹਿ ਸਕਦਾ, ਚਾਹੇ ਉਹ ਕੈਦ ਵਿਚ ਹੋਵੇ ਜਾਂ ਖੁਲ੍ਹੀ ਹਵਾ ਵਿਚ । ਇਸ ਲਈ ਜੈਰੀ ਦਾ ਅਬੂ ਨਾਟਕਾਂ ਦੀ ਲੜੀ ਨੂੰ ਪੂਰਨ ਕਰਨ ਦਾ ਮਕਸਦ ਅਧਿਕਾਰੀ ਦੇ ਵਿਰੁਧ ਵਿਦਰੋਹ ਤੇ ਨਫ਼ਰਤ ਪੈਦਾ ਕਰਨਾ ਸੀ । ਏਸੇ ਲਈ ਅੱਜ ਲੰਬੀਆਂ ਲੰਬੀਆਂ ਜਟੂਰੀਆਂ ਵਾਲੇ ਮੁੰਡੇ ਕੁੜੀਆਂ ਨਾਲ ਮੰਚਘਰ ਭਰਿਆ ਹੋਇਆ ਸੀ । ਜੁਗਿੰਦਰ ਨੇ ਇਕ ਪਲ ਹਾਲ ਵਿਚ ਬੈਠੇ ਇਹਨਾਂ ਲੋਕਾਂ ਵੱਲ ਨਜ਼ਰ ਮਾਰੀ ਤੇ ਦੂਸਰੇ ਛਿਨ ਮੈਨੂੰ ਕਿਹਾ "ਤਰਸੇਮ ਇਸ ਤਰ੍ਹਾਂ ਜਾਪਦਾ ਕਿ ਥੀਏਟਰ ਦੇ ਸਰਪਰੱਸਤ ਹੁਣ ਪੁਰਾਣੇ ਲੌਰਡ ਨਹੀਂ ਬਲਕਿ ਇਹ ਜਟੂਰੀਆਂ ਵਾਲੇ ਲੋਕ ਹੋਣਗੇ ।" ਉਸ ਦੀ ਗੱਲ ਵਿਚ ਕਿਸੇ ਹੱਦ ਤਕ ਸੱਚ ਸੀ ।

ਮੈਂ ਟਰਾਂਸਲੇਸ਼ਨ ਰਸੀਵਰ ਦਾ ਸਵਿਚ ਔਨ ਕੀਤਾ । ਆਵਾਜ਼ ਆਈ "ਕਿਰਪਾ ਕਰਕੇ ਆਵਾਜ਼ ਨੂੰ ਲੋੜ ਤੋਂ ਜ਼ਿਆਦਾ ਉਚਾ ਨਾ ਕਰੋ । ਕਿਰਪਾ ਕਰਕੇ ਆਵਾਜ਼ ਨੂੰ ਲੋੜ ਤੋਂ ਜ਼ਿਆਦਾ ਉਚਾ ਨਾ ਕਰੋ ।"

ਪਰਦਾ ਉਠਿਆ । ਅਬੂ ਤੇ ਉਸ ਦੀ ਵਹੁਟੀ ਤਖਤਪੋਸ਼ ਤੇ ਸੁੱਤੇ ਪਏ ਸਨ । ਇਕ ਪਲ ਬਾਅਦ ਅਬੂ ਉਸਲਵਟੇ ਲੈਂਦਿਆਂ ਉਠਿਆ । ਉਸ ਦਾ ਮੋਟਾ ਭਾਰਾ ਸਰੀਰ ਥਲਕਿਆ । ਬੁਨੈਣ ਵਿਚੋਂ ਉਸ ਦਾ ਮੋਟਾ ਢਿੱਡ ਬਾਹਰ ਨੂੰ ਨਿਕਲਿਆ ਹੋਇਆ ਸੀ । ਉਸ ਦਾ ਸਰੀਰ ਘਿਰਣਾ ਮਈ ਸੀ । ਮੰਚ ਤੇ ਕਿਸੇ ਕਿਸਮ ਦੀ ਸ਼ਾਨੋਸ਼ੌਕਤ ਨਹੀਂ ਸੀ । ਨਿੱਕੀਆਂ ਮੋਟੀਆਂ ਚੀਜ਼ਾਂ ਸਨ ਜਿਸ ਤਰ੍ਹਾਂ ਸੜਕਾਂ ਬਣਾਉਣ ਵਾਲਿਆਂ ਦੇ ਲੁੱਕ ਦੇ ਡੱਬੇ ਤੇ ਗੈਂਤੀਆਂ ਇਧਰ ਉਧਰ ਪਈਆਂ ਹੋਣ ।

ਮਲਕਾ ਅਬੂ ਦੇ ਅਸਰ ਹੇਠ ਅਬੂ ਕੈਪਟਨ ਕੁਰੀਸਵਾਲ ਨਾਲ ਪੋਲੈਂਡ ਦੇ ਬਾਦਸ਼ਾਹ ਵੈਨਸੀਸਲਾਸ ਨੂੰ ਕਤਲ ਕਰਨ ਦੀ ਸਾਜ਼ਸ਼ ਘੜਦਾ ਹੈ। ਕੁਰੀਸਲਾਵ ਤੇ ਉਸ ਦੇ ਚਾਟੜੇ ਸਿਪਾਹੀ ਮੰਚ ਤੇ ਦਖਾਈ ਦਿੰਦੇ ਸਨ। ਅਬੂ ਦੀ ਬਰਦੀ ਖਾਕੀ ਰੰਗ ਦੀ ਹੈ ਤੇ ਕੁਰੀਸਲਾਵ ਤੇ ਉਸ ਦੇ ਸਿਪਾਹੀਆਂ ਦੀ ਨੀਲੇ ਸਲੇਟੀ ਰੰਗ ਦੀ। ਅਬੂ ਦੀ ਵਹੁਟੀ ਇਧਰ ਉਧਰ ਘੁੰਮਦੀ ਹੈ ਤੇ ਉਨ੍ਹਾਂ ਨੂੰ ਸੇਲੇ ਮਾਰ ਮਾਰ ਕੇ ਸਾਜ਼ਸ਼ ਨੂੰ ਹੋਰ ਪੱਕਿਆਂ ਕਰਨ ਦਾ ਯਤਨ ਕਰਦੀ ਹੈ। ਕੈਪਟਨ ਕੁਰੀਸਲਾਵ ਤੇ ਉਸ ਦੇ ਸਿਪਾਹੀ ਉਸ ਨਾਲ ਚੂੰਢੀ ਚਪਟੀ ਕਰਕੇ ਆਪਣਾ ਦਿਲ ਖੁਸ਼ ਕਰਦੇ ਹਨ। ਟਰਾਂਸਲੇਸ਼ਨ ਰਸੀਵਰ ਆਪਣੇ ਕੰਨਾਂ ਨੂੰ ਲਾਈ ਅਸੀਂ ਚੈਕੋਸਲਵੇਕੀਅਨ ਢੰਗ ਨਾਲ ਬੋਲੀ ਗਈ ਇੰਗਲਸ਼ ਸੁਣ ਰਹੇ ਸਾਂ। ਸਾਰਾ ਹਾਲ ਨਾਟਕ ਵਿਚ ਦਿਲਚਸਪੀ ਲੈ ਰਿਹਾ ਸੀ। ਇਕ ਪਲ ਵਿਚ ਸਾਰਾ ਮੰਚ ਘਰ ਹਾਸੇ ਨਾਲ ਗੂੰਜ ਉਠਿਆ। ਬਾਦਸ਼ਾਹ ਵੈਨਸੀਸਲਾਸ ਨੂੰ ਕਤਲ ਕੀਤਾ ਜਾ ਰਿਹਾ ਸੀ। ਅਬੂ ਨੇ ਬਾਦਸ਼ਾਹ ਦੇ ਪੈਰ ਉਪਰ ਆਪਣਾ ਭਾਰਾ ਪੈਰ ਰੱਖਿਆ ਹੋਇਆ ਸੀ ਤੇ ਉਸ ਨੂੰ ਕਿਸੇ ਪਾਸੇ ਹਿਲਣ ਨਹੀਂ ਦੇ ਰਿਹਾ ਸੀ। ਬਾਦਸ਼ਾਹ ਚੀਕ ਚਹਾੜਾ ਪਾ ਰਿਹਾ ਸੀ। ਸਾਰਾ ਦ੍ਰਿਸ਼ ਪਖੰਡਮਈ (Mock) ਸ਼ੈਲੀ ਵਿਚ ਖੇਡਿਆ ਜਾ ਰਿਹਾ ਸੀ। ਮੇਰਾ ਮਨ ਹਾਸੇ, ਮਰ ਰਹੇ ਬਾਦਸ਼ਾਹ ਲਈ ਹਮਦਰਦੀ, ਅਬੂ ਦੇ ਪਸ਼ੂਪਨ ਤੇ ਉਸ ਦੀ ਹੁਸ਼ਿਆਰ ਸਕੀਮ ਦੇ ਸਿਰੇ ਚੜ੍ਹ ਜਾਣ ਦੀ ਪਰਸੰਸਾ ਨਾਲ ਭਰਿਆ ਹੋਇਆ ਸੀ। ਇਸ ਸਾਰੇ ਦ੍ਰਿਸ਼ ਵਿਚ ਅਬੂ ਦੀ ਐਕਟਿੰਗ ਬੇਪ੍ਰਵਾਹੀ ਤੇ ਬੇਡੋਲਪੁਣੇ ਨਾਲ ਭਰਪੂਰ ਸੀ ਜਿਹੜੀ ਕਿ ਕਿਸੇ ਕਾਰਨ ਅਬੂ ਨਾਲ ਸਾਡੀ ਹਮਦਰਦੀ ਪੈਦਾ ਕਰਦੀ ਸੀ।

ਦ੍ਰਿਸ਼ ਬਦਲ ਜਾਂਦਾ। ਇਸ ਤਰ੍ਹਾਂ ਜਾਪਦਾ ਕਿ ਅਸੀਂ ਸਾਰੇ ਦਰਸ਼ਕ ਇਕੱਠੇ ਹੋ ਕੇ ਦ੍ਰਿਸ਼ ਬਦਲਣ ਵਿੱਚ ਸਹਾਈ ਹੋਈਏ। ਨਾਟਕ ਦੇ ਪਾਤਰ ਕਲਾਬਾਜ਼ੀਆਂ ਲਾਉਂਦੇ, ਨਚਦੇ ਟਪਦੇ ਮੰਚ ਤੇ ਇਧਰ ਉਧਰ ਘੁੰਮਦੇ ਤੇ ਚੀਜ਼ਾਂ ਨੂੰ ਟਿਕਾ ਬਣਾਕੇ ਦ੍ਰਿਸ਼ ਬਦਲ ਦਿੰਦੇ। ਉਧਾਰਨ ਵਜੋਂ ਉਹ ਮੰਜੇ ਦੇ ਵਖੋ ਵਖਰੇ ਹਿਸਿਆਂ ਨੂੰ ਜੋੜ ਕੇ ਬਾਦਸ਼ਾਹ ਦਾ ਸਲਾਮੀ ਲੈਣ ਵਾਲਾ ਥੜਾ ਬਣਾ ਦਿੰਦੇ। ਪਾਤਰ ਆਪਣੀ ਅਦਾਕਾਰੀ ਕਰਦੇ ਜਾਂਦੇ ਤੇ ਦ੍ਰਿਸ਼ ਬਦਲਦੇ ਜਾਂਦੇ। ਇਸ ਨਾਟਕ ਨੂੰ ਮਾਨਣ ਲਈ ਕਲਪਨਾ ਦੀ ਕਿੰਨੀ ਵਡੀ ਉਡਾਰੀ ਚਾਹੀਦੀ ਸੀ। ਮੈਂ ਸ਼ਮਸ਼ੇਰ ਦੇ ਕੰਨ ਕੋਲ ਮੂੰਹ ਕਰਕੇ ਆਖਿਆ,"ਇਹ ਨਾਟਕ ਇੱਸ ਤਕਨੀਕ ਨਾਲ ਖੇਡਿਆਂ ਪੰਜਾਬ 'ਚ ਸਫਲ ਨਹੀਂ ਹੋ ਸਕਦਾ।" ਉਸਨੇ ਮੇਰੀ ਗੱਲ ਨੂੰ ਨਹੀਂ ਗੌਲਿਆ। ਉਹ ਨਾਟਕ 'ਚ ਮਸਤ ਸੀ। ਮੰਚ ਤੇ ਅਬੂ-ਅਦਾਕਾਰ ਨੇ ਆਪਣੀ ਬਾਦਸ਼ਾਹੀ ਤੇ ਨਵੇਂ ਟੈਕਸਾਂ ਦਾ ਇਲਾਨ ਕਰ ਦਿਤਾ ਸੀ। ਹੁਣ ਉਹ ਅਮੀਰਾਂ, ਵਜ਼ੀਰਾਂ, ਸਲਾਹਕਾਰਾਂ, ਇਤਿਹਾਸਕਾਰਾਂ ਤੇ ਸਰਕਰਦੇ ਆਦਮੀਆਂ ਦਾ ਕਤਲ ਆਮ ਕਰਾ ਰਿਹਾ ਸੀ। ਲੱਗ-ਪੱਗ ਦੋ ਫੁਟ ਘੇਰੇ ਵਾਲੀ ਇੱਕ ਪਾਈਪ ਮੰਚ ਦੇ ਇੱਕ ਕੋਨੇ ਵਿਚ ਪਈ ਸੀ ਜੋ ਕਿ ਗਿਲੋਟੀਨ ਦਾ ਕੰਮ ਦੇ ਰਹੀ ਸੀ। ਇੱਹ ਸਾਰਾ ਦ੍ਰਿਸ਼ ਇੱਕ ਵਾਰ ਫੇਰ ਪਖੰਡਮਈ ਤਕਨੀਕ ਨਾਲ ਖੇਡਿਆ ਜਾ ਰਿਹਾ ਸੀ। ਮੰਚ ਘਰ ਵਿੱਚ ਹਾਸਾ ਗੂੰਜ ਰਿਹਾ ਸੀ। ਪਰ ਅਬੂ ਦੀ ਬੇਇਨਸਾਫੀ ਪਿਛੇ ਉਸਦੇ ਉਲਵਾਦੀ ਸਿਧਾਂਤ ਦੀ ਭਿਣਖ ਪੈਂਦੀ ਸੀ। ਇੱਸ ਦੀ ਸਿਧਾਂਤ ਦ੍ਰਿਸ਼ਟੀ ਵਜੋਂ ਮਲਕਾ ਅਬੂ ਦਾ ਪਾਤਰ ਇਸ ਸਾਰੇ ਨਾਟਕ ਵਿੱਚ ਔਰਤ ਦੀ-ਨੇੜ-ਸੋਚ, ਕਾਮ ਲਾਚਾਰੀ ਤੇ ਅਸੰਤੁਸ਼ਟਤਾ ਦਾ ਸ਼ਿਕਾਰ ਸੀ। ਉਹ ਜ਼ਮੀਨ ਤੇ ਡੁਲ੍ਹੀ ਹੋਈ ਮਦਰਾ ਵਾਂਗ ਸੀ ਜਿਸਨੂੰ ਕੋਈ ਵੀ ਪੀ ਨਾ ਸਕੇ। ਸਿਰਫ ਅਬੂ ਨੂੰ ਹੀ ਉਸਦੀ ਮਹਾਨਤਾ ਦਾ ਗਿਆਨ ਸੀ।

ਨਾਟਕ ਦਾ ਦੂਸਰਾ ਹਿੱਸਾ ਪਹਿਲੇ ਨਾਲੋਂ ਵੀ ਸ਼ਕਤੀਸ਼ਾਲੀ ਸੀ। ਅਬੂ ਆਪਣੇ ਦੋਸਤ

ਕੁਰੀਸਲਾਵ ਨਾਲ ਝਗੜਾ ਕਰਕੇ ਆਪਣਾ ਰਾਜ ਖੋਹ ਬੈਠਦਾ ਹੈ। ਘਰੇਲੂ ਲੜਾਈ ਵਿੱਚ ਜਿੱਤ ਇੱਕ ਰਿੱਛ ਦੀ ਹੁੰਦੀ ਹੈ। ਊਲਵਾਦ ਦੀ ਇੱਕ ਹੋਰ ਮਿਸਾਲ। ਬੇਡੀਲ ਰਿੱਛ ਮੰਚ ਤੇ ਪੂਰੇ ਠਾਠ ਨਾਲ ਪਸਰ ਜਾਂਦਾ ਹੈ। ਅਬੂ ਨੂੰ ਰਾਜ ਛਡਕੇ ਦੇਸ਼ ਨਿਕਾਲਾ ਲੈਣਾ ਪੈਂਦਾ ਹੈ। ਕੁਰੀਸਲਾਵ ਤੇ ਅਬੂ ਇੱਕ ਅਜ਼ਾਦ ਤੇ ਲੋਕ ਰਾਜੀ ਦੇਸ਼ ਵਿੱਚ ਇਕੱਠੇ ਹੁੰਦੇ ਹਨ। ਕੁਰੀਸਲਾਵ ਮਨੁਖੀ ਅਜ਼ਾਦੀ ਦੇ ਮੂਲ ਸਿਧਾਂਤਾਂ ਨੂੰ ਪੇਸ਼ ਕਰਦਾ ਹੈ। ਇਨ੍ਹਾਂ ਸਿਧਾਂਤਾਂ ਦੀ ਨੀਂਹ ਅਬੂ ਦੇ ਸਿਧਾਂਤ ਦਾ ਐਂਟੀ-ਥੀਸਿਸ ਹੈ ਜਿਹੜੇ ਕਿ ਉਸਨੇ ਆਪਣੇ ਰਾਜ ਭਾਗ ਦੀ ਨੀਂਹ ਬਣਾਏ ਸਨ। ਕੁਰੀਸਲਾਵ ਅਜ਼ਾਦ ਸੈਨਾ ਦਾ ਕਰਤਾ ਧਰਤਾ ਹੈ। ਅਬੂ ਇੱਕ ਜਾਗੀਰਦਾਰ ਦੀ ਰਿਸ਼ਤੇਦਾਰ ਲੜਕੀ ਨੂੰ ਜ਼ਬਰਦਸਤੀ ਉਠਾ ਕੇ ਲੈ ਜਾਂਦਾ ਹੈ ਤੇ ਆਪਣੇ ਗੁਨਾਹ ਦੀ ਸਜ਼ਾ ਵਜੋਂ ਉਮਰ ਕੈਦ ਦੀ ਮੰਗ ਕਰਦਾ ਹੈ। ਅਬੂ ਸੋਚਦਾ ਹੈ ਕਿ ਪ੍ਰਸਿਧੀ ਤੇ ਅਧਿਕਾਰੀਪਨ ਪ੍ਰਾਪਤ ਕਰਨ ਦਾ ਇੱਕੋ ਇਕ ਤਰੀਕਾ ਕੁਰੀਸਲਾਵ ਦੇ ਅਜ਼ਾਦੀ ਸਿਧਾਂਤ ਦੇ ਵਿਰੁਧ ਇੱਕ ਨਵਾਂ ਸਿਧਾਂਤ ਪੇਸ਼ ਕਰਨਾ ਹੀ ਹੈ। ਇੱਸ ਤਰ੍ਹਾਂ ਉਹ ਉਮਰ ਕੈਦ ਦੀ ਮੰਗ ਕਰਕੇ ਆਪਣੇ 'ਦਾਸ-ਸਿਧਾਂਤ' ਦੀ ਨੀਂਹ ਰਖਦਾ ਹੈ। ਹੁਣ ਅਬੂ ਆਪਣੀ ਕੈਦੀਆਂ ਵਾਲੀ ਵਰਦੀ ਵਿੱਚ ਮੰਚ ਤੇ ਆਉਂਦਾ ਹੈ ਤੇ ਮਲਕਾ ਅਬੂ ਉਸਦਾ ਸਾਥ ਦਿੰਦੀ ਹੈ ਕਿਉਂਕਿ ਉਸਨੇ ਲੜਕੀ ਨੂੰ ਉਧਾਲਣ ਵਿੱਚ ਅਬੂ ਦਾ ਸਾਥ ਦਿੱਤਾ ਸੀ। ਅਬੂ ਦੇ ਪੈਰਾਂ ਨਾਲ ਜ਼ੰਜੀਰਾਂ ਪਾਕੇ ਬਧੇ ਹੋਏ ਲੋਹੇ ਦੇ ਵੱਡੇ ਵੱਡੇ ਗੋਲੇ (ਜਿਸ ਕਰਕੇ ਹੁਣ ਉਹ ਲੱਤਾਂ ਨੂੰ ਚੌੜੀਆਂ ਕਰਕੇ ਚਲਦਾ), ਉਸਦੀ ਨਵੀਂ ਨਿਕੋਰ ਜਿਹਲੀਆਂ ਵਾਲੀ ਕਮੀਜ਼ ਤੇ ਪਜਾਮਾ, ਉਸਦੀ ਟੋਪੀ ਤੇ ਉਸਦਾ ਮੋਟਾ ਭਾਰਾ ਸਰੀਰ ਉਸਦੇ ਜਿਹਲ ਵਿੱਚ ਵੀ ਬਾਦਸ਼ਾਹ ਹੋਣ ਦੀ ਸਾਖੀ ਭਰ ਰਹੇ ਸਨ। ਅੰਤ ਵਿੱਚ ਅਜ਼ਾਦ ਫੌਜ ਦੇ ਸਿਪਾਹੀ ਅਬੂ ਦੀ ਇਸ ਸ਼ਾਨ ਭਰੀ ਜ਼ਿੰਦਗੀ ਤੇ ਰਸ਼ਕ ਖਾ ਕੇ ਜਿਹਲ ਤੋੜ ਕੇ ਅਬੂ ਦੇ ਸਾਥ 'ਚ ਉਸਦਾ ਦਾਸਾਂ ਵਾਲਾ ਜੀਵਨ ਜੀਣ ਚ ਆਪਣੀ ਨਜਾਤ ਸਮਝਦੇ ਹਨ। ਅਬੂ ਆਪਣੇ ਸਾਥੀਆ ਵਿੱਚੋਂ ਗੁੰਡਿਆਂ ਤੇ ਬਦਮਾਸ਼ਾਂ ਦਾ ਮੰਤਰੀ ਮੰਡਲ ਚੁਣਦਾ ਹੈ।

ਨਾਟਕ ਖਤਮ ਹੋ ਗਿਆ ਸੀ। ਸਾਰਾ ਹਾਲ ਤਾੜੀਆਂ ਨਾਲ ਗੂੰਜ ਰਿਹਾ ਸੀ। ਸ਼ਮਸ਼ੇਰ ਤੇ ਮੈਂ ਸਾਰੇ ਜ਼ੋਰ ਨਾਲ ਤਾੜੀਆਂ ਮਾਰ ਰਹੇ ਸਾਂ। ਨਾਟਕ ਦੇ ਅਦਾਕਾਰ ਤੇ ਖਾਸਕਰ ਅਬੂ (ਜਾਨ ਲਿਬੀਸੈਕ) ਤੇ ਮਲਕਾ-ਅਬੂ ਅਦਾਕਾਰਾ (ਮੇਰੀ ਮਾਲਕੋਵਾ) ਪੂਰੇ ਅਭਿਮਾਨ ਨਾਲ ਸੀਸ ਨਿਵਾ ਕੇ ਦਰਸ਼ਕਾਂ ਦੀ ਪ੍ਰਸ਼ੰਸਾ ਕਬੂਲ ਕਰ ਰਹੇ ਸਨ। ਜਾਨ ਲਿਬੀਸੈਕ ਦਾ ਮੋਟਾ ਭਾਰਾ ਥਲਕ ਥਲਕ ਕਰਦਾ ਸਰੀਰ ਸਾਰੇ ਮੰਚ ਤੇ ਛਾਇਆ ਹੋਇਆ ਸੀ। ਮੰਚਘਰ ਤੋਂ ਬਾਹਰ ਨਿਕਲਦਿਆਂ ਮੈਂ ਨੋਟ ਕੀਤਾ ਬੀਟਲ ਮੁੰਡਿਆਂ ਦੀਆਂ ਜਟੂਰੀਆਂ ਇਨ੍ਹਾਂ ਪਿਛਲੇ ਤਿੰਨ ਘੰਟਿਆਂ ਵਿੱਚ ਲੰਬੀਆਂ ਹੋ ਕੇ ਧਰਤੀ ਨੂੰ ਛੂਹਣ ਲੱਗ ਪਈਆਂ ਸਨ ਤੇ ਕੁੜੀਆਂ ਦੀਆਂ ਲੱਤਾਂ ਢਾਂਗਿਆਂ ਵਾਂਗ ਲੰਬੀਆਂ ਹੋ ਗਈਆਂ ਸਨ। ਕੋਵੈਂਟ-ਗਾਰਡਨ ਸਟੇਸ਼ਨ ਤੋਂ ਸ਼ਮਸ਼ੇਰ ਨੇ ਸਾਊਥਹਾਲ ਲਈ ਗੱਡੀ ਫੜੀ ਤੇ ਮੈਂ ਕਿੰਗਸਟਨ ਵਾਸਤੇ। ਚਾਲੀ ਮਿੰਟ ਦਾ ਸਫਰ ਬੜਾ ਔਖਿਆਂ ਹੋ ਕੇ ਕਟਿਆ। ਮੈਂ ਉਚੀ ਅਵਾਜ਼ 'ਚ ਆਖਣਾ ਚਾਹੁੰਦਾ ਸਾਂ, "ਲੋਕੋ ਮੈਂ ਬਲੂਸਟਰੇਡ ਕੰਪਨੀ ਦਾ ਖੇਡਿਆ ਤੇ ਜੈਰੀ ਦਾ ਲਿਖਿਆ ਨਾਟਕ 'ਅਬੂ' ਦੇਖਕੇ ਆਇਆ ਹਾਂ।" ਬਾਦ ਵਿੱਚ ਮੈਂ ਸ਼ਮਸ਼ੇਰ ਨੂੰ ਕਈ ਸ਼ਰਾਬ ਘਰਾਂ ਚ 'ਕਿੰਗ ਅਬੂ' ਦੀ ਕਹਾਣੀ ਤੇ ਉਸਦੇ ਪਖੰਡ ਦ੍ਰਿਸ਼ਾਂ (ਤੇ ਖਾਸ ਕਰਕੇ ਪਾਈਪ ਨੂੰ ਗਿਲੋਟੀਨ ਦੇ ਤੌਰ ਤੇ ਵਰਤਿਆ ਜਾਣਾ) ਦਾ ਬਿਰਤਾਂਤ ਸੁਣਾਦਿਆਂ ਦੇਖਿਆ। ਕਿੰਗ ਅਬੂ ਨੂੰ ਮੈਂ ਪਿਛਲੇ ਚਾਰ ਸਾਲਾਂ ਵਿੱਚ ਦੇਖੇ ਕਈ ਨਾਟਕਾਂ ਵਿੱਚੋਂ ਇੱਕ ਅਭੁਲ ਪ੍ਰੋਡਕਸ਼ਨ ਦੇ ਤੌਰ ਤੇ ਗਿਣਦਾ ਹਾਂ।

———

ਸਮਕਾਲੀਨ ਸਾਹਿਤ ਵਿਚ ਨਕਾਰਾਤਮਕ ਰੁਝਾਨ

ਪੰਜਾਬੀ ਲੇਖਕ ਸਭਾ ਜਲੰਧਰ ਦੀ 16 ਅਗਸਤ ਨੂੰ ਹੋਈ ਇਕੱਤਰਤਾ ਵਿਚ ਪ੍ਰੋਫ਼ੈਸਰ ਰਘਬੀਰ ਸਿੰਘ ਨੇ ਆਪਣਾ ਲੇਖ "ਸਮਕਾਲੀਨ ਪੰਜਾਬੀ ਸਾਹਿਤ ਵਿਚ ਨਕਾਰਾਤਮਕ ਰੁਝਾਨ" ਵਿਚਾਰ ਵਟਾਂਦਰੇ ਲਈ ਪੜ੍ਹਿਆ। ਇਸ ਲੇਖ ਵਿਚ ਉਹਨਾਂ ਨੇ ਪਿਛਲੇ ਕੁਝ ਵਰ੍ਹਿਆਂ ਵਿਚ ਪ੍ਰਵੇਸ਼ ਕੀਤੇ ਅਸਵਸਥ ਰੁਝਾਨਾਂ ਬਾਰੇ ਸੰਖੇਪ ਰੂਪ ਵਿਚ ਵਿਚਾਰ ਕੀਤੀ ਸੀ, ਉਹਨਾਂ ਦੇ ਵਿਚਾਰ ਅਨੁਸਾਰ ਪੂੰਜੀਵਾਦੀ ਪ੍ਰਬੰਧ ਸੰਸਾਰ ਵਿਆਪੀ ਪੱਧਰ ਉਪਰ ਵਿਆਪਕ ਸੰਕਟ ਦਾ ਸ਼ਿਕਾਰ ਹੈ। ਪੱਛਮੀ ਦੇਸ਼ਾਂ ਦੇ ਅਰਥਚਾਰੇ ਅਤੇ ਸਮਾਜਕ ਕੀਮਤਾਂ ਵਿਚ ਆ ਰਹੇ ਨਿਘਾਰ ਦੇ ਨਾਲ ਨਾਲ ਸਾਹਿਤ ਤੇ ਕਲਾ ਦੇ ਖੇਤਰ ਵਿਚ ਵੀ ਇਸ ਦਾ ਪ੍ਰਗਟਾ ਹੋ ਰਿਹਾ ਹੈ। ਸੰਗੀਤ ਵਿਚ ਪੌਪ ਮਿਊਜ਼ਕ ਅਤੇ ਚਿੱਤਰ ਕਲਾ ਵਿਚ ਅਮੂਰਤ ਕਲਾ ਦਾ ਉਥਾਨ ਉਪਰੰਤ ਸਾਹਿਤ ਵਿਚ ਨਿੱਤ ਨਵੇਂ ਉਭਰਦੇ ਵਾਦ ਇਸ ਨਿਘਾਰ ਦੇ ਪ੍ਰਤੀਕ ਹਨ। ਭਾਰਤ ਵੀ ਪੂੰਜੀਵਾਦੀ ਪ੍ਰਬੰਧ ਦਾ ਅੰਗ ਹੈ। ਇਸ ਲਈ ਇਥੇ ਵੀ ਇਨ੍ਹਾਂ ਨਾਕਾਰਾਤਮਕ ਰੁਝਾਨਾਂ ਦਾ ਉਜਾਗਰ ਹੋਣਾ ਸੁਭਾਵਕ ਹੀ ਹੈ। ਪਰ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਨਕਾਰਾਤਮਕ ਰੁਝਾਨਾਂ ਦੀ ਉਤਪਤੀ ਲਈ ਉਪਰੋਕਤ ਕਾਰਨਾਂ ਤੋਂ ਬਿਨਾਂ ਇਕ ਹੋਰ ਮਹੱਤਵਪੂਰਨ ਕਾਰਨ ਹੈ। ਸਾਡੇ ਕੁਝ ਇਕ ਲੇਖਕਾਂ ਵਿਚ ਛੇਤੀ ਸਥਾਪਤ ਹੋਣ ਦੀ ਭਾਵਨਾ ਨਾਲ ਕੁਝ ਚਮਤਕਾਰ ਕਰਨ ਦੀ ਅਭਿਲਾਸ਼ਾ ਹੈ। ਅਜਿਹੇ ਲੇਖਕ ਆਪਣੀ ਬੌਧਿਕ ਗਰੀਬੀ ਵੱਸ ਪੱਛਮ ਦੇ ਸਾਹਿਤ ਦੀ ਬਹੁਤ ਭੱਦੀ ਜਿਹੀ ਨਕਲ ਕਰਨ ਲਈ ਪ੍ਰਯਤਨਸ਼ੀਲ ਹਨ। ਪ੍ਰੋਫ਼ੈਸਰ ਰਘਬੀਰ ਸਿੰਘ ਦਾ ਵਿਚਾਰ ਸੀ ਕਿ ਜਿਥੇ ਪਹਿਲੀ ਸਮੱਸਿਆ ਦਾ ਹੱਲ ਤਾਂ ਸਮਾਜਿਕ ਸਥਿਤੀਆਂ ਵਿਚ ਪ੍ਰੀਵਰਤਣ ਦੁਆਰਾ ਹੀ ਸੰਭਵ ਹੈ, ਉਥੇ ਬੌਧਿਕ ਗਰੀਬੀ ਦੇ ਵੱਸ ਅਪਣਾਏ ਜਾਂਦੇ ਨਕਾਰਾਤਮਕ ਰੁਝਾਨਾਂ ਨੂੰ ਰੋਕਿਆ ਜਾ ਸਕਦਾ ਹੈ।

ਬਹਿਸ ਵਿਚ ਭਾਗ ਲੈਂਦਿਆਂ ਪ੍ਰੋ: ਅਮਰਜੀਤ ਸਿੰਘ ਨੇ ਕਿਹਾ ਕਿ ਇਹ ਕਹਿਣਾ ਗਲਤ ਹੈ ਕਿ ਲਿੰਗ ਵਰਣਨ ਵਿਚ ਖੁਲ੍ਹ ਦੀ ਰੁਚੀ ਪੰਜਾਬੀ ਸਾਹਿਤ ਵਿਚ ਕਿਸੇ ਫ਼ੈਸ਼ਨ ਵਜੋਂ ਆਈ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਸਾਹਿਤ ਵਿਚ ਆਦਰਸ਼ਵਾਦ ਪ੍ਰਧਾਨ ਸੀ। ਇਸ ਪਿਛੋਂ ਸਾਹਿਤ ਵਿਚ ਸਮਾਜਵਾਦੀ ਲਹਿਰ ਦੇ ਚੜ੍ਹਾ ਕਾਰਨ ਇਕ ਨਵਾਂ ਸਾਹਿਤਕ ਉਭਾਰ ਆਇਆ। ਪਰ ਸਮਾਜਵਾਦੀ ਲਹਿਰ ਦੇ ਮੱਠਾ ਪੈਣ ਨਾਲ ਤੇ ਦੇਸ਼ ਦੀ ਆਰਥਕ ਸਮਾਜਿਕ ਹਾਲਤ ਵਿਚ ਕਿਸੇ ਉਤਸ਼ਾਹ ਜਨਕ ਪ੍ਰਗਤੀ ਦੀ ਅਣਹੋਂਦ ਕਾਰਨ ਸਾਡਾ ਬੁਧੀਮਾਨ ਵਰਗ ਸਣਕੀਪਨ ਦਾ ਸ਼ਿਕਾਰ ਹੋ ਗਿਆ। ਇਸ ਲਈ ਇਹ ਨਵੀਨ ਰੁਚੀਆਂ ਬਦਲੀ ਹੋਈ ਸਮਾਜਿਕ ਸਥਿਤੀ ਦੀ ਪੈਦਾਵਾਰ ਹਨ।

ਬਲਦੇਵ ਦੁਹੜੇ ਦਾ ਵਿਚਾਰ ਸੀ ਕਿ ਜੋ ਵਿਚਾਰ ਲੇਖਕ ਦੇ ਮਨ ਵਿਚ ਹੈ ਉਸ ਨੂੰ ਈਮਾਨਦਾਰੀ ਨਾਲ ਸਾਹਿਤ ਵਿਚ ਪੇਸ਼ ਕਰਨਾ ਬੁਰਾ ਨਹੀਂ। ਲੇਖਕ ਆਪਣੇ ਵਿਚਾਰਾਂ ਦਾ ਪ੍ਰਗਟਾ ਸੁਹਿਰਦਤਾ ਨਾਲ ਕਰੇ। ਇਸ ਨੂੰ ਬੁਰਜੁਆ ਰੁਚੀ ਕਹਿਣਾ ਠੀਕ ਨਹੀਂ।

(ਸ. ਸ. ਮੀਸ਼ਾ ਆਪਣੀ ਪਤਨੀ ਸਮੇਤ ਮੀਟਿੰਗ ਵਿਚ ਹਾਜ਼ਰ ਸੀ। ਜਦੋਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਹੁਰਾਂ ਉਸ ਨੂੰ ਬੋਲਣ ਲਈ ਕਿਹਾ ਤਾਂ ਮੀਸ਼ਾ ਨੇ ਕਿਹਾ ਕਿ ਵਿਚਾਰ ਅਧੀਨ ਵਿਸ਼ਾ ਇਤਨਾ ਗੰਭੀਰ ਤੇ ਨਾਜ਼ਕ ਹੈ ਕਿ ਜਿੰਨਾ ਚਿਰ ਮੇਰੀ ਪਤਨੀ ਮੀਟਿੰਗ ਵਿਚ ਬੈਠੀ ਹੈ, ਮੈਂ ਕੁਝ ਨਹੀਂ ਕਹਿ ਸਕਦਾ। ਇਸ ਤੇ ਉਸ ਦੀ ਪਤਨੀ ਉਠ ਕੇ ਕਮਰੇ ਤੋਂ ਬਾਹਰ ਚਲੀ ਗਈ ਬਿਲਕੁਲ ਇਕ ਨਾਟਕੀ ਢੰਗ ਨਾਲ ਜਿਵੇਂ ਕਿਤੇ ਪਹਿਲੋਂ ਹੀ ਯੋਜਨਾ ਬਣਾ ਕੇ ਆਏ ਹੋਣ।)

ਮੀਸ਼ਾ ਨੇ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਪੰਜਾਬੀ ਸਾਹਿਤ ਵਿਚ ਚੇਤੰਨ ਤੌਰ ਤੇ ਸਾਰਥਕ ਯਤਨ ਥੋੜੇ ਚਿਰ ਤੋਂ ਹੀ ਹੋਣ ਲੱਗੇ ਹਨ। ਨਵੀਂ ਲੇਖਕ ਪੀੜ੍ਹੀ ਦਾ ਪੱਛਮੀ ਸਾਹਿਤ ਨਾਲ ਪਹਿਲੀ ਪੀੜ੍ਹੀ ਨਾਲੋਂ ਜ਼ਿਆਦਾ ਸੰਪਰਕ ਹੈ। ਇਸ ਸੰਪਰਕ ਦੇ ਸਿੱਟੇ ਵਜੋਂ ਹੀ ਇਹ ਰੁਚੀਆਂ ਪ੍ਰਗਟ ਹੋਈਆਂ ਹਨ। ਪੁਰਾਣੀ ਪੀੜ੍ਹੀ ਦੇ ਲੇਖਕ ਸਾਹਿਤ ਦੀ ਸਮੱਗਰੀ ਅੱਜ ਵਾਂਗੂ ਬਾਹਰੋਂ ਨਹੀਂ ਸੀ ਲੈਂਦੇ। ਨਵੇਂ ਲੇਖਕਾਂ ਨੇ ਕਈ ਗੱਲਾਂ ਬਾਹਰੋਂ ਬਿਨਾਂ ਸਮਝੇ ਹੀ ਅਪਣਾ ਲਈਆਂ ਹਨ, ਮਿਸਾਲ ਵਜੋਂ ਅਸਤਿਤਵਾਦ। ਇਹ ਸ਼ਬਦ ਸਭ ਤੋਂ ਵੱਧ ਗਲਤ ਰੂਪ ਵਿਚ ਵਰਤਿਆ ਗਿਆ ਹੈ। ਬਹੁਤ ਬੁਧੀਮਾਨ ਲੇਖਕ ਪੰਜਾਬੀ ਬੋਲੀ ਵਿਚ ਨਹੀਂ ਲਿਖ ਰਹੇ। ਇਸ ਲਈ ਨਵੇਂ ਲੇਖਕ ਜੋ ਆਮ ਕਰ ਕੇ ਘੱਟ ਪੜ੍ਹੇ ਹੋਏ ਹਨ, ਬਾਹਰਲੇ ਹਵਾਲੇ ਬਿਨਾਂ ਸਮਝੇ ਹੀ **quote** ਕਰੀ ਜਾਂਦੇ ਹਨ। ਅਜਿਹੇ ਲੇਖਕਾਂ ਦਾ ਪਰੇਰਨਾ ਸਰੋਤ ਭਾਰਤੀ ਮਾਹੌਲ ਦੀ ਥਾਂ ਪੱਛਮੀ ਮਾਹੌਲ ਹੈ। ਪੱਛਮੀ ਦੇਸ਼ਾਂ ਨੇ ਦੂਸਰੀ ਸੰਸਾਰ ਜੰਗ ਦੇ ਸਿੱਟੇ ਅੱਖੀਂ ਵੇਖੇ ਹਨ। ਉਹਨਾਂ ਦੀ ਦੁਨੀਆਂ ਬਾਰੇ ਦ੍ਰਿਸ਼ਟੀ ਸਾਡੇ ਲੋਕਾਂ ਨਾਲੋਂ ਵੱਖਰੀ ਹੈ। ਪਰ ਪੰਜਾਬੀ ਲੇਖਕ ਪ੍ਰਸਿੱਧ ਹੋਣ ਲਈ ਪੱਛਮੀ ਮਾਹੌਲ ਨੂੰ ਆਪਣੀ ਰਚਨਾ ਵਿਚ ਪੇਸ਼ ਕਰਦੇ ਹਨ। ਸ਼ਾਇਦ ਉਹਨਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਅਸੀਂ ਪੱਛਮੀ ਸਾਹਿਤ ਦੀ ਪੱਧਰ ਤਕ ਝੱਟ ਪੱਟ ਪਹੁੰਚ ਜਾਵਾਂਗੇ।

ਪਿਆਰਾ ਸਿੰਘ ਭੋਗਲ ਦਾ ਮਤ ਇਹ ਸੀ ਕਿ ਲਿੰਗ ਵਰਣਨ ਕਰਨ ਵਾਲੇ ਸਾਰੇ ਸਾਹਿਤ ਨੂੰ ਅਸਵਸਥ ਜਾਂ ਅਸ਼ਲੀਲ ਨਹੀਂ ਕਿਹਾ ਜਾਣਾ ਚਾਹੀਦਾ। ਪੰਜਾਬੀ ਵਿਚ ਇਸ ਪਾਸੇ ਪਹਿਲੀ ਵੇਰ ਅਜਿਹੀ ਕੋਸ਼ਿਸ਼ ਹੋਣ ਲੱਗੀ ਹੈ। ਇਸ ਲਈ ਤੱਟ ਫੱਟ ਨਿਰਣਾ ਨਹੀਂ ਹੋ ਸਕਦਾ। ਇਹ ਵਿਸ਼ਾ ਗੰਭੀਰ ਅਧਿਅਨ ਤੇ ਵਿਚਾਰ ਦੀ ਮੰਗ ਕਰਦਾ ਹੈ। ਅੰਮ੍ਰਿਤਾ ਦੇ ਨਾਵਲ 'ਦਿੱਲੀ ਦੀਆਂ ਗਲੀਆਂ' ਦਾ ਜ਼ਿਕਰ, ਪ੍ਰੋਫ਼ੈਸਰ ਰਘਬੀਰ ਸਿੰਘ ਨੇ ਆਪਣੇ ਲੇਖ ਵਿਚ ਕੀਤਾ ਹੈ, ਉਹ ਕੱਚੀ ਰਚਨਾ ਹੈ। ਉਸ ਵਿਚ ਅੰਮ੍ਰਿਤਾ ਨੇ ਆਪਣੇ ਬਾਰੇ ਫੈਲੀਆਂ ਅਫਵਾਹਾਂ ਤੇ ਚੁਟਕਲੇ ਇਕੱਠੇ ਕਰਕੇ ਇਕ ਨਾਵਲ ਦੀ ਸ਼ਕਲ ਦੇਣ ਦੀ ਕੋਸਿਸ਼ ਕੀਤੀ ਹੈ, ਪਰ ਯਤਨ ਸਾਹਿਤ ਨਹੀਂ ਬਣਦਾ।

ਲਿੰਗ ਦਾ ਵਰਨਣ ਪੰਜਾਬੀ ਸਾਹਿਤ ਵਿਚ ਜਿਥੇ ਕਿਤੇ ਹੋਇਆ ਹੈ, ਇਸ ਨੂੰ ਗੰਦਾ ਨਹੀਂ ਕਹਿਣਾ ਚਾਹੀਦਾ। ਇਸ ਲਈ ਵੱਧ ਤੋਂ ਵੱਧ 'ਬੁਰਾ' ਸ਼ਬਦ ਦੀ ਵਰਤੋਂ ਹੀ ਕਾਫੀ ਹੈ ਜੇ ਅਜਿਹੇ ਲੇਖਕ ਇਨਸਾਨੀ ਜ਼ਿੰਦਗੀ ਨੂੰ ਕਿਸੇ ਨਵੇਂ ਕੋਣ ਤੋਂ ਪੇਸ਼ ਕਰਨ ਤਾਂ ਸਿਫਤ ਯੋਗ ਹੈ।

ਹੋਂਦਵਾਦ ਸਾਰਤਰ ਵਰਗੇ ਮਹਾਨ ਦਾਰਸ਼ਨਿਕ ਲੇਖਕਾਂ ਦੀ ਦੇਣ ਹੈ। ਪਰ ਪੰਜਾਬੀ ਵਿਚ ਇਸ ਦੀ ਵਰਤੋਂ ਹਰ ਕੱਚ ਘਰੜ ਤੇ ਨਵੇਂ ਲੇਖਕ ਨੇ ਕੀਤੀ ਹੈ ਤੇ ਆਪਣੀ ਅਗਿਆਨਤਾ

ਦਾ ਸਬੂਤ ਦਿਤਾ ਹੈ।

ਅੰਤ ਵਿਚ ਪ੍ਰਿੰ: ਸੇਖੋਂ ਨੇ ਪ੍ਰਧਾਨਗੀ ਭਾਸ਼ਨ ਦਿੰਦਿਆਂ ਕਿਹਾ ਕਿ ਜੇ ਸਾਡੇ ਪੰਜਾਬੀ ਲੇਖਕ ਅੰਗਰੇਜ਼ੀ ਪੜ੍ਹੇ ਹੋਏ ਨਾ ਹੋਣ ਤਾਂ ਸ਼ਾਇਦ ਕਈ ਮਸਲੇ ਖੜੇ ਹੀ ਨਾ ਹੋਣ। ਅਸਤਿਤਵਾਦ ਦਾ ਮਸਲਾ ਵੀ ਅਜਿਹਾ ਹੀ ਹੈ।

ਬੁਰਜੂਆ ਸਮਾਜ ਕਈ ਕਿਸਮ ਦੇ ਹਨ। ਸੰਸਾਰ ਵਿਚ ਫਰਾਂਸ ਤੇ ਇੰਗਲੈਂਡ ਵਰਗੇ ਉਨਤ ਦੇਸ਼ਾਂ ਦੇ ਟਾਕਰੇ ਤੇ ਭਾਰਤ ਵਰਗੇ ਘੱਟ ਵਿਕਸਤ ਪੂੰਜੀਵਾਦੀ ਦੇਸ਼ ਵੀ ਹਨ। ਪੱਛਮ ਦੇ ਉਨਤ ਦੇਸ਼ਾਂ ਦੇ ਲੇਖਕ ਸਾਧਾਰਨ ਮਨੁੱਖ ਦੀਆਂ ਸਾਧਾਰਨ ਸਮੱਸਿਆਵਾਂ ਨੂੰ ਪੇਸ਼ ਕਰਦੇ ਹਨ, ਉਥੇ ਸਾਮਰਸੈਟ ਮਾਮ ਵਰਗੇ ਲੇਖਕ ਬਹੁਤ ਪੜ੍ਹੇ ਜਾਂਦੇ ਹਨ। ਉਹ ਲੇਖਕ ਸਮਾਜ ਦੀ ਯਥਾਰਥਕਤਾ ਨੂੰ ਸਾਧਾਰਨ ਰੂਪ ਵਿਚ ਚਿਤਰਦੇ ਹਨ। ਕੀ ਇਹ ਲੇਖਕ ਬਹੁਤ ਹੀ ਵਿਸ਼ਾਦ ਗ੍ਰਸਤ ਹਨ? ਕੀ ਸਾਰਤਰ ਦੇ ਨਾਵਲਾਂ ਤੇ ਬਰੇਸਤ ਦੇ ਨਾਟਕਾਂ ਵਿਚ ਸਿਰਫ ਵਿਸ਼ਾਦ ਦਾ ਪ੍ਰਗਟਾ ਹੈ।

ਅਸਤਿਤਵਾਦੀ ਦਰਸ਼ਨ ਦੇ ਕਈ ਰੂਪ ਹਨ। ਇਸ ਦਰਸ਼ਨ ਦੇ ਸਮਰਥਕਾਂ ਵਿਚ ਪ੍ਰਗਤਿਵਾਦੀ ਲੇਖਕ ਵੀ ਹਨ ਤੇ ਈਸਾਈ ਮਤ ਦੇ ਅਨੁਆਈ ਵੀ। ਇਹਨਾਂ ਨੂੰ ਆਧੁਨਿਕਵਾਦੀ ਕਹਿਣਾ ਯੋਗ ਹੈ। ਆਧੁਨਿਕਵਾਦੀ ਸਮਾਜਵਾਦ ਤੇ ਪੂੰਜੀਵਾਦ ਦੋਹਾਂ ਤੋਂ ਨਿਰਾਸ ਹਨ। ਉਹ ਕੋਈ ਹੋਰ ਤੀਜਾ ਰਾਹ ਲੱਭਦੇ ਹਨ ਸਮਾਜ ਨੂੰ ਅੱਗੇ ਖੜਨ ਦਾ।

ਪਰ ਉਨਤ ਪੂੰਜੀਵਾਦੀ ਦੇਸ਼ਾਂ ਵਿਚਲੇ ਲੋਕਾਂ ਦੀ ਆਰਥਕ ਹਾਲਤ ਅੱਜ ਤੋਂ ਪੰਜਾਹ ਸਾਲ ਪਹਿਲਾਂ ਦੇ ਮਨੁੱਖ ਦੀ ਹਾਲਤ ਨਾਲੋਂ ਕਈ ਦਰਜੇ ਚੰਗੀ ਹੈ। ਇੰਗਲੈਂਡ ਦਾ ਗਰੀਬ ਬਹੁਤ ਉਦਾਸ ਨਹੀਂ। ਉਸ ਦੇ ਜੀਵਨ ਉਤੇ ਸਮਾਜਵਾਦ ਦਾ ਲੁਪਤ ਪ੍ਰਭਾਵ ਹੈ। ਪਰ ਇਸ ਦੇ ਟਾਕਰੇ ਤੇ ਅਰਧ ਉਨਤ ਪੂੰਜੀਵਾਦੀ ਦੇਸ਼ਾਂ, ਸਪੇਨ ਆਦਿ ਵਿਚ, ਸਾਧਾਰਨ ਮਨੁੱਖ ਦੁਖੀ ਹੈ।

ਆਧੁਨਿਕਵਾਦ ਦੇ ਸਮਰਥਕ ਲੇਖਕ ਜੋ ਸਮਾਜਵਾਦ ਦੇ ਵੀ ਵਿਰੋਧੀ ਹਨ, ਇਹ ਕਹਿੰਦੇ ਹਨ ਕਿ ਮਨੁੱਖੀ ਸਮਾਜ ਦਾ ਕਿਧਰੇ ਵੀ ਕਲਿਆਣ ਨਹੀਂ, ਨਾ ਪੂੰਜੀਵਾਦ ਵਿਚ ਤੇ ਨਾ ਹੀ ਸਮਾਜਵਾਦ ਵਿਚ। ਪੱਛਮੀ ਚਿੱਤਰ ਕਲਾ ਵਿਚ ਇਹ ਰੁਚੀ ਵਧੇਰੇ ਪਰਤੱਖ ਹੈ। ਪਰ ਇਹ ਆਧੁਨਿਕਵਾਦੀ ਪੱਛਮ ਵਿਚ ਅਬੋਧਕ ਜਹੀ ਬਗਾਵਤ ਕਰਦੇ ਹਨ ਪਰ ਸੀਮਾਵਾਂ ਵਿਚ ਰਹਿ ਕੇ।

ਇਸ ਲਈ ਨਵੇਂ ਪੰਜਾਬੀ ਲੇਖਕ ਜਿਹਨਾਂ ਪੱਛਮੀ ਲੇਖਕਾਂ ਨੂੰ ਨਮੂਨੇ ਮੰਨ ਕੇ ਨਕਲ ਕਰਦੇ ਹਨ ਉਹ ਪੱਛਮੀ ਲੇਖਕ ਜੀਵਨ ਦੇ ਅਸਲ ਮਨੋਰਥ ਬਾਰੇ ਆਪ ਸਪਸ਼ਟ ਨਹੀਂ। ਇਸ ਸਮੱਸਿਆ ਦਾ ਹੱਲ ਇਹ ਹੀ ਹੈ ਕਿ ਪੰਜਾਬੀ ਲੇਖਕ ਸੋਚੇ ਕਿ ਉਸ ਦੇ ਜੀਵਨ ਵਿਚਲੇ ਵਿਸ਼ਾਦ ਕਿਹੜੇ ਹਨ। ਮੇਰੇ ਖਿਆਲ ਵਿਚ ਭਾਰਤ ਵਿਚ ਮਨੁੱਖ ਨੂੰ ਇਸਤਰੀ ਨਾਲ ਸੰਪਰਕ ਦਾ ਮੌਕਾ ਜਾਂ ਖੁਲ੍ਹ ਨਹੀਂ ਮਿਲੀ। ਹਰ ਨਵਾਂ ਉਠਦਾ ਮਨੁੱਖ ਤੇ ਇਸਤਰੀ ਲੇਖਕ ਇਸੇ ਵਿਸ਼ਾਦ ਨੂੰ ਸਾਹਿਤ ਵਿਚ ਰੂਪਮਾਨ ਕਰਦਾ ਹੈ। ਪਰ ਉਹ ਇਸ ਵਿਸ਼ਾਦ ਨੂੰ ਸਪਸ਼ਟ ਭਾਂਤ ਪ੍ਰਗਟ ਵੀ ਨਹੀਂ ਕਰਦੇ, ਲੁਕਾ ਲੈਂਦੇ ਹਨ। ਲੁਕਾਇਆਂ ਕਲਾ ਨਹੀਂ ਰਹਿੰਦੀ। ਪਰ ਇਸ ਇਸ਼ਕ ਦੇ ਵਿਸ਼ਾਦ ਤੋਂ ਬਿਨਾਂ ਹੋਰ ਵੀ ਵਿਸ਼ਾਦ ਹਨ, ਜਿਵੇਂ ਕਿ ਫੈਜ਼ ਨੇ ਇਕ ਕਵਿਤਾ ਵਿਚ ਕਿਹਾ ਵੀ ਹੈ:

ਔਰ ਭੀ ਗ਼ਮ ਹੈਂ ਜ਼ਮਾਨੇ ਮੇਂ
ਮੁਹੱਬਤ ਕੇ ਸਿਵਾ

ਨੌਜਵਾਨਾਂ ਲਈ ਰੁਜ਼ਗਾਰ ਦਾ ਮਸਲਾ ਵੀ ਹੈ। ਮੁੱਖ ਗੱਲ ਆਪਣੇ ਤਜਰਬੇ ਤੋਂ ਹੱਲ ਕਰਨ ਦੀ ਹੈ। ਤੇ ਨੈਤਿਕ ਕੀਮਤਾਂ ਬਾਰੇ ਬਹੁਤੀ ਚਿੰਤਾ ਕਰਨ ਦੀ ਲੋੜ ਨਹੀਂ। ਇਹ ਸਮੇਂ ਨਾਲ ਬਦਲਦੀਆਂ ਰਹਿੰਦੀਆਂ ਹਨ।

ਹਰਭਜਨ ਸਿੰਘ ਹੁੰਦਲ

ਨਵੇਂ ਲੋਕ

ਕੁਲਵੰਤ ਸਿੰਘ ਵਿਰਕ ਇਕ ਹੰਢਿਆਂ ਹੋਇਆ ਕਹਾਣੀਕਾਰ ਹੈ; ਜਿਸ ਨੇ ਪੰਜਾਬੀ ਕਹਾਣੀ ਦੀ ਕਲਾ ਨੂੰ ਆਪਣੀਆਂ ਪਹਿਲੀਆਂ ਕਿਰਤਾਂ ਵਿਚ ਹੀ ਇਕ ਉਨਤ ਪੜਾਉ ਉਤੇ ਪੁਚਾ ਦਿਤਾ ਸੀ। 'ਨਵੇਂ ਲੋਕ' (ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ) ਉਸ ਦੀਆਂ ਨਵੀਆਂ ਕਹਾਣੀਆਂ ਦਾ ਸੰਗ੍ਰਿਹ ਤਾਂ ਹੈ ਹੀ, ਪਰ ਇਸ ਦਾ ਸ਼ੀਰਸ਼ 'ਨਵੇਂ ਲੋਕ' ਕੇਵਲ ਇਨ੍ਹਾਂ ਕਹਾਣੀਆਂ ਦੇ ਨਵੀਆਂ ਹੋਣ ਦਾ ਹੀ ਸੂਚਕ ਨਹੀਂ, ਇਨ੍ਹਾਂ ਦੇ ਪਾਤਰ ਵੀ ਵਿਰਕ ਦੇ ਵਿਚਾਰ ਵਿਚ ਸਾਡੇ ਦੇਸ਼ ਦੇ ਨਵੇਂ, ਆਧੁਨਿਕ ਰੁਚੀਆਂ ਵਾਲੇ ਲੋਕ ਹਨ, ਤੇ ਮੈਂ ਇਸ ਗੱਲ ਨਾਲ ਸਹਿਮਤ ਹਾਂ।

ਕਹਾਣੀ ਦਾ ਨਵੀਨ ਕਲਾ ਰੂਪ ਮੇਰੇ ਵਿਚਾਰ ਵਿਚ ਇਕ ਅਤੀ ਸੂਖਮ ਰੂਪ ਹੈ। ਇਸ ਵਿਚ ਸਾਹਿਤ ਦੇ ਦੋਵੇਂ ਮੁੱਖ ਤੱਤ, ਦੁਰਭਾਗ ਨਾਲ ਸ਼ੋਕਮਈ ਹਮਦਰਦੀ ਤੇ ਕੁਨੀਤੀ ਤੇ ਕੁਕਰਮ ਉਤੇ ਰੋਹ ਜਾਂ ਵਿਅੰਗ, ਕੁਝ ਹਲਕੇ ਰੂਪ ਵਿਚ ਹੀ ਆਉਂਦੇ ਹਨ ਤੇ ਆਉਣੇ ਚਾਹੀਦੇ ਹਨ। ਇਸੇ ਲਈ ਜਦੋਂ ਕੋਈ ਪੁਰਾਣੇ ਸੁਭਾਵ ਦਾ ਲੇਖਕ ਕਹਾਣੀ ਵਿਚ ਕਠੋਰ ਦੁਰਭਾਗ ਦਾ ਵਰਣਨ ਕਰਦਾ ਹੈ ਜਾਂ ਅਤਿਸ਼ ਕੁਕਰਮ ਉਤੇ ਰੋਹ ਪ੍ਰਗਟ ਕਰਦਾ ਹੈ ਤਾਂ ਉਹ ਮਨੁਖੀ ਕੁਰੁਚੀ ਦੇ ਵਰਣਨ ਨੂੰ ਕੁਕਰਮ ਦੇ ਵਰਣਨ ਤਕ ਲੈ ਜਾਂਦਾ ਹੈ, ਇਸ ਨਾਲ ਕਹਾਣੀ ਰੂਪ ਦਾ ਦਮਨ ਹੋ ਜਾਂਦਾ ਹੈ। ਵਿਰਕ ਦੀਆਂ ਕਹਾਣੀਆਂ ਵਿਚ ਇਹ ਦਮਨ ਨਹੀਂ ਹੁੰਦਾ ਤੇ ਦੁਰਭਾਗ ਜਾਂ ਕੁਕਰਮ ਜਾਂ ਕੁਨੀਤੀ ਦੇ ਹਲਕੇ ਰੂਪ ਹੀ ਪੇਸ਼ ਕੀਤੇ ਜਾਂਦੇ ਹਨ।

ਪਰ ਇਹ ਹਲਕੇ ਰੂਪ, ਇਹ ਨਿੱਕੇ ਰੂਪ, ਵਿਕਰਾਲ ਤੇ ਅਤਿਸ਼ ਰੂਪਾਂ ਦੇ ਪਰਛਾਵੇਂ ਹੁੰਦੇ ਹਨ, ਅਰਥਾਤ ਵਿਕਰਾਲ ਤੇ ਅਤਿਸ਼ ਰੂਪਾਂ ਦੇ ਸਮਾਨਾਂਤਰ ਚਲ ਕੇ ਉਨ੍ਹਾਂ ਉਤੇ ਇਕ ਪ੍ਰਕਾਰ ਵਿਅੰਜਨਾ ਰੂਪ ਆਲੋਚਨਾ ਕਰ ਜਾਂਦੇ ਹਨ।

ਵਿਰਕ ਦੇ ਨਵੇਂ ਲੋਕ ਜੀਵਨ ਦੀਆਂ ਉਨ੍ਹਾਂ ਸਮਸਿਆਵਾਂ ਨੂੰ, ਜਿਨ੍ਹਾਂ ਨੂੰ ਪੁਰਾਣੇ ਲੋਕ ਜੀਵਨ ਮਰਨ ਦੇ ਮਾਮਲੇ ਸਮਝਦੇ ਹਨ, ਸਹਜੇ ਹੀ ਆਪ ਦੀ ਉਲਾਂਘ ਵਿਚ ਲੈ ਲੈਂਦੇ ਹਨ, ਜਾਂ ਵਿਰਕ ਉਨ੍ਹਾਂ ਉਤੇ ਪੇਂਡੂ ਮੁਹਾਵਰੇ ਅਨੁਸਾਰ ਖ਼ਫਾ-ਖ਼ੂਨ ਨਹੀਂ ਹੋ ਜਾਂਦਾ। ਰਸਭਰੀਆਂ' ਕਹਾਣੀ ਵਿਚ ਨਾਇਕ ਵਕੀਲ ਨੂੰ ਆਪਣੀ ਪਤਨੀ ਦੇ ਇਕ ਹੋਰ ਪੁਰਸ਼ ਨਾਲ ਗਹਰੇ ਸੰਬੰਧਾਂ ਦਾ ਪ੍ਰਮਾਣ ਮਿਲ ਜਾਂਦਾ ਹੈ ਤਾਂ ਉਹ ਕੇਵਲ 'ਨਿਢਾਲ ਹੋ ਕੇ ਮੰਜੀ ਉਤੇ ਢਹ ਪਿਆ' ਹੈ। ਪੁਰਾਣੀ ਕਹਾਣੀ ਵਿਚ ਗੱਲ ਇਥੇ ਹੀ ਨਹੀਂ ਸੀ ਮੁੱਕ ਜਾਣੀ। ਉਸ ਸ਼ੈਲੀ ਦੀ ਕਹਾਣੀ ਵਿਚ ਪਹਿਲਾਂ ਤਾਂ ਵਕੀਲ ਉਸੇ ਮੌਕੇ ਆਪਣੀ ਪਤਨੀ ਨੂੰ ਸਜ਼ਾ ਦੇਣ ਦੇ ਮਨਸੂਬੇ ਬਣਾਂਦਾ ਅਤਿਸ਼ ਦੁਖੀ ਹੁੰਦਾ, ਵਿਰਲਾਪ ਵੀ, ਦਿਖਾਇਆ ਜਾਣਾ ਸੀ, ਤੇ ਕਹਾਣੀ ਨੇ ਅਗੋਂ ਤੁਰਦੇ ਰਹਣਾ ਸੀ। ਇਸੇ ਤਰ੍ਹਾਂ 'ਸਾਂਝ' ਵਿਚ ਨਾਇਕ ਦੇ ਕਠੋਰ ਦੁਰਭਾਗ ਨੂੰ ਬੜੀਆਂ ਹਲਕੀਆਂ ਛੋਹਾਂ ਨਾਲ ਵਿਅਕਤ ਕੀਤਾ ਹੈ ਤੇ ਜਦੋਂ ਸਰਦਾਰ ਜਿਸ ਦਾ ਜਮਾਈ ਜਵਾਨੀ ਵਿਚ ਮਰ ਗਿਆ ਹੈ, ਰੋਂਦਾ ਹੈ ਤਾਂ ਜਾਣੋ ਕੇਵਲ ਆਪਣੇ

ਜਮਾਈ ਲਈ ਨਹੀਂ, ਅਫ਼ਸੋਸ ਕਰਨ ਆਏ ਕਿਰਸਾਣ ਦੇ ਮੋਏ ਜਮਾਈ ਲਈ ਵੀ ਉਸੇ ਪਲ ਰੋਂਦਾ ਹੈ। 'ਕਸ਼ਟ ਨਿਵਾਰਨ' ਵਿਚ ਇਕ ਗ਼ਰੀਬ ਪੇਂਡੂ ਨੂੰ ਪਿੰਡ ਦੀ ਮੁਰੱਬੇ-ਬੰਦੀ ਵਿਚ ਭੈੜੀ ਭੋਇੰ ਉਤੇ ਬਿਠਾਏ ਜਾਣ ਤੇ ਉਸ ਨੂੰ ਬੱਸ ਵਿਚ ਚੰਗੀ ਥਾਉਂ ਤੋਂ ਚਲਾਕੀ ਨਾਲ ਉਠਾ ਕੇ ਗੰਦੀ ਥਾਉਂ ਬਿਠਾਏ ਜਾਣ, ਦੋਹਾਂ ਘਟਨਾਵਾਂ ਨੂੰ ਸਮਾਨਾਂਤਰ ਰੂਪ ਦਿਖਾਇਆ ਗਇਆ ਹੈ। ਵਿਰਕ ਨੇ ਉਹਨਾਂ ਲੋਕਾਂ ਉਤੇ ਜਿਨ੍ਹਾਂ ਨੇ ਇਸ ਕਿਰਸਾਣ ਨੂੰ ਭੈੜੀ ਭੋਇੰ ਦਿਤੀ ਹੈ ਖ਼ਫ਼ਾ-ਖ਼ੂਨ ਹੋ ਕੇ ਰੋਹ ਨਹੀਂ ਪ੍ਰਗਟ ਕੀਤਾ, ਪਰ ਇਸ ਹਲਕੇ ਜਿਹੇ ਵਿਅੰਗ ਨਾਲ ਮਨੁਖ ਸਮਾਜ ਦੀ ਕਠੋਰਤਾ ਉਤੇ ਕਟਾਖ ਕਰ ਦਿਤਾ। 'ਮੁਢੋਂ ਸੁਢੋਂ' ਕਹਾਣੀ ਵਿਚ ਪੰਜਾਬ ਵਿਚ ਵਰਤੀ ਇਕ ਅਤੀ ਦੁਖਦਾਈ ਘਟਨਾ ਦਾ, ਜਿਵੇਂ ਇਹ ਇਕ ਖ਼ਾਸ ਪਿੰਡ ਉਤੇ ਵਿਆਪੀ, ਇਕ ਅਜੇਹਾ ਵਰਣਨ ਹੈ ਜਿਸ ਵਿਚ ਰੋਹ ਜਾਂ ਗੁੱਸਾ ਨਿਰੰਤਰ ਦਬਿਆ ਹੋਇਆ ਹੈ, ਪਰ ਸਾਧਾਰਣ ਮਨੁਖ ਦੀ ਅਧਿਕਾਰੀ ਵਰਗ ਦੀ ਦੁਰਵਰਤੋਂ ਉਤੇ ਜਿੱਤ ਇਕ ਬੜੇ ਸੁਹਣੇ ਰੂਪ ਵਿਚ ਹੁੰਦੀ ਦਰਸਾਈ ਗਈ ਹੈ। ਪਿੰਡ ਉਤੇ ਪੁਲੀਸ ਵਲੋਂ ਗੋਲੀ ਚਲ ਜਾਣ ਨੂੰ ਵਿਰਕ ਇਕ ਅਲੋਕਾਰ ਸਮਝਦਾ ਹੈ। 'ਗੋਲੀ ਚਲਦੀ ਅੱਗੇ ਵੀ ਸੁਣੀ ਸੀ, ਜਲਸਾਂ ਉਤੇ, ਸ਼ਹਿਰ ਵਿਚ, ਸੜਕ ਉਤੇ ਜਾਂ ਸਾਂਝੇ ਮੈਦਾਨ ਵਿਚ', ਉਹ ਮੰਨਦਾ ਹੈ, 'ਪਰ ਪਿੰਡ ਵਿਚ ਗੋਲੀ ਤਾਂ ਮੈਨੂੰ ਇਸ ਤਰ੍ਹਾਂ ਲਗਦੀ ਸੀ ਜਿਵੇਂ ਹਰ ਘਰ ਵਿਚ ਗੋਲੀ ਚਲਾਈ ਗਈ ਹੋਵੇ।' ਇਸ ਤੋਂ ਤਿੱਖੀ ਚੋਭ ਅਧਿਕਾਰੀਆਂ ਉਤੇ ਹੋਰ ਨਹੀਂ ਹੋ ਸਕਦੀ। ਉਸ ਨੇ ਗੋਲੀ ਚਲਾਣ ਦਾ ਹੁਕਮ ਦੇਣ ਵਾਲੇ ਤਸੀਲਦਾਰ ਉਤੇ ਕੇਵਲ ਇਤਨੀ ਚੋਟ ਕੀਤੀ ਹੈ। 'ਇਹੋ ਜਿਹੇ ਕੰਮਾਂ ਬਾਰੇ ਉਤਲੀ ਉਤਲੀ ਜਾਣਕਾਰੀ ਤੋਂ ਮੇਰਾ ਇਹ ਖਿਆਲ ਬਣਿਆ ਹੋਇਆ ਸੀ ਕਿ ਇਸ ਤਰ੍ਹਾਂ ਦੀ ਕਿਸੇ ਕਾਰਵਾਈ ਪਿਛੋਂ ਇਕ ਵੱਡਾ ਅਫ਼ਸਰ ਇਸ ਦੀ ਜਾਂਚ ਪੜਤਾਲ ਕਰਦਾ ਹੈ ਤੇ ਇਹ ਫ਼ੈਸਲਾ ਦੇਂਦਾ ਹੈ ਕਿ ਗੋਲੀ ਚਲਾਣ ਦੀ ਲੋੜ ਸੀ ਕਿ ਨਹੀਂ। ਜਿੰਨਾ ਚਿਰ ਇਹ ਫ਼ੈਸਲਾ ਪ੍ਰਾਪਤ ਨਾ ਹੋ ਜਾਵੇ, ਗੋਲੀ ਚਲਾਣ ਵਾਲਾ ਅਫ਼ਸਰ ਆਪਣੇ ਕੰਮ ਦੇ ਨਤੀਜਿਆਂ ਬਾਰੇ ਫ਼ਿਕਰਮੰਦ ਹੀ ਰਹਿੰਦਾ ਸੀ ਪਰ ਇਹ ਤਸੀਲਦਾਰ ਤਾਂ ਫਿਕਰਮੰਦ ਹੋਣ ਦੀ ਥਾਂ ਬੜਾ ਖੁਸ਼ ਸੀ — ਜਿਵੇਂ ਉਸ ਨੂੰ ਇਸ ਗੱਲ ਕਰ ਕੇ ਤਰੱਕੀ ਮਿਲ ਜਾਣੀ ਹੋਵੇ।' ਤੇ ਫਿਰ ਇਸ ਸਾਰੀ ਦੁਰਘਟਨਾ ਉਤੇ ਸਾਧਾਰਣ ਮਨੁਖ ਦੀ ਜਿੱਤ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ,'ਇਕ ਮੁਕਲਾਵੇ ਆਈ ਵਹੁਟੀ ਹੁਣ ਉਥੇ ਹੀ ਰਹੇਗੀ, ਇਕ ਨਵਾਂ ਘਰ ਵਸੇਗਾ, ਬੱਚੇ ਜੰਮਣਗੇ, ਉਸ ਪਿੰਡ ਦੀ ਨਵੀਂ ਪੀੜ੍ਹੀ ਬਣਨਗੇ। ਮੈਨੂੰ ਹੋਰ ਹੌਸਲਾ ਹੋ ਗਿਆ। ਮਨੁਖ ਦੀਆਂ ਬਲਾਈਂ ਮਨੁਖ ਦਾ ਆਪਣਾ ਬੱਚਾ ਹੀ ਵੱਡਾ ਹੋ ਕੇ ਕਟਦਾ ਆਇਆ ਹੈ।'

ਇਨ੍ਹਾਂ ਨਵੇਂ ਲੋਕਾਂ ਵਿਚ ਹੀ ਇਕ ਉਹ ਡਾਕਟਰ ਕੁੜੀ ਹੈ ਜੋ ਆਪਣੇ ਨਵੇਂ ਕਰਤੱਵ ਤੋਂ ਸੁਹਣੀ ਪ੍ਰਕਾਰ ਜਾਣੂ ਹੈ ਜਦੋਂ ਉਹ ਕਹਿੰਦੀ ਹੈ 'ਕਦੀ ਕਦੀ ਤਾਂ ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਮੈਂ ਆਪਣੇ ਪਿੰਡਾਂ ਵਿਚ ਆਪਣੇ ਤਰੀਕੇ ਨਾਲ ਫਿਰ ਕੇ ਉਥੋਂ ਦੀਆਂ ਔਰਤਾਂ ਵਿਚ ਜਾਨ ਪਾ ਰਹੀ ਹੋਵਾਂ, ਜਿਵੇਂ ਉਨ੍ਹਾਂ ਲਈ ਜੀਵਨ ਦਾ ਰਾਹ ਖੋਲ੍ਹ ਰਹੀ ਹੋਵਾਂ।' ਕਹਾਣੀ ਦੇ ਮੁਖ ਪਾਤਰ ਨੂੰ ਉਸ ਦੀ ਇਹ ਗੱਲ ਧੁੰਦਲੀ ਜੇਹੀ ਲਗਦੀ ਹੈ, ਤੇ ਉਹ ਸ਼ੰਕਾ ਕਰਦਾ ਹੈ, 'ਜੇ ਸਿਆਲਾਂ ਦੀ ਧੀ, ਹੀਰ, ਆਪਣਾ ਕਿੱਸਾ ਲਿਖਵਾ ਕੇ ਤੇ ਬੰਦੇ ਬੰਦੇ ਦੇ ਮੂੰਹੋਂ ਗਵਾ ਕੇ ਔਰਤਾਂ ਦਾ ਰਾਹ ਨਾ ਖੋਲ੍ਹ ਸਕੀ ਤਾਂ ਤੂੰ ਫਿਰ ਟੁਰ ਕੇ ਹੀ ਕਿਵੇਂ ਖੋਲ੍ਹ ਦੇਵੇਂਗੀ ?' ਇਸ ਦਾ ਉਤਰ ਓਸ ਡਾਕਟਰ ਕੁੜੀ ਪਾਸ ਕੇਹਾ ਸੁਹਣਾ ਤੇ ਪ੍ਰਭਾਵਕ ਹੈ, 'ਉਹ ਗੱਲ ਹੋਰ ਏ। ਆਦਰ ਮਰੀ ਹੋਈ

ਹੀਰ ਦਾ ਹੀ ਹੋਇਆ ਹੈ । ਜੀਉਂਦੀ ਹੀਰ ਦਾ ਕਿਧਰੇ ਕੋਈ ਆਦਰ ਨਹੀਂ ਸੀ । ਮਰਨ ਪਿਛੋਂ ਆਦਰ ਮਿਲਨ ਨਾਲ ਕਿਸੇ ਜੀਉਂਦੀ ਇਸਤ੍ਰੀ ਦਾ ਕੋਈ ਆਦਰ ਨਹੀਂ ਹੋ ਸਕਦਾ । ਮੇਰੀ ਪਦਵੀ ਕਰ ਕੇ ਤੇ ਮੇਰੇ ਕਸਬ ਤੋਂ ਲਾਭ ਹੋਣ ਕਰ ਕੇ ਮੇਰਾ ਜੀਉਂਦੀ ਦਾ ਆਦਰ ਹੈ । ਹੋਰ ਇਸਤ੍ਰੀਆਂ ਜੀਉਂਦੀਆਂ ਹੀ ਇਸ ਵਿਚ ਹਿੱਸੇਦਾਰ ਹੋ ਸਕਦੀਆਂ ਨੇ ।'

ਇਹ ਉਨ੍ਹਾਂ ਲੋਕਾਂ ਨੂੰ ਕਰੜੀ ਚੇਤਾਵਨੀ ਹੈ ਜੋ ਇਹ ਸਮਝਦੇ ਹਨ ਕਿ ਇਸਤ੍ਰੀ ਪੁਰਸ਼ ਨੂੰ ਪਰੇਮ ਵਿਆਹ ਦੀ ਖੁਲ੍ਹ ਹੀ ਆਧੁਨਿਕ ਸਮੇਂ ਦੀ ਮੁਖ ਪ੍ਰਾਪਤੀ ਹੋ ਸਕਦੀ ਹੈ । ਮੁਖ ਪ੍ਰਾਪਤੀ ਇਸਤ੍ਰੀ ਲਈ ਵੀ ਤੇ ਪੁਰਸ਼ ਲਈ ਵੀ ਆਰਥਿਕ ਪੱਖ ਤੋਂ ਉਤਪਾਦਕ ਤੇ ਜ਼ਿੰਮੇਂਦਾਰ ਹੋਣ ਦੀ ਹੀ ਹੋਵੇਗੀ ।

ਜੀਵਨ ਦੇ ਪੱਖ ਤੋਂ ਵੀ ਵਿਰਕ ਨਵੇਂ ਲੋਕਾਂ ਦਾ ਪ੍ਰਵਕਤਾ ਹੈ ਜੋ ਇਸਤ੍ਰੀ ਪੁਰਸ਼ ਦੇ ਲਿੰਗ ਸੰਬੰਧਾਂ ਨੂੰ ਹਰ ਹਾਲਤ ਵਿਚ ਇਕ ਕਠਿਨ ਪਰੀਖਿਆ ਤੇ ਅੱਤ ਭਾਵੀ ਪਰੇਮ ਦਾ ਰੂਪ ਨਹੀਂ ਦੇਂਦੇ । ਉਹ ਇਹ ਦਸਦਾ ਹੈ ਕਿ ਇਸਤ੍ਰੀ ਪੁਰਸ਼ ਦੀ ਪਰਸਪਰ ਖਿਚ, ਭਾਵੇਂ ਲਿੰਗ ਭਾਵੀ ਜ਼ਰੂਰ ਹੈ, ਜਰੂਰੀ ਨਹੀਂ ਕੋਈ ਸਮਸਿਆ ਉਪਜਾਣ ਵਾਲੀ ਵਿਸ਼ੇਸ਼ ਘਟਨਾ ਬਣਾਈ ਜਾਵੇ । 'ਨਵੇਂ ਲੋਕ' ਕਹਾਣੀ ਵਿਚ ਅਜੋਕੇ ਜੀਵਨ ਦੇ ਇਸ ਉਦਾਰ ਭਾਵ ਨੂੰ ਉਹ ਬੜੇ ਪ੍ਰਭਾਵਕ ਢੰਗ ਨਾਲ ਬਿਆਨ ਕਰਦਾ ਹੈ, ਜਦੋਂ ਇਕ ਪ੍ਰੋਫੈਸਰ ਤੇ ਉਸ ਦਾ ਦੋਸਤ ਮਕਾਨ ਕਰਾਏ ਉਤੇ ਲੈਣ ਦੀ ਮੁਹਿੰਮ ਉਤੇ ਚੜ੍ਹੇ ਇਕ ਮਕਾਨ ਦੀ ਸੁਹਣੇ ਸਰੀਰ ਤੇ ਸੁਭਾਵ ਵਾਲੀ ਮਾਲਕਨ ਨਾਲ ਨਿਝਕ ਤੇ ਨਿਰਕਪਟ ਗੱਲਾਂ ਕਰਦੇ ਹਨ । ਪੁਰਾਣੇ ਲੋਕਾਂ ਵਿਚ ਇਹ ਨਿਰਕਪਟ ਖੁਲ ਵੀ ਨਹੀਂ ਸੀ । ਪਰ ਜਦੋਂ ਪ੍ਰੋਫੈਸਰ ਆਪਣੇ ਨੌਜਵਾਨ ਮਿਤਰ ਨੂੰ ਆਖਦਾ ਹੈ, 'ਜਦੋਂ ਅਸੀਂ ਤੇਰੇ ਜਿਡੇ ਹੁੰਦੇ ਸਾਂ ਤਾਂ ਕਿਸੇ ਓਪਰੀ ਜਨਾਨੀ ਨਾਲ ਏਨੀਆਂ ਗਲਾਂ ਕਰਨ ਸਾਨੂੰ ਲਾਹੌਰ ਹੀਰਾ ਮੰਡੀ ਜਾਣਾ ਪੈਂਦਾ ਸੀ' ਮੈਨੂੰ ਇਹ ਗੱਲ ਕੁਝ ਕੁਹਜੀ ਲਗੀ ਹੈ । ਇਸ ਖੁਲ੍ਹ ਨੂੰ ਸ਼ਾਇਦ ਇਸ ਤਰ੍ਹਾਂ ਵਧੇਰੇ ਸੁਹਣੇ ਭਾਵ ਵਿਚ ਦਸਿਆ ਜਾ ਸਕਦਾ ਸੀ, 'ਜਦੋਂ ਅਸੀਂ ਤੇਰੇ ਜਿਡੇ ਹੁੰਦੇ ਸਾਂ ਤਾਂ ਏਨੀਆਂ ਗੱਲਾਂ ਅਸੀਂ ਆਪਣੀ ਭਰਜਾਈ ਨਾਲ ਹੀ ਕਰ ਸਕਦੇ ਸਾਂ ।'

ਹੋਰ ਬਹੁਤ ਕਹਾਣੀਆਂ ਵਿਚ ਵੀ ਵਿਰਕ ਇਸਤ੍ਰੀ ਪੁਰਸ਼ ਦੇ ਲਿੰਗ-ਭਾਵੀ ਚੋਚਲਿਆਂ ਨੂੰ ਕੁਰੂਪ ਜੇਹੇ ਬਣਾ ਦੇਂਦਾ ਹੈ । ਇਹ ਕੁਰੂਪਤਾ ਇਸਤ੍ਰੀ ਪੁਰਸ਼ ਸੰਬੰਧਾਂ ਵਿਚ ਅੱਜ ਦੇ ਸਮੇਂ ਹੈ ਜ਼ਰੂਰ ਪਰ ਕਹਾਣੀ ਦੀ ਸੂਖਮਤਾ ਇਸ ਤੋਂ ਨਵੇਕਲੀ ਰਹ ਕੇ ਹੀ ਬਚ ਸਕਦੀ ਹੈ ।

ਸੰਤ ਸਿੰਘ ਸੇਖੋਂ

———

ਵੱਖਰੇ ਵੱਖਰੇ

ਜਸਵੰਤ ਸਿੰਘ ਵਿਰਦੀ ਇਕ ਸਫਲ ਕਹਾਣੀਕਾਰ ਹੈ, ਜਿਸ ਨੇ ਪਿਛਲੇ ਕੁਝ ਵਰ੍ਹਿਆਂ ਵਿਚ ਆਧੁਨਿਕ ਦ੍ਰਿਸ਼ਟੀ ਵਾਲੇ ਨੌਜੁਆਨ ਕਹਾਣੀ ਲੇਖਕ ਵਜੋਂ ਆਪਣਾ ਮੁਹਾਂਦਰਾ ਚੋਖਾ ਉਘਾੜ ਲਿਆ ਹੈ । ਅਤੇ ਹੁਣ ਉਸ ਨੇ ਨਾਵਲ ਦੇ ਖੇਤਰ ਵਿਚ ਵੀ ਪ੍ਰਵੇਸ਼ ਕਰਨ ਦੀ ਚੇਸ਼ਟਾ ਕੀਤੀ ਹੈ ।

ਆਮ ਤੌਰ ਤੇ ਪ੍ਰਵਾਨ ਕੀਤਾ ਜਾਂਦਾ ਹੈ ਕਿ ਇਕ ਸਫਲ ਕਹਾਣੀਕਾਰ ਚੰਗਾ ਨਾਵਲਕਾਰ ਨਹੀਂ ਹੋ ਸਕਦਾ ਕਿਉਂਕਿ ਆਪਣੇ ਵਸਤੂ ਨੂੰ ਸੰਭਾਲਣ ਤੇ ਵਰਤਣ ਸੰਬੰਧੀ ਦੋਨਾਂ ਦੀ ਪਹੁੰਚ ਵਿਚ ਚੋਖਾ ਅੰਤਰ ਹੁੰਦਾ ਹੈ। ਪਰ ਵਿਰਦੀ ਆਪਣੇ ਉੱਪਰ ਇਹ ਕਥਨ ਲਾਗੂ ਕਰਨ ਤੋਂ ਇਨਕਾਰੀ ਹੈ ਤੇ ਉਸਦਾ ਪਹਿਲਾ ਨਾਵਲ "ਵੱਖਰੇ ਵੱਖਰੇ" (ਪੰਨੇ 93, ਕੀਮਤ ਤਿੰਨ ਰੁਪਏ, ਸੰਕੇਤ ਪਬਲੀਕੇਸ਼ਨ, ਅਨੰਦ ਭਵਨ, ਅਰਜਨ ਨਗਰ, ਜਲੰਧਰ) ਉਸ ਦੇ ਹੱਕ ਵਿਚ ਉਗਾਹੀ ਭਰਦਾ ਹੈ।

"ਵੱਖਰੇ ਵੱਖਰੇ" ਵਿਚ ਇਕ ਨੌਜੁਆਨ ਸਕੂਲ ਅਧਿਆਪਕ ਦੇ ਜੀਵਨ ਦੇ ਕੁਝ ਵਰ੍ਹਿਆਂ ਦਾ ਚਿਤਰਨ ਹੈ। ਕਾਫ਼ੀ ਲੰਮੀ ਬੇਕਾਰੀ ਭੋਗਣ ਉਪਰੰਤ ਇਸ ਨਾਵਲ ਦਾ ਮੁੱਖ ਪਾਤਰ ਇਕ ਪ੍ਰਾਈਵੇਟ ਸਕੂਲ ਵਿਚ ਨੌਕਰੀ ਪ੍ਰਾਪਤ ਕਰਦਾ ਹੈ।ਉਹ ਸ਼ੁਰੂ ਵਿਚ ਆਪਣੀ ਅਣਖ ਦੇ ਮੋਤੀ ਦੀ ਆਬ ਨੂੰ ਕਾਇਮ ਰੱਖਣਾ ਹੀ ਜ਼ਿੰਦਗੀ ਸਮਝਦਾ ਹੈ। ਇਸ ਲਈ ਬਿਨਾਂ ਇਸ ਗੱਲ ਦੀ ਪ੍ਰਵਾਹ ਕੀਤੇ ਕਿ ਮਸੀਂ ਮਸੀਂ ਪ੍ਰਾਪਤ ਕੀਤੀ ਉਸ ਦੀ ਨੌਕਰੀ ਉੱਤੇ ਕੀ ਪ੍ਰਭਾਵ ਪਏਗਾ, ਉਹ ਸਕੂਲ ਵਿਚ ਹੁੰਦੀ ਹਰ ਗ਼ਲਤ ਗੱਲ ਦਾ ਵਿਰੋਧ ਕਰਦਾ ਹੈ। ਉਹ ਕਦੇ ਵੀ ਆਪਣੇ ਸਵੈਮਾਨ ਨੂੰ ਡਿੱਗਣ ਨਹੀਂ ਦਿੰਦਾ। ਵਿਪ੍ਰੀਤ ਪ੍ਰਸਥਿਤੀਆਂ ਦੇ ਬਾਵਜੂਦ ਉਹ ਆਪਣੀ ਸੁਤੰਤਰ ਤਬੀਅਤ ਤੇ ਆਦਰਸ਼-ਵਾਦੀ ਲਗਨ ਉੱਪਰ ਕਾਇਮ ਰਹਿੰਦਾ ਹੈ। ਕੁਝ ਸਮਾਂ ਬੀਤਣ ਉਪਰੰਤ ਉਸ ਦਾ ਉਸ ਕੁੜੀ ਨਾਲ ਵਿਆਹ ਵੀ ਹੋ ਜਾਂਦਾ ਹੈ ਜੋ ਲੱਗ ਪਗ ਉਸ ਦੀ ਪ੍ਰਮਿਕਾ ਵੀ ਰਹਿ ਚੁਕੀ ਹੈ। ਇਸ ਤੋਂ ਪਹਿਲਾਂ ਉਸ ਦਾ ਵੱਡਾ ਭਰਾ ਜਿਸ ਨੂੰ ਕਿਸੇ ਇੰਡਸਟਰੀਅਲ ਕਾਰਪੋਰੇਸ਼ਨ ਵਲੋਂ ਨੌਕਰੀ ਤੋਂ ਛਾਂਟੀ ਕਰ ਦਿਤਾ ਗਿਆ ਸੀ, ਆਪਣਾ ਬਾਲ ਪਰਵਾਰ ਲੈ ਕੇ ਘਰ ਆ ਜਾਂਦਾ ਹੈ। ਨਾਇਕ ਦੀ ਨਿਗੂਣੀ ਜਿਹੀ ਤਨਖ਼ਾਹ ਹੀ ਕਿਉਂਜੁ ਘਰ ਦੀ ਏਨੀ ਵੱਡੀ ਕਬੀਲਦਾਰੀ ਨੂੰ ਚੁੱਕਣ ਦੇ ਸਮਰੱਥ ਨਹੀਂ, ਇਸ ਲਈ ਇਸ ਤੋਂ ਹੱਥ ਧੋ ਬੈਠਣ ਦੀ ਉਹ ਗ਼ਲਤੀ ਨਹੀਂ ਕਰ ਸਕਦਾ ਅਤੇ ਕੁਝ ਹੀ ਸਮੇਂ ਵਿਚ ਉਹ ਬਿਲਕੁਲ ਉਸੇ ਤਰ੍ਹਾਂ ਦਾ ਅਧਿਆਪਕ ਬਣ ਜਾਂਦਾ ਹੈ ਜਿਸ ਤਰ੍ਹਾਂ ਦੇ ਉਸ ਦੇ ਦੂਸਰੇ ਸਾਥੀ ਹਨ—ਹਰ ਸਮੇਂ ਨੌਕਰੀ ਦਾ ਫ਼ਿਕਰ ਕਰਨ ਵਾਲੇ, ਸਾਰਾ ਦਿਨ ਟਿਊਸ਼ਨਾਂ ਵਿਚ ਸਿਰ ਖਪਾਈ ਕਰਨ ਵਾਲੇ ਅਤੇ ਇਸ ਪ੍ਰਕਾਰ, ਪੈਂਤੀ ਕੁ ਸਾਲ ਦੀ ਉਮਰ ਵਿਚ ਹੀ ਬੁੱਢੇ ਹੋ ਜਾਣ ਵਾਲੇ। ਤਿੰਨ ਸਾਲ ਪਹਿਲਾਂ ਜੋ ਨੌਜੁਆਨ ਅਣਖ ਤੇ ਬਗਾਵਤ ਦੀ ਨਿਰੀ ਪੁਰੀ ਅੱਗ ਸੀ ਹੁਣ ਨਿਰੀ ਧੁੰਦਲ ਬਣ ਚੁਕਿਆ ਹੈ ਤੇ ਉਸ ਵਿਚ ਅਣਬੁਝੀ ਅਣਖ ਦੀ ਕੋਈ ਇਕ ਚਿੰਗਾੜੀ ਵੀ ਨਹੀਂ।

ਵਿਰਦੀ ਆਪਣੇ ਨਾਵਲ ਦੇ ਕਥਾ ਵਸਤੂ ਦੁਆਰਾ ਕੇਵਲ ਮਾਤਰ ਇਸ ਇਕ ਨੌਜੁਆਨ ਦਾ ਜੀਵਨ ਦੁਖਾਂਤ ਹੀ ਪ੍ਰਸਤੁਤ ਨਹੀਂ ਕਰਦਾ ਸਗੋਂ ਉਸ ਵਿਆਪਕ ਆਰਥਕ ਸੰਕਟ ਵੱਲ ਸੰਕੇਤ ਕਰਦਾ ਹੈ ਜੋ ਸਾਡੇ ਅਜੋਕੇ ਨੌਜੁਆਨਾਂ ਨੂੰ ਵਿਸ਼ਾਦ ਦੀ ਅਵਸਥਾ ਵਿਚ ਸੁੱਟਦਾ ਹੈ। ਅਤੇ ਇਹ ਸੰਤੋਖ ਦੀ ਗੱਲ ਹੈ ਕਿ ਗਰੈਜੂਏਟ ਨੌਜੁਆਨ ਨੂੰ ਮੁੱਖ ਪਾਤਰ ਬਣਾਉਣ ਉਪਰੰਤ ਵੀ ਉਸਨੇ ਨਾਵਲ ਵਿਚ ਰਵਾਇਤੀ ਕਿਸਮ ਦੀ ਰੁਮਾਂਟਿਕ ਉਪਭਾਵੁਕਤਾ ਨਹੀਂ ਆਉਣ ਦਿਤੀ ਜੋ ਸਾਡੇ ਸਮੁੱਚੇ ਗਲਪ ਸਾਹਿਤ ਦਾ ਇਕ ਵਿਆਪਕ ਰੋਗ ਹੈ। ਇਸ ਪ੍ਰਕਾਰ ਇਹ ਪੰਜਾਬੀ ਦੇ ਉਨ੍ਹਾਂ ਗਿਣਵੇਂ ਨਾਵਲਾਂ ਵਿਚੋਂ ਹੈ ਜਿਨ੍ਹਾਂ ਦੀ ਚੂਲ ਵਿਚ ਕੋਈ ਪ੍ਰੀਤ ਕਥਾ ਨਹੀਂ ਹੁੰਦੀ। ਨਿਰੋਲ ਆਰਥਕ ਪ੍ਰਸਥਿਤੀਆਂ ਤੇ ਉਨ੍ਹਾਂ ਤੋਂ ਉਤਪੰਨ ਹੁੰਦੇ ਜੀਵਨ ਰਿਸ਼ਤਿਆਂ ਦਾ ਚਿਤਰਨ ਇਸ ਨਾਵਲ ਦਾ ਆਧਾਰ ਹੈ।

ਵਿਰਦੀ ਦੀ ਦ੍ਰਿਸ਼ਟੀ ਪੂਰਨ ਭਾਂਤ ਯਥਾਰਥਵਾਦੀ ਹੈ ਜੋ ਆਦਰਸ਼ਵਾਦ ਤੋਂ ਪੂਰੀ ਤਰ੍ਹਾਂ

ਮੁਕਤ ਹੈ । ਇਸ ਲਈ ਆਪਣੇ ਨਾਇਕ ਨੂੰ ਉਹ ਭਾਰਤੀ ਸਾਹਿਤਕ ਪੈਟਰਨ ਅਨੁਸਾਰ (ਰਵਾਇਤੀ ਪ੍ਰਗਤਿਵਾਦੀ ਲੇਖਕ ਵੀ ਜਿਸ ਦਾ ਸ਼ਿਕਾਰ ਹਨ) ਪੂਰਵ ਨਿਸਚਿਤ ਅੰਤ ਉੱਤੇ ਲਿਜਾਕੇ ਨਹੀਂ ਛੱਡਦਾ ਜਿਥੇ ਉਸ ਦੇ ਬਗਾਵਤ ਵਾਲੇ ਵਿਚਾਰਾਂ ਦੀ ਵਿਜੈ ਹੁੰਦੀ ਹੋਵੇ । ਇਸ ਦੇ ਉਲਟ "ਵਿੱਖਰੇ ਵਿੱਖਰੇ" ਦਾ ਨਾਇਕ ਤਾਂ ਪੂਰੀ ਤਰ੍ਹਾਂ ਸੁੰਨ ਹੋ ਗਿਆ ਹੈ, 'ਦਫ਼ਤ੍ਰ ਵਲੋਂ ਹੱਲੇ ਗੁੱਲੇ ਤੇ ਸ਼ੋਰ ਸ਼ਰਾਬੇ ਦੀ ਆਵਾਜ਼ ਕੰਨੀਂ ਪਈ ਤੇ ਦੂਜੇ ਪਲ ਹੈਡਮਾਸਟਰ ਇਕ ਸੀਨੀਅਰ ਮਾਸਟਰ ਹਰਜੀਤ ਨੂੰ ਫੜੀ ਬਾਹਰ ਨਿਕਲਿਆ । ਉਸ ਵੇਲੇ ਉਸ ਦੇ ਸਹਾਇਕ ਗਿੱਦੜ ਲੂੰਬੜ ਵੀ ਨਾਲ ਸਨ । ਉਸ ਨੇ ਉਨ੍ਹਾਂ ਦੇ ਸਾਹਮਣੇ ਹਰਜੀਤ ਨੂੰ ਗਾਲ੍ਹਾਂ ਕੱਢੀਆਂ, ਫੂਲਿਸ਼ ਐਨੀਮਲ ਤੇ ਡੌਂਕੀ ਤਕ ਕਿਹਾ ਅਤੇ ਧੱਕਾ ਦੇ ਕੇ ਪਰਲੇ ਗੇਟ ਰਾਹੀਂ ਸਕੂਲੋਂ ਬਾਹਰ ਕੱਢ ਦਿਤਾ । ਮੇਰੇ ਲਾਗੇ ਖੜੇ ਦੋਵੇਂ ਨਵੇਂ ਮਾਸਟਰ ਇਹ ਦ੍ਰਿਸ਼ ਵੇਖ ਕੇ ਜੋਸ਼ ਨਾਲ ਉਭਰਨ ਲੱਗੇ ਤੇ ਮਰਨ ਮਾਰਨ ਲਈ ਤਿਆਰ ਹੋ ਕੇ ਦਫ਼ਤਰ ਵੱਲ ਵੱਧ ਗਏ । ਉਹ ਹੈਡਮਾਸਟਰ ਨਾਲ ਦੋ ਹੱਥ ਕਰਨਾ ਚਾਹੁੰਦੇ ਸਨ । ਉਹ ਸੋਗੀ ਦ੍ਰਿਸ਼ ਵੇਖਕੇ ਮੈਂ ਮੂੰਹ ਦੂਜੇ ਪਾਸੇ ਕਰ ਲਿਆ ਤੇ ਮੈਨੂੰ ਦੀਵਾਰ ਦੇ ਸਹਾਰੇ ਖਲੋਣਾ ਪਿਆ । ਮੇਰੇ ਮੂੰਹ ਚੋਂ ਆਵਾਜ਼ ਵੀ ਨਹੀਂ ਨਿਕਲੀ ।

'ਮੇਰੇ ਨੇੜੇ ਖੜਾ ਮਾਸਟਰ ਮੰਗਤ ਸਿੰਘ ਉਨ੍ਹਾਂ ਨੂੰ ਕਹਿ ਰਿਹਾ ਸੀ, "ਹੈਡਮਾਸਟਰ ਨੇ ਇਹ ਸੱਚ ਮੁੱਚ ਕਹਿਰ ਕਮਾਇਆ ਹੈ । ਪਰ ਏਨੀ ਗੱਲ ਬਦਲੇ ਕਿਹੜਾ ਝਗੜਾ ਸਹੇੜੇ ? ਕੀ ਜ਼ਿੰਦਗੀ ਇਨ੍ਹਾਂ ਛੋਟੀਆਂ ਛੋਟੀਆਂ ਗੱਲਾਂ ਖਾਤਰ ਹੈ ?" ਅਤੇ ਉਹ ਆਪਣੇ ਕਲਾਸ ਦੇ ਕਮਰੇ ਵਿਚ ਚਲਾ ਗਿਆ । ਫੇਰ ਉਸ ਨੇ ਮੁੰਡੇ ਕੁਟਣੇ ਸ਼ੁਰੂ ਕਰ ਦਿਤੇ । ਉਹਦੇ ਚਿਹਰੇ ਤੇ ਬਿਲਕੁਲ ਨਾਰਮਲ ਕਲਰ ਸੀ ।'

ਵਿਰਦੀ ਦੀ ਇਹ ਯਥਾਰਥਵਾਦੀ ਦ੍ਰਿਸ਼ਟੀ ਕਿਸੇ ਨਿਰਾਸ਼ਾ ਦੀ ਪ੍ਰਤੀਕ ਨਹੀਂ । ਉਸ ਦੇ ਨਾਇਕ ਵਿਚੋਂ ਨਿਰਸੰਦੇਹ ਸੰਘਰਸ਼ ਦੀ ਕਣੀ ਮਰ ਚੁੱਕੀ ਹੈ । ਪਰ ਉਸਦਾ ਦੁਖਾਂਤ ਅਥਵਾ ਉਸ ਦੀ ਹਾਰ ਵਾਸਤਵਿਕ ਹਾਰ ਨਹੀਂ । ਇਹ ਹਾਰ ਆਉਣ ਵਾਲੇ ਵਿਆਪਕ ਜੇਤੂ ਸੰਘਰਸ਼ ਦਾ ਪੇਸ਼ ਖ਼ੇਮਾ ਹੈ । ਜੇ ਲੇਖਕ ਨੇ ਮੱਧ ਵਰਗ ਦੇ ਇਸ ਪਾਤਰ ਨੂੰ ਆਰਥਕ ਤੇ ਸਮਾਜਿਕ ਜੀਵਨ ਦੀ ਕਠੋਰਤਾ ਦੇ ਸਾਹਵੇਂ ਹਾਰਦਿਆਂ ਵਿਖਾਇਆ ਹੈ ਤਾਂ ਇਹ ਸਾਡੇ ਜੀਵਨ ਦਾ ਬਾਹਰਮੁਖੀ ਯਥਾਰਥ ਹੈ । ਪਰ ਇਸ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਮੱਧ ਵਰਗ ਦੇ ਜੀਵ ਇਸ ਤਰ੍ਹਾਂ ਹੀ ਹਾਰ ਪਰਵਾਨ ਕਰਦੇ ਜਾਣਗੇ । ਆਰਥਕ ਪ੍ਰਸਥਿਤੀਆਂ ਉਨ੍ਹਾਂ ਨੂੰ ਉਸ ਅਵਸਥਾ ਉੱਤੇ ਲੈ ਜਾਣਗੀਆਂ ਜਦੋਂ ਸੰਘਰਸ਼ ਕਰਨ ਵਾਲਾ ਇਕੜ ਦੁਕੜ ਪਾਤਰ ਨਹੀਂ ਹੋਵੇਗਾ ਸਗੋਂ ਸਮੁੱਚਾ ਵਰਗ ਸਮੁੱਚੇ ਪ੍ਰਬੰਧ ਵਿਰੁਧ ਉਠ ਖਲੋਵੇਗਾ । ਇਹ ਇਕ ਅਜਿਹਾ ਯਥਾਰਥ ਹੈ ਜੋ ਅਜੇ ਭਾਵੇਂ ਉਭਰਿਆ ਨਹੀਂ ਪਰ ਪ੍ਰਗਟ ਜ਼ਰੂਰ ਹੋ ਰਿਹਾ ਹੈ । ਹੈਡਮਾਸਟਰ ਨਾਲ ਦੋ ਹੱਥ ਕਰਨ ਵਾਲੇ ਨਵੇਂ ਮਾਸਟਰ ਕੁਲਬੀਰ ਤੇ ਦਲਬੀਰ ਇਸ ਨਵੇਂ ਬਣ ਰਹੇ ਯਥਾਰਥ ਦੇ ਚਿੰਨ ਹਨ ।

ਵਿਰਦੀ ਰੁਮਾਂਟਕ ਤੇ ਆਦਰਸ਼ਵਾਦੀ ਬਿਰਤੀ ਨੂੰ ਖੇਰੂੰ ਖੇਰੂੰ ਹੁੰਦਿਆਂ ਵੀ ਦਰਸਾਉਂਦਾ ਹੈ । ਭਾਵੇਂ ਉਸ ਦਾ ਨਾਇਕ ਕਾਫ਼ੀ ਸੂਝਵਾਨ ਹੈ ਅਤੇ ਇਸਤਰੀ ਪ੍ਰਤੀ ਉਸ ਦੇ ਪ੍ਰੇਮ ਦਾ ਪ੍ਰਗਟਾਅ ਉਪਭਾਵੁਕ ਕਿਸਮ ਦਾ ਨਹੀਂ । ਤਦ ਵੀ ਉਹ ਅਣ-ਯਥਾਰਥਕ ਅਤੇ ਆਦਰਸ਼ਵਾਦੀ ਜਿਹੀ ਦ੍ਰਿਸ਼ਟੀ ਦਾ ਸ਼ਿਕਾਰ ਹੈ । ਉਸਦੀ ਪ੍ਰੇਮਕਾ ਉਸ ਨਾਲੋਂ ਵਧੇਰੇ ਯਥਾਰਥਵਾਦੀ ਹੈ । ਉਹ ਬੇਲੋੜੀ ਰੁਮਾਂਟਕਤਾ ਦਾ ਵਿਖਾਵਾ ਨਹੀਂ ਕਰਦੀ, ਖਾਸਕਰ ਉਦੋਂ ਜਦੋਂ ਉਹ ਉਸਦੀ ਮੰਗੇਤਰ ਹੋ ਚੁਕੀ ਹੈ । ਪਰ ਨਾਇਕ

ਉਸ ਉੱਤੇ ਖੜਾ ਹੁੰਦਾ ਹੈ, "ਜਿਹੜਾ ਨੌਕਰੀ ਨਾਲ ਸਮਝੌਤਾ ਕਰ ਲਵੇ, ਉਹ ਬੁਜ਼ਦਿਲ ਹੈ", ਉਹ ਆਖਦਾ ਹੈ "ਆਖਰ ਅਣਖ ਵੀ ਕੋਈ ਚੀਜ਼ ਹੈ ਜ਼ਿੰਦਗੀ ਵਿਚ ਤੂੰ ਤਾਂ ਪੱਥਰ ਬਣਦੀ ਜਾ ਰਹੀ ਏਂ ? ਕੀ ਇਹ ਜ਼ਿੰਦਗੀ ਹੈ ?" ਅਤੇ ਉਹ ਉਹਨੂੰ ਦਿਲੋਂ ਵਸਾਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਛੇਤੀ ਹੀ ਮਗਰੋਂ ਉਹ ਸੋਚਦਾ ਹੈ, "ਅੱਜ ਕਲ੍ਹ ਔਰਤਾਂ ਵੀ ਦਲੇਰ ਹੋ ਗਈਆਂ ਨੇ। ਸ਼ਾਇਦ ਇਹ ਉੱਨਤੀ ਦਾ ਚਿੰਨ੍ਹ ਹੈ।" ਅਤੇ ਵਿਆਹ ਪਿਛੋਂ ਤਾਂ ਉਸ ਦਾ ਰੁਮਾਂਸ ਯਥਾਰਥ ਨਾਲ ਟਕਰਾਕੇ ਜਿਵੇਂ ਉਕਾ ਹੀ ਖ਼ਤਮ ਹੋ ਜਾਂਦਾ ਹੈ।

ਵਿਰਦੀ ਦੇ ਬਿਆਨ ਵਿਚ ਵਿਅੰਗ ਦਾ ਸਵਰ ਪ੍ਰਧਾਨ ਹੈ। ਕੋਈ ਵੀ ਘਟਨਾ ਉਸ ਦੇ ਵਿਅੰਗ ਦੀ ਚੋਭ ਹੇਠਾਂ ਆਕੇ ਆਪਣੇ ਪ੍ਰਭਾਵ ਨੂੰ ਬਹੁਤ ਚਮਕਾ ਲੈਂਦੀ ਹੈ। ਨੌਕਰੀ ਮਿਲਣ ਉਪਰੰਤ ਨਾਇਕ ਸੋਚਦਾ ਹੈ, "ਇਹ ਨੌਕਰੀ ਤਾਂ ਇਕ ਹਰਿਆਲੇ ਬਿਰਛ ਵਾਂਗ ਹੈ ਜਿਥੇ ਮੇਰੀ ਜ਼ਮੀਰ ਨੂੰ ਚੇਤਨਾ, ਨਿੱਘ ਤੇ ਪ੍ਰਫੁਲਤਾ ਦਾ ਸਨੇਹ ਪੂਰਨ ਵਿਕਾਸ ਮਿਲ ਸਕਦਾ ਹੈ। ਕਲ ਨੂੰ ਆਉਣ ਵਾਲੀ ਘੜੀ ਕਿਸੇ ਪਰੀ ਕਹਾਣੀ ਦੀ ਨਾਇਕਾ ਵਾਂਗ ਮੇਰੇ ਕੋਲੋਂ ਆਪਣੇ ਸੱਤਰੰਗੀ ਪਲ੍ਹ ਦੀ ਕੰਨੀਂ ਬਚਾਕੇ ਨਹੀਂ ਲੰਘ ਸਕੇਗੀ।" ਅਤੇ ਉਸ ਦੀ ਨੌਕਰੀ ਆਪਣੇ ਸਾਰੇ ਰੰਗਾਂ ਸਮੇਤ ਜਦੋਂ ਉਘੜਕੇ ਸਾਹਮਣੇ ਆਉਂਦੀ ਤਾਂ ਉੱਕਤ ਸਤਰਾਂ ਵਿਚਲਾ ਵਿਅੰਗ ਮਾਣਿਆਂ ਹੀ ਬਣਦਾ ਹੈ। ਅਜਿਹਾ ਵਿਅੰਗ ਦਾ ਸਵਰ ਸਾਰੇ ਨਾਵਲ ਵਿਚ ਹੀ ਮਿਲਦਾ ਹੈ। "ਸਾਡਾ ਇਕ ਮਾਸਟਰ ਫਕੀਰ ਸਿੰਘ ਇਕ ਦੌਲਤਮੰਦ ਹੁਸੀਨਾ ਦੇ ਪੁੱਤਰ ਨੂੰ ਟਿਊਸ਼ਨ ਪੜ੍ਹਾਉਂਦਾ ਹੈ। ਜਦੋਂ ਉਹ ਜਾਕੇ ਸਾਈਕਲ ਡਿਉਢੀ ਵਿਚ ਰੱਖਦਾ ਹੈ ਤਾਂ ਉਹ ਹੁਸੀਨਾ ਸੈਕੰਡ ਫਲੋਰ ਤੇ ਖੇਡ ਰਹੇ ਆਪਣੇ ਲਾਡਲੇ ਨੂੰ ਆਵਾਜ਼ ਦੇਂਦੀ ਹੈ। 'ਕਾਕਾ ਜੀ ? ਥੱਲੇ ਆਉ ਜੀ !! ਮਾਸਟਰ ਆਇਆ ਜੇ !' ਏਸੇ ਤਰ੍ਹਾਂ ਹੈਡਮਾਸਟਰ ਦੇ ਝੋਲੀ ਚੁਕ ਅਧਿਆਪਕਾਂ ਨੂੰ ਉਹ ਗਿੱਦੜਾਂ, ਲੂੰਬੜਾਂ ਦਾ ਨਾਉਂ ਦਿੰਦਾ ਹੈ।

ਵਿਰਦੀ ਦੀ ਦ੍ਰਿਸ਼ਟੀ ਬੋਧਕ ਅਤੇ ਸੂਝ ਬੜੀ ਤੀਖਣ ਹੈ। ਇਸ ਲਈ ਨਾਵਲ ਦੇ ਸੰਖੇਪ ਜਿਹੇ ਬਿਆਨ ਵਿਚ ਵੀ, ਜੋ ਗੱਲ ਉਹ ਛੋਂਹਦਾ ਹੈ, ਪ੍ਰਭਾਵਕਾਰੀ ਬਣਾ ਦਿੰਦਾ ਹੈ। ਵਿਆਪਕ ਗਲਤ ਕੀਮਤਾਂ ਉੱਤੇ ਉਸ ਦੀ ਵਿਅੰਗਾਤਮਕ ਚੋਟ ਉਸ ਦੀ ਸੋਝੀ ਦੀ ਤੀਖਣਤਾ ਦਾ ਹੀ ਪ੍ਰਗਟਾ ਹੈ। ਤਦ ਵੀ ਇਹ ਪ੍ਰਵਾਨ ਕਰਨਾ ਪਏਗਾ ਕਿ ਸਮਾਜ ਨੂੰ ਆਪਣੀ ਪੂਰਨ ਕਰੂਰਤਾ ਵਿਚ ਚਿਤਰਨ ਅਤੇ ਆਪਣੇ ਨਾਇਕ ਨੂੰ ਪ੍ਰਭਾਵਕਾਰੀ ਦੁਖਾਂਤਕ ਨਾਇਕ ਬਣਾਉਣ ਵਿਚ ਉਹ ਉੱਨਾ ਸਫਲ ਨਹੀਂ, ਜਿੰਨਾ, ਉਦਾਹਰਣ ਵਜੋਂ, ਗੁਰਦਿਆਲ ਸਿੰਘ ਦੇ 'ਮੜ੍ਹੀ ਦੇ ਦੀਵੇ' ਦਾ 'ਜਗਸੀਰ' ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਵਿਰਦੀ ਨੇ ਆਪਣੇ ਨਾਵਲ ਲਈ ਜੋ ਵਸਤੂ ਚੁਣੀ ਹੈ, ਉਹ ਸਮੁੱਚੇ ਸਮਾਜ ਨੂੰ, ਆਪਣੇ ਵਿਰਾਟ ਰੂਪ ਵਿਚ ਕਲਾਵੇ ਵਿਚ ਲੈਣ ਦੇ ਸਮਰੱਥ ਨਹੀਂ। ਮਧ ਵਰਗੀ ਜੀਵਨ ਸਮਾਜਿਕ ਕਠੋਰਤਾ ਦਰਸਾਉਣ ਲਈ ਪ੍ਰਤੀਨਿੱਧ ਨਮੂਨਾ ਨਹੀਂ ਹੋ ਸਕਦਾ। ਸਾਡੇ ਅਜੋਕੇ ਨਾਵਲ ਨੂੰ ਵਿਰਦੀ ਵਾਂਗ ਬੋਧਿਕ ਦ੍ਰਿਸ਼ਟੀ ਅਤੇ ਕਾਟਵੇਂ ਵਿਅੰਗ ਦੀ ਤਾਂ ਲੋੜ ਹੈ, ਪਰ ਉਸ ਲਈ ਪ੍ਰਭਾਵਕਾਰੀ ਵਸਤੂ ਅਤੇ ਪਾਤਰ ਉਸ ਵਰਗ ਵਿਚੋਂ ਹੀ ਪ੍ਰਾਪਤ ਹੋਣਗੇ, ਜੋ ਸਭ ਤੋਂ ਵਧੇਰੇ ਪੀੜਤ ਹੈ।

ਰਘਬੀਰ ਸਿੰਘ

— — — —

ਸਾਹਿਤ ਤੇ ਸ਼ਰੇਣੀ ਘੋਲ

ਸੰਪਾਦਕ ਜੀ,

ਮੈਂ ਸ੍ਰੀ ਪ੍ਰੀਤਮ ਸਿੰਘ ਦਾ ਨਿਬੰਧ 'ਸ਼ਰੇਣੀ ਘੋਲ ਤੇ ਸਾਹਿਤ' ਕਾਫੀ ਧਿਆਨ ਨਾਲ ਪੜ੍ਹਿਆ ਹੈ। ਆਪਣੀਆਂ ਪਹਿਲੀਆਂ ਕ੍ਰਿਤਾਂ ਵਾਂਗ ਇਸ ਲੇਖ ਵਿਚ ਵੀ ਉਸ ਨੇ ਤੇਜਵੰਤ ਸਿੰਘ ਗਿੱਲ ਦੇ ਕਥਨ ਅਨੁਸਾਰ ਨੌਸਰਬਾਜ਼ੀ ਤੋਂ ਕੰਮ ਲਿਆ ਹੈ। ਇਹ ਗੱਲ ਉਸ ਦੇ ਤੱਥਾਂ ਨੂੰ ਮੋੜ ਤੋੜ ਕੇ ਪੇਸ਼ ਕਰਨ ਤੇ ਆਪਣੇ ਮਿਥੇ ਹੋਏ ਦੋਸ਼ ਦੂਜਿਆਂ ਉਪਰ ਮੜ੍ਹਨ ਤੋਂ ਪ੍ਰਗਟ ਹੁੰਦੀ ਹੈ। ਮੈਂ ਕੁਝ ਇਕ ਉਦਾਹਰਣਾਂ ਪੇਸ਼ ਕਰਦਾ ਹਾਂ।

ਪ੍ਰੀਤਮ ਸਿੰਘ ਨਿਬੰਧ ਦਾ ਆਦਿ ਇਸ ਦਲੀਲ ਤੋਂ ਕਰਦਾ ਹੈ ਕਿ ਸ਼ਰੇਣੀ ਘੋਲ ਮਾਰਕਸਵਾਦੀ ਦਰਸ਼ਨ ਦੀ 'ਆਧਾਰ ਸ਼ਿਲਾ' ਹੈ ਅਤੇ ਕੁਝ ਅਰਸੇ ਪਿਛੋਂ ਹੀ ਉਹ ਇਹ ਮੰਨਦਾ ਹੈ ਕਿ ਸ਼ਰੇਣੀ ਤੇ ਸ਼ਰੇਣੀ ਸੰਘਰਸ਼ ਮਾਰਕਸ ਦੇ ਦ੍ਰਿਸ਼ਟੀਕੋਣ ਅਨੁਸਾਰ ਅਰਥ ਸ਼ਾਸਤਰ ਤੇ ਸਮਾਜਿਕ ਸ਼ਾਸਤਰ ਦੇ 'ਪ੍ਰਾਵਰਗ' ਹਨ।

ਉਹ ਕਹਿੰਦਾ ਹੈ ਕਿ ਯਥਾਰਥ ਬਹੁਰੰਗਾ ਤੇ ਗੁੰਝਲਦਾਰ ਹੈ, ਇਸ ਨੂੰ ਖਾਨਿਆਂ ਵਿਚ ਨਹੀਂ ਵੰਡਿਆ ਜਾ ਸਕਦਾ। ਪਰ ਆਪ ਉਹ ਅਲੱਗ ਨਾ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਟੁਕੜੇ ਕਰਕੇ ਵੇਖਦਾ ਹੈ। ਜਿਵੇਂ ਉਸ ਦਾ ਵਿਅਕਤੀ ਨੂੰ ਸ਼ਰੇਣੀ ਤੋਂ ਅਲੱਗ ਕਰਨਾ, ਵਿਅਕਤੀ ਦੇ ਮਨੋਭਾਵਾਂ ਨੂੰ ਉਸ ਦੇ ਵਿਚਾਰਾਂ ਤੋਂ ਅਲੱਗ ਕਰਨਾ, ਰੂਪ ਤੇ ਵਸਤੂ ਨੂੰ ਨਿਖੇੜਨਾ ਆਦਿ, ਜਦੋਂ ਕਿ ਇਹਨਾਂ ਦਾ ਆਪਸੀ ਸੰਬੰਧ ਮੰਤਕੀ ਹੈ। ਇਸ ਤਰ੍ਹਾਂ ਉਹ ਗਰੁਪ ਤੇ ਸ਼ਰੇਣੀ ਨੂੰ ਖਲਤ ਮਲਤ ਕਰਕੇ ਵੇਖਦਾ ਹੈ। ਇਸ ਦਾ ਕਾਰਨ ਉਸਦਾ ਆਪਣਾ ਬੁਰਜੂਆ ਦ੍ਰਿਸ਼ਟੀਕੋਣ ਹੈ ਜੋ ਯਥਾਰਥ ਬਾਰੇ ਉਸ ਦੇ 'ਵਿਚਾਰਾਂ' ਨੂੰ **Distort** ਕਰਦਾ ਹੈ। ਉਸ ਨੂੰ ਮਾਰਕਸਵਾਦ ਦਾ ਕੇਵਲ ਸਤਹੀ ਗਿਆਨ ਹੈ।

ਉਹ ਸਾਹਿਤ ਨੂੰ ਰਾਜਨੀਤੀ ਦੇ ਅਖੌਤੀ ਅਸਰਾਂ ਤੋਂ ਬਚਾਉਣ ਦੇ ਯਤਨ ਵਿਚ ਸਾਹਿਤ ਨੂੰ ਫੋਟੋਗਰਾਫੀ ਦੇ ਐਨ ਨੇੜੇ ਲੈ ਜਾਣ ਤੋਂ ਸੰਕੋਚ ਨਹੀਂ ਕਰਦਾ।

ਉਹ ਲਿਖਦਾ ਹੈ ਕਿ ਜਿਸ ਤਰ੍ਹਾਂ ਇਤਿਹਾਸ ਦੀ ਗਤੀ ਦੇ ਆਪਣੇ ਅਸੂਲ ਹਨ ਇਸੇ ਤਰ੍ਹਾਂ ਸਿਰਜਣਾ ਦੇ ਵਿਕਾਸ ਦੇ ਆਪਣੇ ਅਸੂਲ ਹਨ ਜਿਨ੍ਹਾਂ ਨੂੰ ਅੱਖੋਂ ਉਹਲੇ ਕਰਕੇ ਸਿਰਜਕ ਆਪਣੀ ਰਚਨਾ ਪੱਧਰ ਨੂੰ ਨੀਵਾਂ ਕਰ ਲੈਂਦਾ ਹੈ। ਇਥੇ ਜੇ ਕਰ ਉਹ 'ਸਿਰਜਣਾ ਦੇ ਵਿਕਾਸ ਦੇ ਆਪਣੇ ਅਸੂਲਾਂ' ਦੀ ਕੁਝ ਵਿਆਖਿਆ ਕਰ ਦਿੰਦਾ ਤਾਂ ਚੰਗੀ ਗੱਲ ਸੀ।

ਉਹ ਦੋਸ਼ ਲਾਉਂਦਾ ਹੈ ਕਿ ਮਾਰਕਸਵਾਦੀ ਗਲਪਕਾਰਾਂ ਦੀਆਂ ਲਿਖਤਾਂ ਵਿਚ ਵਿਅਕਤੀ ਸ਼ਰੇਣੀ ਦੇ ਰੂਪ ਵਿਚ ਉਭਰਦਾ ਹੈ, ਉਸਦੀ ਨਾ ਕੋਈ ਆਪਣੀ ਸ਼ਖਸੀਅਤ ਹੁੰਦੀ ਹੈ ਨਾ ਆਵਾਜ਼।

ਮੈਂ ਇਥੇ ਸਿਰਫ ਗੋਰਕੀ ਦੇ ਨਾਵਲ 'ਮਾਂ' ਦੇ ਨਾਇਕ ਪਵੇਲ ਵਲਾਸੋਵ ਦਾ ਜ਼ਿਕਰ ਕਰਨਾ ਚਾਹਾਂਗਾ। ਪਵੇਲ ਕਿਰਤੀ ਸ਼ਰੇਣੀ ਦੇ ਪ੍ਰਤੀਨਿਧ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਪਰ ਕੀ ਉਹ ਇਹ ਕਹਿਣ ਦੀ ਜੁਰਅਤ ਕਰੇਗਾ ਕਿ ਪਵੇਲ ਦੀ ਆਪਣੀ ਕੋਈ ਸ਼ਖਸੀਅਤ ਨਹੀਂ ਤੇ ਨਾ ਹੀ ਕੋਈ ਆਵਾਜ਼ ?

ਉਸ ਦੇ ਕਹਿਣ ਅਨੁਸਾਰ ਕਲਾਕਾਰ ਆਪਣੀ 'ਸਿਰਜਣਾ ਦੇ ਤਰਕ' ਪਿਛੇ ਚੱਲਦਾ ਹੈ। ਹ ਕੀ ਚੀਜ਼ ਹੋਈ ?

ਜਦੋਂ ਉਹ ਪਿਛਲੇ ਪੰਜਾਹ ਸਾਲਾਂ ਦੇ ਇਤਿਹਾਸਕ ਤੱਥਾਂ ਤੋਂ ਅੱਖਾਂ ਮੀਟ ਕੇ ਇਹ ਐਲਾਨ ਕਰਦਾ ਹੈ ਕਿ ਮਾਰਕਸ ਦਾ ਪਰੋਲਤਾਰੀ ਕੋਈ ਹੱਡ ਮਾਸ ਦਾ ਵਿਅਕਤੀ ਨਹੀਂ, ਇਹ ਇਕ ਅਮੂਰਤ ਸੰਕਲਪ ਹੈ ਜੋ ਆਰਥਕ ਤੇ ਸਮਾਜਿਕ ਸਥਿਤੀ ਦੇ ਵਿਸ਼ਲੇਸ਼ਨ ਦਾ ਹੀ ਇਕ ਸਾਧਨ ਹੈ ਤਾਂ ਮਾਰਕਸਵਾਦ ਦੀ ਥੋੜ੍ਹੀ ਜਿਹੀ ਸੂਝ ਰੱਖਣ ਵਾਲਾ ਵਿਅਕਤੀ ਵੀ ਉਸ ਦੀ 'ਆਲੋਚਨਾਤਮਕ ਤਰਕ' ਦੇ 'ਬੌਧਿਕ ਪੱਧਰ' ਦੀ ਦਾਦ ਦਿਤੇ ਬਿਨਾਂ ਨਹੀਂ ਰਹਿ ਸਕਦਾ।

ਹਰਭਜਨ ਹਲਵਾਰਵੀ (ਸੁਧਾਰ)

ਨਸਲੀ ਵਿਤਕਰਾ

ਪਿਆਰੇ ਰਘਬੀਰ,

ਸਿਰਜਣਾ ਦਾ ਤਾਜ਼ਾ ਅੰਕ ਵੀ ਮਿਲਿਆ। ਸਰਸਰੀ ਨਿਗਾਹ ਮਾਰੀ ਹੈ। ਇਸਦੇ ਟਾਈਟਲ ਵੱਲ ਦੇਖਕੇ ਨਿਰਾਸਤਾ ਹੋਈ। ਮੈਂ ਸਮਝਦਾ ਹਾਂ ਥੋੜੇ ਜਿਹੇ ਧਿਆਨ ਨਾਲ ਇਹ ਖੂਬਸੂਰਤ ਬਣਾਇਆ ਜਾ ਸਕਦਾ ਹੈ।

25 ਮਈ ਨੂੰ ਅਸਾਂ ਪੰਜਾਬੀ ਸਾਹਿਤ ਅਕੈਡਮੀ ਲੰਡਨ ਵਲੋਂ ਗੋਰਕੀ ਦਿਵਸ ਮਨਾਇਆ। ਅੰਗਰੇਜ਼ੀ ਦੇ ਪ੍ਰਸਿੱਧ ਨਾਵਲਕਾਰ ਜੈਕ ਲਿਡਸੇ ਨੇ ਗੋਰਕੀ ਦੇ ਜੀਵਨ ਅਤੇ ਸਾਹਿਤ ਉਤੇ ਵਿਚਾਰ ਪ੍ਰਗਟ ਕੀਤੇ। ਸੁਰਜੀਤ ਹਾਂਸ ਪ੍ਰਧਾਨ ਸਨ। ਸੰਤੋਖ, ਚੰਦਨ, ਸ਼ਿਵਚਰਨ ਗਿੱਲ, ਕੇ. ਬਖਸ਼ ਲਾਇਲ-ਪੁਰੀ, ਪ੍ਰੀਤਮ ਗਿੱਲ, ਕਿਰਪਾਲ ਤੇ ਹੋਰ ਸਾਹਿਤਕਾਰ ਸ਼ਾਮਲ ਸਨ।

ਪੱਛਮੀ ਦੇਸ਼ਾਂ ਵਿਚ ਵੀ ਦੱਖਣੀ ਅਫਰੀਕਾ ਵਾਂਗ ਨਸਲੀ ਵਿਤਕਰਾ ਉਭਰਕੇ ਸਾਹਮਣੇ ਆ ਰਿਹਾ ਹੈ। ਇੰਗਲੈਂਡ ਵਿਚ ਵੀ ਕਾਲੇ ਰੰਗ ਦੇ ਲੋਕਾਂ ਦੇ ਵਿਰੁਧ ਜਥੇਬੰਦ ਤੁਅਸਬ ਫੈਲਾਇਆ ਜਾ ਰਿਹਾ ਹੈ। ਇਸ ਵਖੇਵੇਂ ਦਾ ਕਾਲੇ ਰੰਗ ਦੇ ਏਥੇ ਏਸ਼ੀਅਨ ਲੋਕਾਂ ਦੇ ਮਨੋਭਾਵਾਂ ਤੇ ਜੋ ਪ੍ਰਭਾਵ ਪੈਂਦਾ ਹੈ, ਦੇਸ਼ ਦੇ ਆਮ ਲੋਕੀਂ ਸ਼ਾਇਦ ਨਾ ਸਮਝ ਸਕਣ। ਪਿਛੇ ਜਿਹੇ ਬਰਤਾਨੀਆ ਭਰ ਵਿਚ ਕਾਲੇ ਰੰਗ ਦੇ ਲੋਕਾਂ ਵਿਰੁਧ ਘਿਰਣਾ ਦਾ ਆਮ ਪ੍ਰਗਟਾਵਾ ਹੋਇਆ। ਇਥੋਂ ਤੀਕਰ ਕਿ ਜਹਾਜ਼ੀ ਵਰਕਰਾਂ ਨੇ ਵੀ ਇਸ ਵਿਚ ਭਾਗ ਲਿਆ। ਇਹਨਾਂ ਪ੍ਰਭਾਵਾਂ ਦੇ ਅਧੀਨ ਨਜ਼ਮ "ਕਾਲਾ ਰੰਗ" ਭੇਜ ਰਿਹਾ ਹਾਂ।

ਜੁਗਿੰਦਰ ਸ਼ਮਸ਼ੇਰ (ਸਾਊਥਾਲ)

ਕਹਾਣੀਆਂ

ਪਰਚਾ ਮਿਲਿਆ। ਇਸ ਗੱਲ ਦੀ ਦਾਦ ਦੇਣੀ ਪਵੇਗੀ ਕਿ ਤੂੰ ਇਸ ਗੁਨਾਹਗਾਰ ਨੂੰ

ਭੁਲਿਆ ਨਹੀਂ ਭਾਵੇਂ ਦਰਗੁਜ਼ਰ ਜ਼ਰੂਰ ਕਰ ਦਿਤਾ ਹੈ। ਸਿਰਜਣਾ ਪਹਿਲਾਂ ਵਾਂਗ ਹੀ ਚੰਗਾ ਤੇ ਸਥਿਰ ਜਾਪਿਆ, ਇਹ ਖੁਸ਼ੀ ਦੀ ਗੱਲ ਹੈ। ਪਰ ਕਹਾਣੀਆਂ ਦਾ ਮਿਆਰ ਪਹਿਲਾਂ ਨਾਲੋਂ ਵੀ ਗਿਰ ਗਿਆ ਲੱਗਦਾ ਹੈ। ਸ਼ਾਇਦ ਇਸ ਕਰਕੇ ਵਿਚਾਰਾ ਵਿਰਦੀ ਕਵਿਤਾਵਾਂ (ਫ਼ੋਇਨਿਕਸ) ਲਿਖਣ ਤੇ ਉੱਤਰ ਆਇਆ। ਲੱਗਦਾ ਹੈ ਉਸ ਕੌਤਕ ਦਿਖਾਉਣ ਦਾ ਪੱਕਾ ਇਰਾਦਾ ਕਰ ਲਿਆ ਹੈ। ਕੀ ਗੱਲ ਕਾਫੀ ਦੇਰ ਤੋਂ ਤੁਹਾਡੇ ਪਰਚੇ 'ਚ ਕੋਈ ਚੰਗਾ ਕਹਾਣੀਕਾਰ ਪੜ੍ਹਨ ਨੂੰ ਨਹੀਂ ਮਿਲਿਆ। ਕੀ ਵਿਰਕ, ਸੰਧੂ, ਸਤਿਆਰਥੀ, ਭੋਗਲ, ਦਿਲਜੀਤ, ਪ੍ਰਕਾਸ਼ ਸਭ ਸੋਤੇ ਸੁਕਾ ਕੇ ਸੌਂ ਗਏ ?

ਤੇ ਮਹਿਰਮ ਯਾਰ ਦਾ ਕੀ ਬਣਿਆ ਜੋ ਲਗਾਤਾਰ ਤੁਹਾਨੂੰ "ਚੰਗੀਆਂ" ਕਹਾਣੀਆਂ ਲਿਖ ਕੇ ਭੇਜਦਾ ਹੁੰਦਾ ਸੀ।

ਮਹਿਰਮ ਯਾਰ (ਥਿਕਾ, ਕੇਨੀਆ)

ਦੋ ਸਾਹਿੱਤਕ ਪੱਤਰ

(ਕੁਲਵੰਤ ਸਿੰਘ ਵਿਰਕ ਵੱਲ)

ਪਿਆਰੇ ਵਿਰਕ ਸਾਹਿਬ,

ਆਪ ਦੀ 'ਰੱਬ' ਵਰਗੀ ਚਿੱਠੀ ਮਿਲੀ। ਰੱਬ ਵਰਗੀ ਕਿਉਂ ? 'ਜਿਉਂਦਾ ਰਹਿ ਤੂੰ ਮਿੱਤਰਾ, ਰੱਬ ਵਰਗਾ ਆਸਰਾ ਤੇਰਾ' ਮੈਂ ਸਮਝਦਾ ਸੀ ਕਿ ਚਿੱਠੀ ਦਾ ਜਵਾਬ ਨਾ ਦੇਣ ਦੀ ਮੈਂ ਤਾਂ ਖਤਾ ਕਰ ਨਹੀਂ ਸਕਦਾ ਸੀ, ਮੈਂ ਇਹੀ ਸਮਝਦਾ ਰਿਹਾ ਕਿ ਤੁਸੀਂ ਜਵਾਬ ਦੇਣਾ ਹੈ। ਤੁਹਾਡੇ ਥੋਕ ਦੇ ਲਫਾਫਿਆਂ ਦੀ ਗੱਲ ਪੜ੍ਹਕੇ ਮੈਨੂੰ ਬਹੁਤ ਹੌਸਲਾ ਹੋ ਗਿਆ ਹੈ।

ਮੁਲਕ ਦੀ ਹਾਲਤ ਨਿਘਰਦੀ ਲੱਗਦੀ ਹੈ। ਸ਼ਿਵ ਨੂੰ ਇਨਾਮ ਮਿਲਿਆ, ਗਾਰਗੀ ਸਭਿਅਤਾ ਦਾ ਅਚਾਰੀਆ ਹੋ ਗਿਆ, ਮੀਜ਼ਾ ਨਿਘਰ ਗਿਆ। ਮੇਰਾ ਹਾਲ ਵੀ ਮੁਲਕ ਵਾਂਗੂ ਬਹੁਤ ਨਰਾਸ਼ਾਵਾਦੀ ਹੈ। ਪਿਛੇ ਜਿਹੇ ਇਕ ਨਜ਼ਮ 'ਚ ਇਹ ਖਾਲ ਵੀ ਲਿਖ ਹੋ ਗਈ ਸੀ—ਦਿਲ ਵੀ ਦੇਸ਼ ਜਿਹਾ ਹੁੰਦਾ ਹੈ।

ਮੁਲਕ 'ਚ ਅੰਗਰੇਜ਼ੀ ਦਾ ਬੁਰਾ ਹਾਲ ਹੈ, ਚੰਗਾ ਹੋਇਆ, ਅਫਸੋਸ ਹੈ ਕਿ ਇਸ ਦੀ ਥਾਂ ਹੋਰ ਕੋਈ ਬੋਲੀ ਮੱਲ ਨਹੀਂ ਰਹੀ। ਮੁਲਕ ਦਾ ਬੁਧੀਮਾਨੀ ਤੌਰ ਤੇ ਹਾਲ ਬੁਰਾ ਹੈ। ਫੇਰ ਤਾਂ ਬਿਲਕੁਲ ਜਲੂਸ ਨਿਕਲ ਜਾਵੇਗਾ। ਲੋੜ ਅੰਗਰੇਜ਼ੀ ਵਿਚਾਰਾਂ ਤੋਂ ਅੱਗੇ ਲੰਘਣ ਦੀ ਹੈ। ਇਸੇ ਖਿਆਲ ਨਾਲ ਰੂਸੀ, ਫਰਾਂਸੀਸੀ ਪੜ੍ਹਣ ਦਾ ਖਿਆਲ ਹੈ। 1970 ਵਿਚ ਮੁੜਨਾ ਹੈ, ਪਤਾ ਨਹੀਂ ਕਿੰਨਾ ਕੁ ਪੜ੍ਹ ਸਕਾਂ।

...ਨਾਲ ਦੁਸ਼ਮਣੀ ਦੀ ਬਹੁਤ ਖੁਸ਼ੀ ਹੈ। ਮਾੜੇ ਆਦਮੀ ਦੇ ਵਾਹ ਵਿਚ ਕੀ ਧਰਿਆ ਹੁੰਦਾ ਹੈ। ਹੋਰ ਨਹੀਂ ਤਾਂ, ਇਹਨਾਂ ਦੀ ਸੁਹਬਤ ਵਕਤ ਹੀ ਖਰਾਬ ਕਰਦੀ ਹੈ। ਕਹਾਣੀ ਰਚਨਾ ਤੋਂ ਅਸੰਤੁਸ਼ਟਤਾ ਦੀ ਖਬਰ ਵੀ ਮੈਨੂੰ ਚੰਗੀ ਲੱਗੀ। ਇਹ ਨਵੀਂ ਰੂਹ ਜਾਂ ਜਾਨ ਦੀ ਨਿਸ਼ਾਨੀ ਹੈ। ਸੰਤੁਸ਼ਟਤਾ ਤਾਂ ਬੰਦੇ ਦੀ ਦੁਸ਼ਮਣ ਹੁੰਦੀ ਹੈ। ਮੇਰਾ ਵੀ ਕਵਿਤਾ ਬਾਰੇ ਕਾਇਆ ਕਲਪ ਹੋ ਗਿਆ ਹੈ, ਮੈਂ ਅੰਗਰੇਜ਼ੀ ਕਵਿਤਾ ਤੋਂ ਅਸੰਤੁਸ਼ਟ ਹੋ ਗਿਆ ਹਾਂ। ਇਸ ਕਰਕੇ ਫਰਾਂਸੀਸੀ ਦੀ ਲਾਲਸਾ ਹੈ।

ਮੈਂ ਪੀ. ਐਚ. ਡੀ ਨਹੀਂ ਕਰ ਰਿਹਾ, ਨਾ ਖਿਆਲ ਹੈ। ਪੱਛਮ, ਅੰਗਰੇਜ਼ੀ ਜਮਹੂਰੀ-

ਅਤ ਨਾਲ ਮੇਰਾ ਕੋਈ ਲਗਾਉ ਨਹੀਂ ਰਹਿ ਗਿਆ। ਦੇਸ਼ ਲਈ ਅੰਗਰੇਜ਼ੀ ਵਿਦਵਤਾ ਬੇਲੋੜੀ ਚੀਜ਼ ਹੈ। ਮੁਲਕ ਸਾਹਮਣੇ ਮਹਾਨ ਬੌਧਿਕ ਭਾਵੁਕ ਸਵਾਲ ਹੈ। ਹਿੰਦੂ ਧਰਮ ਨੇ ਅਜੇ ਇਸਲਾਮ ਦੀ ਸੱਟ ਝੱਲੀ ਨਹੀਂ ਸੀ ਕਿ ਪੱਛਮ ਦੀ ਸੱਟ ਵੱਜ ਗਈ। ਸਿੱਖ ਮੱਤ ਨੇ ਇਸਲਾਮ ਦੀ ਸੱਟ ਦਾ ਹੱਲ ਲੱਭ ਲਿਆ ਸੀ। ਹੁਣ ਕੋਈ "ਗੁਰੂ ਦਾ ਸਿੱਖ" ਹੀ ਦੂਸਰੀ ਸੱਟ ਦਾ ਇਲਾਜ ਲੱਭੇਗਾ।

ਮੇਰੀ Encounter ਵਿਚ ਨਿਗਦ ਚੌਧਰੀ ਦੀ ਟੀਕਾ ਟਿੱਪਣੀ ਦਾ ਕੋਈ ਜ਼ਿਕਰ ਸੁਣਿਆ ਹੈ ਕਿ ਨਹੀਂ? ਜ਼ਿਕਰ ਨੂੰ ਛੱਡੋ, ਸਵਾਲ ਪੱਛਮੀ ਸਿਆਸੀ ਸਮਾਜੀ ਵਿਚਾਰਾਂ ਨੂੰ ਦੇਸ਼ ਦੇ ਅਨੁਕੂਲ ਕਰਨਾ ਹੈ। ਪੱਛਮੀ ਬੌਧਿਕਤਾ ਦੀ ਰਾਸ਼ਟਰਕਾਰੀ ਦੀ ਲੋੜ ਹੈ। ਇਸ ਸਮੱਸਿਆ ਨੂੰ ਪੱਛਮ ਦੇ ਬੁਧੀਮਾਨ ਹਲਕੇ ਤਾਂ ਮੰਨਦੇ ਹਨ, ਪਰ ਭਾਰਤ ਵਿਚ ਇਹਦੀ ਕੋਈ ਚੇਤਨਾ ਨਹੀਂ। ਭਾਰਤ ਰਾਤੋ ਰਾਤ 15 ਅਗਸਤ ਨੂੰ 'ਪੱਛਮੀ' ਮੁਲਕ ਹੋ ਗਿਆ।

'Thought' 'ਚ ਲੇਖ ਤੁਹਾਡੇ ਰਾਹੀਂ ਹੀ ਛਪਿਆ ਸੀ। ਇਤਿਹਾਸ ਰਚਨਾ ਵਿਚ ਸ਼ਰੇਣੀ ਵਿਕਲਪ ਦੀ ਘਾਟ 'Century' ਵਾਲੇ ਲੇਖ ਵਿਚ ਸੀ। ਅਕਸਰ ਪਰਤਾਪ ਦੀ ਟੱਕਰ ਕੀ ਸੀ? ਮਾਰਕਸਵਾਦ ਦੀ ਰਾਸ਼ਟਰਕਾਰੀ ਨੂੰ ਸਭ ਕਹਿੰਦੇ ਹਨ, ਪਰ ਕੋਸ਼ਿਸ਼ ਨੂੰ ਨਿੰਦਦੇ ਹਨ। ਮੈਂ ਪ੍ਰਗਤਿਵਾਦੀ ਸ਼ਰੇਣੀ ਭਾਵ ਚਿਤਰਨ ਨੂੰ ਕਾਫੀ ਨਹੀਂ ਮੰਨਦਾ। ਸਵਾਏ ਜ਼ਿੱਲਤ, ਗਿਰਾਵਟ (ਜਿਸ ਵਿਚ ਕਾਮਰੇਡ ਸ਼ਾਮਲ ਹਨ) ਦੇ ਕੁਝ ਨਹੀਂ ਲੱਭਦਾ। ਇਸ ਚੀਜ਼ ਦਾ ਅਨੁਭਵ ਮੈਨੂੰ ਪ੍ਰਵਾਸੀ ਮਜ਼ਦੂਰਾਂ ਤੋਂ ਭਲੀ ਭਾਂਤ ਹੋ ਗਿਆ ਹੈ। ਸਾਹਿਤਕ ਆਸ਼ਾਵਾਦ ਕਾਫੀ ਨਹੀਂ। ਲੋੜ ਲੋਕਾਂ ਦੇ ਭਾਵਾਂ ਨੂੰ ਚਿਤਰਨ ਦੀ ਨਹੀਂ, ਬਦਲਣ ਦੀ ਹੈ। ਇਸ ਲਈ ਲਿਖਾਰੀ ਨੂੰ ਸਿਆਸੀ ਗਾਇਕ ਦੀ ਥਾਂ ਆਪ ਸਿਆਸੀ ਸੰਗਰਾਮੀਆ ਬਣਨਾ ਪਵੇਗਾ। ਇਸੇ ਲਈ ਲਿਖਾਰੀ ਨੂੰ ਆਪ ਸਿਆਸੀ ਦਰਸ਼ਨ ਕਰਮ ਘੜਨਾ ਪਵੇਗਾ। ਪ੍ਰਗਤਿਵਾਦੀ ਕੇਵਲ ਬੇਗਾਨੇ ਸਿਆਸੀ ਕਰਮ ਦੇ ਪ੍ਰਸ਼ੰਸਕ ਹਨ ਆਪ ਕੁਝ ਨਹੀਂ ਕਰਨਾ ਚਾਹੁੰਦੇ।

ਦੂਸਰੇ ਉਹ ਬੇਕਰਮੇ ਦੇ ਨਾਲ ਨਾਲ ਅਣਜਾਣ ਵੀ ਹਨ। ਮਾਰਕਸ ਦੇ ਹਿੰਦ ਬਾਰੇ ਜੋ ਭੁਲੇਖੇ ਹਨ, ਉਹ ਕਾਮਰੇਡ ਇਰਫਾਨ ਹਬੀਬ T. L. S. History Supplement ਆਦਿ 'ਚ ਦੇਖੇ ਜਾ ਸਕਦੇ ਹਨ। ਅਲੀਗੜ੍ਹ ਲੈਕਚਰਰ ਹੈ। ਫੈਲਨ ਨੂੰ ਪੜ੍ਹਕੇ ਪੱਛਮ ਵਾਲੇ ਪਛੜੇ ਦੇਸ਼ਾਂ ਵਿਚ ਲੋਕ ਲਹਿਰ ਦਾ ਮੁਕਾਬਲਾ ਕਰਨ ਦੀ ਸੋਚ ਰਹੇ ਹਨ। ਸ਼ਾਇਦ ਸਾਡੇ ਸਾਥੀਆਂ ਦਾ ਫੈਲਨ ਤੇ ਇਤਬਾਰ ਨਹੀਂ ਬੱਝਦਾ।

ਨਾਵਲ ਜ਼ਰੂਰ ਲਿਖੋ। ਦੁਨੀਆਂ ਦੇ ਕਈ ਚੰਗੇ ਕੰਮ ਕੇਵਲ ਫਰਮਾਇਸ਼ਾਂ ਨਾਲ ਹੁੰਦੇ ਹਨ।

ਛਾਬੜਾ ਦਾ ਰਿਆਇਤੀ ਭਾ ਕੀ ਹੈ? ਮੁੱਲ ਘਟਾ ਦਿਤਾ ਹੈ ਜਾਂ ਅੱਗੇ ਬਲੈਕ ਕਰਦਾ ਸੀ।

ਮੈਂ ਅੱਜ ਕੱਲ ਰੂਸੀ ਪੜ੍ਹਦਾ ਹਾਂ। ਸਤੰਬਰ ਤੱਕ ਦਸਵੀਂ ਪਾਸ ਜੋਗਾ ਹੋ ਜਾਊਂਗਾ। ਨਾਵਲ ਦਾ ਅੰਗਰੇਜ਼ੀ ਵਿਚ ਤਰਜਮਾ ਕੀਤਾ ਗਿਆ ਹੈ। ਟਾਇਮ ਦਾ ਵਿਹਲ ਨਹੀਂ ਮਿਲਦਾ। ਛੱਪ ਤਾਂ ਜਾਵੇਗਾ ਹੀ।

ਵਾਪਸ ਆ ਕੇ ਕੇਵਲ ਖਿਆਲ ਸਿਆਸੀ ਕਰਮ ਦਾ ਹੈ। ਕੁਝ ਨਾ ਵੀ ਹੋਇਆ ਤਾਂ ਵੀ

ਕੋਈ ਗੱਲ ਨਹੀਂ । ਇਥੇ ਆ ਕੇ ਮੇਰੇ ਭਾਵ ਕੇਵਲ ਦਿਹਾੜੀਦਾਰਾਂ ਵਾਲੇ ਹੋ ਗਏ ਹਨ । ਇਸ ਕਰਕੇ ਫੜ ਤਾਂ ਕੀ ਬਹੁਤੀ ਆਸ ਵੀ ਰੱਖਣੀ ਚੰਗੀ ਨਹੀਂ ਲੱਗਦੀ । ਮੀਆਂ ਬੀਵੀ ਮਜ਼ਦੂਰੀ ਕਰਦੇ ਹਾਂ । ਕਾਫੀ ਤੰਗੀ ਦੀ ਜ਼ਿੰਦਗੀ ਹੈ । ਇਸ ਵਿਚ ਕੋਈ ਚਿੰਤਾ ਦੀ ਗੱਲ ਨਹੀਂ । ਮੈਂ ਅਰਥਾਤ ਸਭ ਪਾਸੇ ਤੋਂ ਭਾਵੁਕ, ਬਧੀਮਾਨੀ, ਜੀਵਨ ਨਵੇਂ ਸਿਰੇ ਤੋਂ ਸ਼ੁਰੂ ਕਰ ਰਿਹਾ ਹਾਂ । ਕਿਥੇ ਤਕ ਜਾਣਾ ਹੈ.........।

'ਜ਼ੋਕ ਇਸ ਬਹਿਰੇ ਫਨਾ ਮੇਂ ਕਿਸ਼ਤੀ ਉਮਰੇ ਰਵਾਂ ।'

ਸੁਰਜੀਤ ਹਾਂਸ (ਸਾਊਥਲ)

ਵਿਰਕ ਸਾਹਿਬ,

ਤੁਹਾਡਾ ਖੱਤ ਮੈਨੂੰ ਕਾਫੀ ਦਿਲਚਸਪ ਲੱਗਾ । ਬਹੁਤਾ ਇਸ ਲਈ ਕਿ ਇਹਦੀਆਂ ਸਾਰੀਆਂ ਗੱਲਾਂ ਬੇਤਰਤੀਬ ਨੇ, ਜਾਂ ਮੇਰੇ ਜ਼ਿਹਨ 'ਚ ਤਰਤੀਬ ਨਾਲ ਬੈਠ ਨਹੀਂ ਸਕੀਆਂ । ਪਹਿਲੀ ਗੱਲ ਇਹ ਕਿ **loneliness and self pity** ਬਾਰੇ ਲਿਖਣ ਲਈ ਮੈਂ ਕਦੇ ਨਹੀਂ ਕਿਹਾ । ਇਹ ਗੱਲ ਕਿਸੇ ਹੋਰ ਨੇ ਲਿਖੀ ਹੋਣੀ ਏ ਜਿਹੜੀ ਖਲਤ ਮਲਤ ਹੋ ਗਈ । ਮੈਂ ਆਪ ਇਸੇ ਵਿਸ਼ੇ ਨੂੰ ਪ੍ਰਧਾਨ ਨਹੀਂ ਮੰਨਦਾ । ਜੇ ਕੋਈ ਲਿਖਦਾ ਹੈ ਤਾਂ ਮੈਨੂੰ ਬੁਰਾ ਲੱਗਦਾ ਏ । ਹਾਂ ਪਰ ਜੇ ਕਦੇ ਕਦੇ ਕੋਈ ਚੀਜ਼ ਲਿਖੀ ਜਾਵੇ ਤਾਂ ਆਪ ਨੂੰ ਵੀ ਚੰਗੀ ਲੱਗਦੀ ਹੈ । ਹਿੰਦੀ 'ਚ ਜਿਹੜੇ ਲੋਕੀਂ ਇਹੋ ਜਿਹਾ ਲਿਖ ਰਹੇ ਨੇ, ਉਹ ਆਪ ਸਾਲੇ ਚੰਗਾ ਖਾਂਦੇ ਨੇ, ਚੰਗਾ ਪਹਿਨਦੇ ਨੇ, ਜ਼ਨਾਨੀਆਂ, ਰੋਟੀ ਤੇ ਚੋਪੜੀ ਪਿਛੇ ਭੱਜੇ ਫਿਰਦੇ ਨੇ । ਪਰ ਜਦ ਲਿਖਦੇ ਨੇ ਤਾਂ ਮਰ ਰਹੇ ਉਦਾਸ, ਨਿਰਾਸ ਤੇ ਜ਼ਿੰਦਗੀ ਨੂੰ ਫਜ਼ੂਲ ਸਮਝਣ ਵਾਲੇ ਪਾਤਰਾਂ ਦੀਆਂ ਕਹਾਣੀਆਂ । ਮੈਂ ਜਾਣ ਕੇ 'ਪਾਤਰ' ਲਿਖਿਆ ਹੈ । ਕਿਉਂਕਿ ਇਹੋ ਜਿਹੇ ਲੋਕ ਹੁੰਦੇ ਨੇ ਬਣੇ ਬਣਾਏ ਤੇ ਘੜੇ ਹੋਏ ਪਾਤਰ ਤੇ ਅਹਿਸਾਸ ਮਿਲ ਜਾਂਦੇ ਹਨ । ਫੇਰ ਉਹ ਮੌਤ ਵਰਗੀ ਰੋਗੀ ਜਿਹੀ ਜ਼ਿੰਦਗੀ ਦਾ ਰੋਣਾ ਰੋਣਾ ਉਂਜ ਹੀ ਬੁਰਾ ਲੱਗਦਾ ਹੈ । ਇਹੋ ਜਿਹਾ ਸਾਹਿਤ ਪੜ੍ਹ ਕੇ ਤਾਂ ਬਾਹਰਲੇ ਦੇਸ਼ ਦੇ ਪਾਠਕ ਨੂੰ ਇੰਜ ਲੱਗੇ ਜਿਵੇਂ ਸਾਰੇ ਭਾਰਤ 'ਚ ਮਾਤਮ ਮਨਾਇਆ ਜਾ ਰਿਹਾ ਹੈ । ਲੋਕ ਮਾਤਮੀ ਲਿਬਾਸ ਪਾਈ ਫਿਰਦੇ ਨੇ, ਪਰ ਰੋਂਦੇ ਨਹੀਂ । ਗੁਪਤ ਮਾਤਮ ਕਰ ਰਹੇ ਨੇ ।

ਹੁਣ ਤੁਹਾਨੂੰ ਆਪਣੇ ਖਿਆਲਾਂ ਨੂੰ ਤਰਤੀਬ ਦੇਣ ਦੀ ਕਿਉਂ ਲੋੜ ਨਹੀਂ ਰਹੀ । ਤੇ ਕਿਹੜੇ ਪਾਠਕ ਲੱਭ ਪਏ ਨੇ ਜਿਨ੍ਹਾਂ ਵਾਸਤੇ ਲਿਖਣ ਦੀ ਤਿਆਰੀ ਕੀਤੀ ਜਾ ਰਹੀ ਹੈ । ਪਹਿਲੇ ਪਾਠਕਾਂ ਨਾਲੋਂ ਸਾਕ ਤੋੜ ਕੇ ਨਵਿਆਂ ਨਾਲ ਜੋੜਿਆ ਜਾ ਰਿਹਾ ਹੈ । ਉਹ ਨਵੇਂ ਪਾਠਕ ਕੀ ਮੰਗਦੇ ਹਨ । ਮੈਂ ਅਜੇ ਤਕ ਕੋਈ ਫੈਸਲਾ ਨਹੀਂ ਕਰ ਸਕਿਆ । ਮੈਂ ਤਾਂ ਆਪਣਾ ਪਾਠਕ ਆਪ ਹੀ ਹਾਂ । ਮੈਂ ਕਿਸੇ ਲਈ ਉਹ ਕੁਝ ਨਹੀਂ ਲਿਖ ਸਕਦਾ, ਜਿਹੜਾ ਮੈਨੂੰ ਚੰਗਾ ਨਹੀਂ ਲਗਦਾ । ਇਸੇ ਹਿਸਾਬ ਨਾਲ ਲਿਖਣ ਲਈ ਕਾਫੀ ਕੁਝ ਹੈ । ਪਰ ਹਾਲੇ ਮੈਂ ਪਾਠਕ, ਲੇਖਕ, ਪਬਲਿਸ਼ਰ ਤੇ ਸਰਕਾਰ ਦੀ ਸਾਹਿਤ ਥੀਂ ਬੇਨਿਆਜ਼ੀ ਬਾਰੇ ਸੋਚ ਕੇ ਚੁਪ ਹਾਂ । ਇਸ 'ਚ ਕਿਸੇ ਤੇ ਗਿਲਾ ਨਹੀਂ । ਸਭ ਕੁਝ ਆਪਣੇ ਆਪ ਠੀਕ ਹੋ ਜਾਵੇਗਾ ।

ਜਮੂਦ ਦੀਆਂ ਗੱਲਾਂ ਕਰਨ ਵਾਲਿਆਂ ਲਈ ਦੋ ਖਬਰਾਂ ਨੇ, ਇਕ ਤਾਂ ਇਹ ਕਿ ਪਿਛਲੇ

ਦਿਨੀਂ ਜਦ ਮੈਂ ਸੰਤੋਖ ਸਿੰਘ ਧੀਰ ਨੂੰ ਮਿਲਿਆ ਤਾਂ ਉਸ ਨੇ ਮੈਨੂੰ ਦਸਿਆ ਕਿ ਉਹ ਇਹਨੀਂ ਦਿਨੀਂ ਸੱਤ ਕਹਾਣੀਆਂ ਲਿਖ ਚੁਕਾ ਹੈ। ਦੋ ਲੇਖ ਲਿਖੇ ਨੇ, ਨਾਵਲ ਵੀ ਉਸ ਰਫ਼ਤਾਰ ਨਾਲ ਚਲ ਰਿਹਾ ਹੈ ਜਿਸ ਤਰ੍ਹਾਂ ਕਿ ਉਹਨਾਂ ਦਿਨਾਂ ਤੋਂ ਪਹਿਲਾਂ ਚਲ ਰਿਹਾ ਸੀ ਜਦ ਕਹਾਣੀਆਂ ਨਹੀਂ ਲਿਖੀਆਂ ਜਾ ਰਹੀਆਂ ਸਨ।

ਦੂਜੀ ਖਬਰ ਇਹ ਕਿ ਕਲ ਇੰਗਲੈਂਡ ਤੋਂ ਸੁਰਜੀਤ ਹਾਂਸ ਦੇ ਮਹਾਂਕਾਵਿ ਨਾਟਕ ਦਾ ਖਰੜਾ ਆਇਆ ਹੈ। ਉਸਦੀਆਂ ਤਿੰਨ ਜਿਲਦਾਂ ਹਨ। ਸਫ਼ੇ 365 ਨੇ। ਹਰ ਜਿਲਦ ਅੱਗੇ ਸੱਤ ਸਫ਼ੇ ਦਾ ਮੁਖ ਬੰਦ ਹੈ। ਕਹਾਣੀ ਤਿੰਨ ਪੁਸ਼ਤਾਂ ਦੀ ਹੈ। ਜਿਊਣੇ ਮੌੜ ਤੋਂ ਲੈ ਕੇ ਅੱਜ ਦੀ ਪੁਸਤਾਂ ਤਕ। ਨਾਟਕ ਹੈ ਖੁਲ੍ਹੀ ਜਿਹੀ ਕਵਿਤਾ 'ਚ .....

ਪਰੇਮ ਪ੍ਰਕਾਸ਼ (ਜਲੰਧਰ)

— — — —

ਸੰਪਾਦਕ, ਮੁਦ੍ਰਿਕ, ਪ੍ਰਕਾਸ਼ਕ ਤੇ ਮਾਲਕ ਸ੍ਰੀਮਤੀ ਸੁਲੇਖਾ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਚਹਾਰ ਬਾਗ, ਜਲੰਧਰ ਤੋਂ ਛਪਵਾ ਕੇ 225B, ਮਖਦੂਮਪੁਰਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

ਪ੍ਰਕਾਸ਼ਨ ਮਿਤੀ : 1 ਅਕਤੂਬਰ, 1968

SIRJANA Literary Punjabi Quarterly, Ju''undu
Vol. 4 No. 3, 4 Oct. December 19
Registered with the Registrar of Newspapers for India vide R.N 15/